# ONE YEAR DIPLOMA IN SIKH THEOLOGY

## SEMESTER-II

## COURSE: SIKH THEOLOGIAN

## UNIT 1-BHAI VIR SINGH

**STRUCTURE**

1.0 ਉਦੇਸ਼

1.1 ਜਾਣ-ਪਛਾਣ

1.2 ਜਨਮ ਤੇ ਪਰਿਵਾਰਿਕ ਪਿਛੋਕੜ

1.3 ਸਕੂਲੀ ਵਿਦਿਆ ਤੇ ਪ੍ਰਿੰਸੀਪਲ ਦੀ ਭਵਿੱਖਵਾਣੀ

1.4 ਸਿਖੀ ਪ੍ਰਚਾਰ-ਪ੍ਰਸਾਰ

1.5 ਰਚਨਾਵਾਂ

1.6 ਅਕਾਲ ਚਲਾਣਾ

1.7 ਨਾਵਲਾਂ ਰਾਹੀਂ ਸਿੱਖ ਇਤਿਹਾਸ ਦੀ ਤਰਜਮਾਨੀ

1.9 ਗੁਰਬਾਣੀ ਵਿਆਖਿਆ

1.9 ਸਿੱਖ ਸਿਧਾਂਤਾਂ ਦੀ ਵਿਆਖਿਆ

1.9.1 ਕਵਿਤਾ ਰੂਪ ਵਿਚ ਗੁਰਬਾਣੀ ਵਿਆਖਿਆ

1.10 ਸਾਰ

1.11 ਸਹਾਇਕ ਪੁਸਤਕਾਂ

## 1.0 ਉਦੇਸ਼

ਇਸ ਪਰਚੇ ਦਾ ਮੁਖ ਉਦੇਸ਼ ਸਿੱਖ ਪੰਥ ਦੇ ਮਹਾਨ ਵਿਦਵਾਨ, ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਭਾਈ ਵੀਰ ਸਿੰਘ ਜੀ ਦੀ ਸ਼ਖਸ਼ੀਅਤ ਤੋਂ ਵਿਦਿਆਰਥੀਆਂ ਨੂੰ ਪਰਿਚਿਤ ਕਰਵਾਉਣਾ ਹੈ। ਭਾਈ ਵੀਰ ਸਿੰਘ ਨੇ ਗੁਰਮਤਿ ਸਿਧਾਂਤਾਂ ਦੀ ਨਵੇਕਲੀ ਵਿਆਖਿਆ ਕੀਤੀ ਨਾਲ ਹੀ ਆਪਣੀ ਕਵਿਤਾ ਰਾਹੀਂ ਗੁਰਬਾਣੀ ਦੇ ਉਦੇਸ਼ਾਂ ਨੂੰ ਲੋਕਾਈ ਤਕ ਪਹੁੰਚਾਇਆ।

## 1.1 ਜਾਣ-ਪਛਾਣ

ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਾਵਿ ਦਾ ਮੋਢੀ ਮੰਨਿਆ ਜਾਂਦਾ ਹੈ। ਇਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਪ੍ਰੰਪਰਾਵਾਦੀ ਲੀਹਾਂ ਤੋਂ ਹੱਟਾ ਆਧੁਨਿਕ ਲੀਹਾਂ ਤੇ ਪਾਇਆ। ਮਨੁਖੀ ਜੀਵਨ ਦੇ ਦਾਰਸ਼ਨਿਕ ਪ੍ਰਸੰਗਾਂ ਦੀ ਵਿਆਖਿਆ ਕਰਦਿਆਂ ਭਾਈ ਵੀਰ ਸਿੰਘ ਨੇ ਗੁਰਮਤਿ ਵਿਚਾਰਧਾਰਾ ਦਾ ਪੁਨਰ ਸਥਾਪਨ ਕੀਤਾ। ਇਨ੍ਹਾਂ ਨੇ ਛੋਟੀ ਕਵਿਤਾ, ਮਹਾਂਕਾਵਿ ਤੋਂ ਇਲਾਵਾ ਵਾਰਤਕ ਵਿਚ ਨਾਵਲ, ਨਾਟਕ, ਇਤਿਹਾਸ, ਜੀਵਨੀਆਂ, ਲੇਖਾਂ ਤੇ ਸਾਖੀਆਂ ਆਦਿ ਦੀ ਰਚਨਾ ਕਰਨ ਦੀ ਪਹਿਲ ਕੀਤੀ।

## 1.2 ਜਨਮ ਤੇ ਪਰਿਵਾਰਿਕ ਪਿਛੋਕੜ

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈਸਵੀ ਵਿਚ ਹੋਇਆ। ਇਹ ਦੀਵਾਨ ਕੌੜਾ ਮੱਲ ਦੇ ਖਾਨਦਾਨ ਵਿਚੋਂ ਸਨ, ਜਿਸ ਨੇ ਪੰਜਾਬ ਦੇ ਗਵਰਨਰ ਮੀਰ ਮਨੂੰ (1748-53) ਦੇ ਸਮੇ ਸਿੱਖਾਂ ਦੀ ਮਦਦ ਕੀਤੀ ਸੀ, ਇਸੇ ਲਈ ਸਿੱਖ ਇਸ ਨੂੰ ਮਿੱਠਾ ਮੱਲ ਕਹਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਭਾਈ ਵੀਰ ਸਿੰਘ ਜੀ ਦੇ ਦਾਦਾ ਭਾਈ ਕਾਹਨ ਸਿੰਘ ਜੀ (1798-1878) 1830 ਈਸਵੀ ਵਿਚ ਅੰਮ੍ਰਿਤਸਰ ਆ ਕੇ ਰਹਿਣ ਲਗੇ। ਇਹ ਦੁਆ ਦਰਮਲ ਦੇ ਕੰਮ ਵਿਚ ਬਹੁਤ ਸਿਆਣੇ ਸਨ। ਇਸ ਲਈ ਇਹ ਛੇਤੀ ਹੀ ਅੰਮ੍ਰਿਤਸਰ ਦੇ ਪ੍ਰਸਿੱਧ ਹਕੀਮਾਂ ਵਿਚ ਗਿਣੇ ਜਾਣ ਲਗੇ। 1853 ਈਸਵੀ ਵਿਚ ਇਨ੍ਹਾਂ ਦੇ ਘਰ ਚਰਨ ਸਿੰਘ ਨੇ ਜਨਮ ਲਿਆ। ਚਰਨ ਸਿੰਘ ਨੇ ਆਪਣੇ ਪਿਤਾ ਕੋਲੋਂ ਵੈਦਕ ਦਾ ਕੰਮ ਸਿਖਿਆ ਅਤੇ ਕੁਝ ਸਮੇਂ ਪਿਛੋਂ ਇਹ ਇਕ ਉਘੇ ਵੈਦ ਬਣ ਗਏ। ਇਨ੍ਹਾਂ ਦਾ ਵਿਆਹ 1869 ਈਸਵੀ ਵਿਚ ਗਿਆਨੀ ਹਜਾਰਾ ਸਿੰਘ ਦੀ ਪੁੱਤਰੀ ਨਾਲ ਹੋਇਆ। ਗਿਆਨੀ ਹਜਾਰਾ ਸਿੰਘ ਗੁਰਮਤਿ ਦੇ ਵਿਦਵਾਨ ਸਨ। ਗਿਆਨੀ ਹਜਾਰਾ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਸਟੀਕ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਕੋਸ਼ ਵੀ ਤਿਆਰ ਕੀਤਾ ਜੋ ਬਾਅਦ ਵਿਚ ਭਾਈ ਵੀਰ ਸਿੰਘ ਜੀ ਨੇ ਸੋਧ ਕੇ ਛਪਾਇਆ। ਭਾਈ ਵੀਰ ਸਿੰਘ ਜੀ ਦਾ ਪਰਿਵਾਰਕ ਪਿਛੋਕੜ ਦੇਣ ਤੋਂ ਇਥੇ ਕੇਵਲ ਤੇ ਕੇਵਲ ਇਹੋ ਭਾਵ ਹੈ ਕਿ ਦੇਸ਼ ਕੌਮ ਦਾ ਪਿਆਰ ਅਤੇ ਗੁਰਮਤਿ ਦੇ ਸਿਧਾਂਤ ਉਨ੍ਹਾਂ ਦੇ ਖ਼ੂਨ ਵਿਚ ਸਨ ਜੋ ਉਨ੍ਹਾਂ ਨੂੰ ਆਪਣੇ ਬਜ਼ੁਰਗਾਂ ਤੋਂ ਵਿਰਾਸਤ ਵਿਚ ਮਿਲਿਆ। ਇਸ ਲਈ ਉਨ੍ਹਾਂ ਦਾ ਪ੍ਰਭਾਵ ਭਾਈ ਵੀਰ ਸਿੰਘ ਦੀ ਸਖ਼ਸ਼ੀਅਤ ਉਪਰ

ਪੈਣਾ ਸੁਭਾਵਿਕ ਸੀ। ਬਚਪਨ ਤੋਂ ਵੀਰ ਸਿੰਘ ਇਕ ਅਸਾਧਾਰਨ ਬਾਲਕ ਸੀ, ਪੜ੍ਹਾਈ ਵਿਚ ਬੁੱਧੀ ਤੀਬਰ ਸੀ। ਛੋਟੀ ਉਮਰੇ ਹੀ ਉਸ ਦਾ ਸ਼ੀਲ ਸੰਜਮ, ਦ੍ਰਿੜਤਾ ਦੀ ਸਾਧਨਾ ਦੁਆਰਾ ਪਵਿਤਰਤਾ ਵਿਚ ਸਥਿਰ ਹੋ ਗਿਆ ਸੀ। ਉਸ ਦੀ ਇਸ਼ਟ ਭਾਵਨਾ ਇਕ ਸਨੇਹ ਭਰਪੂਰ ਜਜ਼ਬੇ ਦੀ ਸੂਰਤ ਵਿਚ ਹਿਰਦੇ ਅੰਦਰ ਪ੍ਰੇਮ ਸਰੂਪ ਧਾਰਨ ਕਰਕੇ ਬੈਠ ਗਈ। ਇਸ ਤਰ੍ਹਾਂ ਤਿੰਨ ਧਾਰਾਂ ਸਨ ; ਇਕ ਬੁਧੀਮਤਾ ਦੀ, ਦੂਜੀ ਸ਼ੀਲ ਸੰਜਮ ਦੀ, ਤੀਜੀ ਇਸ਼ਟ ਪ੍ਰੇਮ ਦੀ। ਇਹ ਤਿੰਨੇ ਹੀ ਇਕ ਕਲੀ ਦੇ ਰੂਪ ਵਿਚ ਬੰਦ ਸਨ। ਇਹ ਕਲੀ ਵੀਰ ਸਿੰਘ ਦੀ ਬਾਲ ਵਰੇਸ ਦੇ ਹਿਰਦੇ ਕਮਲ ਦੀ ਡੋਡੀ ਸੀ, ਜੋ ਸਮੇਂ ਨਾਲ ਹੌਲੀ ਹੌਲੀ ਖਿੜਦੀ ਗਈ। ਇਸ ਖੇੜੇ ਦਾ ਦਰਜੇਵਾਰ ਵਿਕਾਸ ਭਾਈ ਵੀਰ ਸਿੰਘ ਜੀ ਦੀ ਜੀਵਨ ਕਥਾ ਹੈ।

### 1.3 ਸਕੂਲੀ ਵਿਦਿਆ ਤੇ ਪ੍ਰਿੰਸੀਪਲ ਦੀ ਭਵਿੱਖਵਾਣੀ

ਸਕੂਲ ਦੀ ਪੜ੍ਹਾਈ ਦਸਵੀਂ ਜਮਾਤ ਪਾਸ ਕਰਨ ਨਾਲ ਹੀ ਖ਼ਤਮ ਹੋ ਗਈ ਸੀ। ਮਿਸ਼ਨ ਸਕੂਲ ਦੇ ਅੰਗਰੇਜ਼ ਪ੍ਰਿੰਸੀਪਲ ਨੇ ਸਰਟੀਫਿਕੇਟ ਵਿਚ ਜੋ ਸਤਰਾਂ ਦਰਜ ਕੀਤੀਆਂ "ਇਹ ਨਿਰੋਲ ਸਚਾ, ਖਰਾ ਤੇ ਈਮਾਨਦਾਰ ਲੜਕਾ ਹੈ ਤੇ ਇਕ ਚੰਗੇ ਖਾਨਦਾਨ ਦਾ ਬਚਾ ਹੈ ਸਹੀ ਹੁੰਦਾ ਹੈ ਕਿ ਇਸ ਦੁਨੀਆਂ ਲਈ ਇਹ ਬੜਾ ਉਪਕਾਰੀ ਸਾਬਤ ਹੋਵੇਗਾ। ਮੈਨੂੰ ਭਰੋਸਾ ਹੈ ਕਿ ਜੋ ਕੁਝ ਵੀ ਕਰੇਗਾ, ਇਸ ਦੇ ਕੰਮਾਂ ਉਪਰ ਪਰਮਾਤਮਾ ਦੀ ਬਰਕਤ ਅਤੇ ਰਹਿਮਤ ਹੋਵੇਗੀ"। ਜਿਲ੍ਹੇ ਵਿਚੋਂ ਪਹਿਲੇ ਨੰਬਰ ਉਤੇ ਰਹਿਣ ਕਰਕੇ ਆਪ ਜੀ ਨੂੰ ਡਿਸਟ੍ਰਿਕਟ ਬੋਰਡ ਵਲੋਂ ਇਕ ਸੋਨੇ ਦਾ ਤਗ਼ਮਾ ਦਿਤਾ ਗਿਆ ਜਿਸ ਦਾ ਵਜਨ 10 ਤੋਲੇ ਸੀ।

### 1.4 ਸਿਖੀ ਪ੍ਰਚਾਰ-ਪ੍ਰਸਾਰ

ਉਸ ਤੋਂ ਬਾਅਦ ਆਪ ਜੀ ਨੂੰ ਨਾਇਬ ਤਹਿਸੀਲਦਾਰ ਦਾ ਅਹੁਦਾ ਸਰਕਾਰ ਨੇ ਦੇਣਾ ਚਾਹਿਆ ਪਰ ਆਪ ਜੀ ਨੇ ਆਜਾਦ ਰਹਿ ਕੇ ਹੀ ਸਿੱਖ ਕੌਮ ਦੀ ਸੇਵਾ ਕਰਨ ਨੂੰ ਤਰਜੀਹ ਦੇਂਦਿਆਂ ਆਪਣੇ ਸਾਥੀ ਭਾਈ ਵਜੀਰ ਸਿੰਘ ਨਾਲ ਰਲਕੇ ਵਜੀਰ ਹਿੰਦ ਪ੍ਰੈਸ ਖੋਲ੍ਹੀ ਜਿਸ ਦਾ ਮੁੱਖ ਮਕਸਦ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਸੀ, ਜਿਸ ਨੂੰ ਭਾਈ ਵੀਰ ਸਿੰਘ ਜੀ ਨੇ ਬੜੀ ਸੰਜੀਦਗੀ ਨਾਲ ਨਿਭਾਉਂਦਿਆਂ ਇਕ ਨਹੀਂ ਅਨੇਕਾਂ ਕਿਤਾਬਾਂ ਲਿਖ ਕੇ ਪੂਰਾ ਹੀ ਨਹੀਂ ਕੀਤਾ ਬਲਕਿ ਵੀਹਵੀਂ ਸਦੀ ਵਿਚ ਸਿੱਖ ਪੁਨਰ ਜਾਗ੍ਰਤੀ ਲਹਿਰ ਨੂੰ ਪ੍ਰਜਵਲਤ ਕੀਤਾ ਅਤੇ ਸਿੱਖ ਕੌਮ ਨੂੰ ਆਧੁਨਿਕ ਚੁਨੌਤੀਆਂ ਦਾ ਸਾਹਮਣਾ ਕਰਣ ਦੇ ਸਮਰਥ ਵੀ ਬਣਾਇਆ। ਭਾਈ ਵੀਰ ਸਿੰਘ ਜੀ ਦੀ ਕਿਸੇ ਵੀ ਰਚਨਾ ਨੂੰ ਪੜ੍ਹ ਕੇ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਉਨ੍ਹਾ ਦੀ ਹਰ-ਇਕ ਰਚਨਾ ਗੁਰਬਾਣੀ ਦੀ ਹੀ ਵਿਆਖਿਆ ਹੈ। ਕਿਉਂਕਿ ਗੁਰਮਤਿ ਉਨ੍ਹਾਂ ਦੇ ਰਗ-ਰਗ ਵਿਚ ਮੌਜੂਦ ਹੈ। ਪ੍ਰੋ. ਪੂਰਨ ਸਿੰਘ ਭਾਈ ਸਾਹਿਬ ਜੀ ਦੀ ਲੇਖਣੀ ਬਾਰੇ ਜ਼ਿਕਰ ਕਰਦੇ ਹਨ ਕਿ "ਭਾਈ ਸਾਹਿਬ ਦੀ ਗਦ ਅਤੇ ਪਦ ਵਿਚ ਉਚੇ ਸਿਖ ਖਾਲਸਾ ਜੀਵਨ ਦੇ ਜੀਂਦੇ-ਜਾਗਦੇ, ਹਿਲਦੇ-ਜੁਲਦੇ ਬੁਤ ਸਦਾ ਲਈ ਖੜ੍ਹੇ ਕਰ ਦਿਤੇ ਹਨ ; ਜੋ ਲੇਖਣੀ ਨਹੀਂ, ਬੁਤ ਤਰਾਸ਼ਣੀ ਹੈ"। ਸ੍ਰੀ ਗੁਰੂ ਗ੍ਰੰਥ ਕੋਸ਼ ਦੀ ਭੂਮਿਕਾ ਵਿਚ ਪ੍ਰੋ. ਪੂਰਨ ਸਿੰਘ ਜੀ ਦੁਆਰਾ ਲਿਖੇ ਸ਼ਬਦ ਉਨ੍ਹਾਂ

ਦੀ ਆਦਰਸ਼ ਲੇਖਣੀ ਦਾ ਗਿਆਨ ਕਰਾਉਂਦੇ ਹਨ : "ਅੰਤਮ ਸੂਚਨਾ ਇਹ ਹੈ ਕਿ ਇਸ ਲੇਖਣੀ ਨੇ ਚਾਹੇ-ਕਾਵਯ ਗ੍ਰੰਥ ਲਿਖੇ, ਚਾਹੇ ਪੁਰਾਤਨ ਖਾਲਸੇ ਦੇ ਜੀਵਨ ਚਰਿਤ੍ਰ ਲਿਖੇ, ਚਾਹੇ ਗੁਰੂ ਸਾਹਿਬਾਨ ਦੇ ਜੀਵਨ, ਗੁਰੂ ਕਲਗੀਧਰ, ਅਥਵਾ ਗੁਰੂ ਬਾਬੇ ਦੇ ਚਮਤਕਾਰ ਲਿਖੇ, ਚਾਹੇ ਹੁਣ ਇਹ ਕੋਸ਼ ਰਚਿਆ, ਸੁਨੇਹਾ ਇਕੋ ਹੈ.........ਆਪ ਦਾ ਕੇਂਦਰੀ ਸੁਨੇਹਾ ਓਹੋ ਹੈ ਜੋ ਆਪ ਦੇ ਰਚੇ ਸਾਰੇ ਗ੍ਰੰਥਾਂ ਵਿਚ ਦੀਪਮਾਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਯਕ ਮਹਾਨਤਾ ਜੋ ਸਦਾ ਸੁੱਚੀ, ਸਰਬ ਕਲਾ ਸਪੰਨ, ਪੂਰਣਤਾ ਨਾਲ ਭਰੀ ਪਈ ਹੈ, ਦੇਖਣ ਤੇ ਅਨੁਭਵ ਕਰਨ ਦਾ ਫਲ ਵੀ ਸਿਖ ਸੁਰਤਿ ਤੇ ਇਹ ਹੋਵੇ ਕਿ 'ਸਭ ਤੇ ਵਡਾ ਸਤਿਗੁਰੁ ਨਾਨਕ ਜਿਨਿ ਕਲ ਰਾਖੀ ਮੇਰੀ'। ਤੇ ਇਕ ਖਿਚ ਇਕ ਪਯਾਰ ਉਨ੍ਹਾਂ ਦੇ ਚਰਨਾ ਨਾਲ ਪਵੇ ਤੇ ਦਿਲ ਧੜਕੇ, ਨੈਣ ਸਜਲ ਹੋਣ, ਹੋਠ ਕੰਬਣ ਤੇ ਨਾਮ ਸਿਮਰਨ ਦਾ ਉਚਾ ਜੀਵਨ ਸਿਖਾਂ ਵਿਚ ਮੁੜ ਆਵੇ ਤੇ ਉਹ ਸਤਿਗੁਰੂ ਜੀ ਦੇ ਆਦਰਸ਼ ਦੀਆਂ ਜੋਤਾਂ ਵਾਂਗ ਉਚਾਈਆਂ ਹੋਣ.".....।

## 1.5 ਰਚਨਾਵਾਂ

1892 ਈਸਵੀ ਵਿਚ ਵਜੀਰ ਹਿੰਦ ਪ੍ਰੈਸ ਖੋਲ੍ਹਣ ਪਿਛੋਂ ਆਪ ਨੇ ਇਕ ਉਰਦੂ ਲੁਗਾਤ ਅਤੇ ਹੋਰ ਕਈ ਸਕੂਲ ਦੀਆਂ ਪੁਸਤਕਾਂ ਦਾ ਉਲੱਥਾ ਕੀਤਾ। 1893 ਈਸਵੀ ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਰੱਖੀ ਅਤੇ 1898 ਈਸਵੀ ਵਿਚ ਸੁੰਦਰੀ ਨਾਵਲ ਲਿਖਿਆ। ਇਸ ਤੋਂ ਉਪਰੰਤ ਗੁਰਬਾਣੀ ਵਿਆਖਿਆਕਾਰੀ ਨੂੰ ਘਰ-ਘਰ ਪਹੁੰਚਾਣ ਲਈ ਹਫ਼ਤਾਵਾਰੀ ਖ਼ਾਲਸਾ ਸਮਾਚਾਰ ਜਾਰੀ ਕੀਤਾ। 1899 ਈਸਵੀ ਵਿਚ ਬਿਜੈ ਸਿੰਘ, 1900 ਵਿਚ ਸਤਵੰਤ ਕੌਰ ਨਾਵਲ ਲਿਖਿਆ। 1925 ਵਿਚ ਕਲਗੀਧਰ ਚਮਤਕਾਰ, 1928 ਵਿਚ ਗੁਰੂ ਨਾਨਕ ਚਮਤਕਾਰ, 1951 ਵਿਚ ਅਸ਼ਟਗੁਰ ਚਮਤਕਾਰ, 1940 ਵਿਚ ਜੀਵਨ ਭਾਈ ਗੁਰਦਾਸ, 1955 ਵਿਚ ਗੁਰ ਬਾਲਮ ਸਾਖੀਆਂ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ, ਪ੍ਰੀਤ ਵੀਣਾ, ਕੰਤ ਮਹੇਲੀ, ਕੰਬਦੀ ਕਲਾਈ ਅਤੇ ਮੇਰੇ ਸਾਈਆਂ ਜੀਓ ਆਪ ਦੀਆਂ ਪ੍ਰਮੁਖ ਕਾਵਿ ਰਚਨਾਵਾਂ ਹਨ। ਮੇਰੇ ਸਾਈਆਂ ਜੀਓ ਪੁਸਤਕ ਤੇ ਭਾਈ ਵੀਰ ਸਿੰਘ ਨੂੰ ਭਾਰਤ ਸਰਕਾਰ ਦਾ ਸਾਹਿਤਯ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ।

## 1.6 ਅਕਾਲ ਚਲਾਣਾ

1956 ਈਸਵੀ ਵਿਚ ਆਪ ਜੀ ਨੂੰ ਪਦਮ ਭੂਸ਼ਣ ਦੀ ਉਪਾਧੀ ਨਾਲ ਸਨਮਾਨਿਆ ਗਿਆ। ਜੂਨ 1957 ਦੇ ਪਹਿਲੇ ਹਫਤੇ ਇਨ੍ਹਾਂ ਨੂੰ ਬੁਖਾਰ ਹੋ ਗਿਆ। ਡਾਕਟਰਾਂ ਨੇ ਇਨ੍ਹਾਂ ਨੂੰ ਮੁਕੰਬਲ ਆਰਾਮ ਕਰਨ ਲਈ ਕਿਹਾ ਪਰ ਜਿਹੜੇ ਇਹ ਉਪਦੇਸ਼ ਕਰਦੇ ਹੋਣ ਉਹ ਆਰਾਮ ਨਾਲ ਕਿਵੇਂ ਬੈਠ ਸਕਦੇ ਹਨ-

'ਸੀਨੇ ਖਿਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ' ਅੰਤ 10 ਜੂਨ 1957 ਈਸਵੀ ਨੂੰ ਇਹ ਕਵੀਂ ਸਭ ਨੂੰ ਅਲਵਿਦਾ ਕਹਿ ਕੇ ਇਸ ਦੁਨਿਆ ਤੋਂ ਵਿਦਾ ਹੋ ਗਿਆ।

## 1.7 ਨਾਵਲਾਂ ਰਾਹੀਂ ਸਿੱਖ ਇਤਿਹਾਸ ਦੀ ਤਰਜਮਾਨੀ

ਭਾਈ ਵੀਰ ਸਿੰਘ ਦੇ ਨਾਵਲ ਸਿਰਜਣ ਦਾ ਮਨੋਰਥ ਇਸ ਗੱਲ ਵਿਚ ਹੈ ਕਿ ਉਹ ਈਸਾਈ ਧਰਮ ਤੇ ਪੱਛਮੀ ਸਭਿਆਚਾਰ ਦੇ ਮੁਕਾਬਲੇ ਸਿੱਖ ਧਰਮ ਤੇ ਦੇਸੀ ਸਭਿਆਚਾਰ ਦੀ ਵਡੱਤਣ ਸਥਾਪਿਤ ਕਰਨ ਦਾ ਯਤਨ ਕਰਦਾ ਹੈ। ਇਹੋ ਕਾਰਣ ਹੈ ਕਿ ਭਾਈ ਵੀਰ ਸਿੰਘ ਸਿੱਖ ਇਤਿਹਾਸ ਦੇ ਅਠਾਰਵੀਂ ਸਦੀ ਦੇ ਗੌਰਵਮਈ ਤੇ ਸੰਘਰਸ਼ਸ਼ੀਲ ਇਤਿਹਾਸ ਨੂੰ ਆਪਣੇ ਨਾਵਲਾਂ ਵਿਚ ਪੁਨਰ-ਸੁਰਜੀਤ ਕਰਦਾ ਹੈ। ਭਾਈ ਵੀਰ ਸਿੰਘ ਦੇ ਪਹਿਲੇ ਮੌਲਿਕ ਨਾਵਲ 'ਸੁੰਦਰੀ' ਵਿਚ ਸੁੰਦਰੀ ਨੂੰ ਇਕ ਆਦਰਸ਼ਕ ਸਿੱਖ ਔਰਤ ਦੇ ਰੂਪ ਵਿਚ ਪੇਸ਼ ਕੀਤਾ ਗਿਆ ਜੋ ਮੁਗਲਾਂ ਦੇ ਕਬਜ਼ੇ ਵਿਚ ਰਹਿਣ ਦੇ ਬਾਵਜੂਦ ਵੀ ਆਪਣਾ ਸਿਦਕ ਨਹੀਂ ਹਾਰਦੀ। 'ਸਤਵੰਤ ਕੌਰ' ਨਾਵਲ ਵਿਚ ਸਿੱਖ ਆਸ਼ਿਆਂ ਦੀ ਗੱਲ ਕੀਤੀ ਗਈ ਹੈ। ਸਿੱਖ ਫਲਸਫੇ ਦੀ ਇਸ ਨਾਵਲ ਵਿਚ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ ਹੈ। ਨਾਵਲ 'ਬਿਜੈ ਸਿੰਘ' ਵਿਚ ਵੀ ਇਕ ਆਦਰਸ਼ਕ ਸਿੱਖ ਦੇ ਗੁਣਾਂ ਨੂੰ ਪੇਸ਼ ਕੀਤਾ ਗਿਆ ਹੈ। 'ਬਾਬਾ ਨੌਧ ਸਿੰਘ' ਵਿਚ ਪੰਜਾਬੀ ਸਭਿਆਚਾਰ ਤੇ ਜੀਵਨ ਮੁੱਲਾਂ ਨੂੰ ਪੱਛਮੀ ਮੁੱਲਾਂ ਦੇ ਮੁਕਾਬਲੇ ਵਡਿਆਇਆ ਹੈ। ਇਸ ਪ੍ਰਕਾਰ ਭਾਈ ਸਾਹਿਬ ਨੇ ਆਪਣੇ ਨਾਵਲਾਂ ਰਾਹੀਂ ਸਿੱਖ ਇਤਿਹਾਸ ਨੂੰ ਪਾਠਕਾਂ ਸਾਹਮਣੇ ਸਚਿੱਤਰ ਰੂਪ ਵਿਚ ਪੇਸ਼ ਕੀਤਾ ਹੈ।

## 1.8 ਗੁਰਬਾਣੀ ਵਿਆਖਿਆ

ਭਾਈ ਵੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਦੇਸ਼ ਨੂੰ ਗ੍ਰਹਿਣ ਕੀਤਾ, ਉਸ ਦੇ ਅਧਿਆਤਮਕ ਪ੍ਰਭਾਉ ਨੂੰ ਆਪਣੇ ਅੰਦਰ ਜਜ਼ਬ ਕੀਤਾ, ਉਸ ਜਜ਼ਬਾਤੀ ਰੰਗ ਨੂੰ ਆਪਣੀ ਰੂਹਾਨੀਅਤ ਵਿਚ ਢਾਲ ਕੇ ਇਕ ਮਿਕ ਕੀਤਾ। ਇਸ ਕਰਕੇ ਉਹਨਾਂ ਦੀ ਕਵਿਤਾ ਵਿਚੋਂ ਵੀ ਗੁਰਬਾਣੀ ਆਸ਼ੇ ਦੀ ਵਿਆਖਿਆ ਹੋ ਰਹੀ ਹੈ। ਵਿਆਖਿਆਕਾਰੀ ਦੇ ਖੇਤਰ ਵਿਚ ਪੰਜ ਗ੍ਰੰਥੀ ਸਟੀਕ, ਅਤੇ ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਰਠਿ ਰਾਗ ਤੱਕ) ਹੀ ਕੀਤੀ। ਜਿਸ ਨੂੰ ਬਾਅਦ ਵਿਚ ਆਪ ਜੀ ਦੇ ਛੋਟੇ ਭਰਾ ਡਾ. ਬਲਵੀਰ ਸਿੰਘ ਜੀ ਨੇ ਛਪਾਇਆ। ਡਾ. ਬਲਬੀਰ ਸਿੰਘ ਜੀ ਭਾਈ ਸਾਹਿਬ ਦੀ ਪ੍ਰਤਿਭਾ ਦੀ ਵਿਸ਼ੇਸ਼ਤਾ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ "ਭਾਈ ਸਾਹਿਬ ਜੀ ਦੀ 'ਸੰਥਯਾ' ਗੁਰੂ ਨਾਨਕ ਦੇ ਵਿਸ਼ਾਲ ਮਨ ਦੀ ਮਤਾਲਿਆ ਹੈ, ਜਿਸ ਤਨਮਯਤਾ ਨਾਲ ਉਹ ਏਸ ਕਾਰਜ ਵਿਚ ਨਿਮਗਨ ਰਹੇ ਹਨ, ਉਸ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਆਪਣੇ ਟੀਕੇ ਦੇ ਅਰਥ ਭਾਵ ਵਿਚ ਤਦਰੂਪ ਹੋਏ ਹੋਏ ਵਿਲੀਨ ਹੋ ਗਏ"। ਭਾਈ ਸਾਹਿਬ ਜੀ ਆਪ ਇਸ ਟੀਕੇ ਬਾਰੇ ਲਿਖਦੇ ਹਨ ਕਿ ਇਸ ਪੁਸਤਕ ਦਾ ਨਾਮ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਿਉਂ ਹੈ? ਇਸ ਦਾ ਨਾਮ ਕੋਈ ਵਡੇਰਾ ਹੋਣਾ ਚਾਹੀਦਾ ਸੀ। ਇਸ ਵਿਚ ਜੋ ਮੂਲ ਹੈ ਉਹ ਤਾਂ ਵੱਡੀ ਤੋਂ ਵੱਡੀ ਵਸਤੂ ਹੈ, ਉਹ ਧੁਰ ਕੀ ਬਾਣੀ ਹੈ, ਜੋ ਗੁਰੂ ਹੈ, ਅੰਮ੍ਰਿਤ ਭਰਪੂਰ ਹੈ। ਅਗਮ ਅਗਾਧ ਦੀ ਬਾਣੀ ਹੋਣ ਕਰਕੇ ਆਪ ਅਗਾਧ ਹੈ, ਪਰ ਇਸ ਦੇ ਅਰਥ ਤੇ ਭਾਵ ਆਦਿਕ ਜੋ ਇਸ ਵਿਚ ਲਿਖੇ ਗਏ ਹਨ, ਉਹ ਇਕ ਅਲਪੱਗ ਜੀਵ ਦਾ ਪ੍ਰਯਤਨ ਹੈ, ਇਸ ਨੂੰ ਸਮਝਣ ਦਾ; ਤੇ ਜਿਥੋਂ ਤਕ ਇਸੇ ਬਾਣੀ

ਦੀ ਸਹਾਇਤਾ ਨਾਲ ਇਸ ਦੀ ਵੱਧ ਤੋਂ ਵੱਧ ਸਮਝ ਆ ਸਕੇ ਓਹ ਇਸ ਦੇ ਚਰਨਾ ਵਿਚ ਬੈਠ ਕੇ ਇਸ ਤੋਂ ਪ੍ਰਾਪਤ ਕੀਤੀ ਜਾਵੇ। ਇਸ ਕਰਕੇ ਇਹ ਇਕ ਤਰ੍ਹਾਂ ਸੰਥਜਾ ਹੈ ਜੋ ਬਾਣੀ ਦੀ ਸ਼ਰਣ ਲਿਆਂ ਵਿਦਿਯਾਰਥੀ ਵਾਂਙੂੰ ਮਿਲੀ ਹੈ, ਇਹ ਮੁਤਾਲਿਆ ਹੈ ਗੁਰਬਾਣੀ ਦੀ, ਤੇ ਕਰਨ ਵਾਲੇ ਦੀ ਅਲਪੱਗਤਾ ਦੇ ਕਾਰਣ ਕੋਈ ਅਭੁੱਲਤਾ ਦਾ ਦਾਵਾ ਨਹੀਂ"। ਵਿਆਖਿਆ ਕਰਦੇ ਸਮੇਂ ਦੀ ਆਪ ਜੀ ਦੀ ਆਤਮਕ ਦਸ਼ਾ ਬਾਰੇ ਡਾ. ਬਲਬੀਰ ਸਿੰਘ ਜੀ ਲਿਖਦੇ ਹਨ ਕਿ "ਭਾਈ ਸਾਹਿਬ ਜਿਸ ਵੇਲੇ ਅਰਥ ਅਤੇ ਵਿਆਖਿਆ ਕਰਦੇ ਹਨ ਤਾਂ ਉਹ ਕਿਸੇ ਹੋਰ ਰੰਗ ਵਿਚ ਚਲੇ ਜਾਂਦੇ ਹਨ"। ਆਪ ਜੀ ਦੀ ਵਿਆਖਿਆ ਨੂੰ ਵਿਭਿੰਨ ਪਹਿਲੂਆਂ ਨੂੰ ਆਧਾਰ ਬਣਾ ਕੇ ਵੇਖਣ ਦਾ ਯਤਨ ਕੀਤਾ ਗਿਆ ਹੈ। ਭਾਈ ਸਾਹਿਬ ਦੁਆਰਾ ਕੀਤੀ ਵਿਆਖਿਆਕਾਰੀ ਦੇ ਅਧਿਐਨ ਤੋਂ ਬਾਅਦ ਕੁਝ ਸਿਧਾਂਤ/ਲੱਛਣ ਜੋ ਦ੍ਰਿਸਟੀਗੋਚਰ ਹੁੰਦੇ ਹਨ ਉਹ ਨਿਮਨ ਪ੍ਰਕਾਰ ਹੈ-

1. **ਪ੍ਰਾਕਥਨ**
2. **ਮੂਲ ਤੇ ਅਰਥ**
3. **ਵਿਆਖਿਆ**
4. **ਨਿਰੁਕਤ**
5. **ਤੁਲਨਾਤਮਕ ਵਿਆਖਿਆ**
6. **ਗੁਰਮਤਿ ਸਿਧਾਂਤ**
7. **ਸਾਧਨ ਪੱਖ**
8. **ਠੇਠ ਪੰਜਾਬੀ**
9. **ਵੇਦ ਅਤੇ ਹੋਰ ਧਾਰਮਿਕ ਗ੍ਰੰਥਾਂ ਵਿਚੋਂ ਹਵਾਲੇ**

### 1.8.1 ਪ੍ਰਾਕਥਨ

ਭਾਈ ਵੀਰ ਸਿੰਘ ਜੀ ਨੇ ਆਪਣੇ ਨਾਨਾ ਗਿਆਨੀ ਹਜਾਰਾ ਸਿੰਘ ਜੀ ਪਾਸੋਂ ਗੁਰਬਾਣੀ ਅਤੇ ਗੁਰਮਤਿ ਦੀ ਵਿਦਿਆ ਹਾਸਿਲ ਕੀਤੀ ਸੀ ਜੋ ਕਿ ਸੰਪ੍ਰਦਾਇ ਵਿਦਵਾਨ ਸਨ ਇਸ ਲਈ ਭਾਈ ਵੀਰ ਸਿੰਘ ਜੀ ਦੀ ਮੁਢਲੇ ਦੌਰ ਦੀ ਵਿਆਖਿਆਕਾਰੀ ਵਿਚ ਇਸ ਦਾ ਅਸਰ ਸਪੱਸ਼ਟ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਪਰ ਸੰਥਯਾ ਵਰਗੇ ਵਡੇ ਕਾਰਜ ਨੂੰ ਕਰਦਿਆਂ ਉਨ੍ਹਾਂ ਨੇ ਗੁਰਬਾਣੀ ਵਿਆਖਿਆਕਾਰੀ ਦੀ ਨਵੀ ਵਿਧਾ ਤਿਆਰ ਕਰ ਦਿਤੀ ਜਿਸ ਨੂੰ ਸਿੰਘ ਸਭਾ ਦੀ ਵਿਆਆਕਾਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਹ ਗੁਰਬਾਣੀ ਦੀ ਵਿਆਖਿਆ ਕਰਦਿਆਂ ਇਕ ਤੁਕ ਜਾਂ ਇਕ ਸ਼ਬਦ ਨੂੰ ਹੀ ਨਹੀਂ ਬਲਕਿ ਪਿਛਲੇ ਪ੍ਰਸੰਗ ਨੂੰ ਵੀ ਨਾਲ ਜੋੜ ਕੇ ਵੇਖਦੇ ਹਨ ਕਿ ਪਿਛਲੇ ਸ਼ਬਦ ਵਿਚ ਕਿਹੜੇ-ਕਿਹੜੇ ਪੱਖ ਉਜਾਗਰ ਹੋਏ ਹਨ ਅਤੇ ਇਸ ਸ਼ਬਦ ਵਿਚ ਕਿਸ ਪੱਖ ਨੂੰ ਵਿਚਾਰਿਆ ਜਾਣਾ ਹੈ ਅਤੇ ਲੰਮੇਰੀਆਂ ਬਾਣੀਆਂ ਜੋ ਸਿਰਲੇਖ ਅਧੀਨ ਉਚਾਰਣ ਕੀਤੀਆਂ ਗਈਆਂ ਹਨ, ਦੀ ਉਥਾਨਕਾ ਵਿਸਤਾਰ ਸਹਿਤ ਪੇਸ਼ ਕਰਦੇ ਹਨ। ਭਾਈ ਸਾਹਿਬ ਦੇ ਇਸ ਪੱਖ

ਨੂੰ ਵੇਖ ਕੇ ਪ੍ਰਤੀਤ ਹੁੰਦਾ ਹੈ ਕਿ ਸੰਪ੍ਰਦਾਇ ਗੁਣ ਵੀ ਉਨ੍ਹਾਂ ਵਿਚ ਮੌਜੂਦ ਸਨ ਜੋ ਉਨ੍ਹਾਂ ਨੇ ਆਪਣੇ ਨਾਨਾ ਗਿਆਨੀ ਹਜਾਰਾ ਸਿੰਘ ਜੀ ਪਾਸੋਂ ਸਿੱਖੇ ਸਨ।

**1.8.2 ਮੂਲ ਅਤੇ ਅਰਥ-**

ਪ੍ਰਾਕਥਨ ਤੋਂ ਬਾਅਦ ਭਾਈ ਸਾਹਿਬ ਜੀ ਗੁਰਬਾਣੀ ਦਾ ਮੂਲ ਪਾਠ ਅਤੇ ਅਰਥ ਦਿੰਦੇ ਹਨ। ਇਹ ਮੂਲ ਪਾਠ ਅਤੇ ਅਰਥ ਦੇਣ ਦੀ ਪ੍ਰਕਿਰਿਆ ਪੋਥੀ ਦੇ ਹਰ-ਇਕ ਪੰਨੇ ਉਪਰ ਸਾਮਾਨ ਹੈ। ਉਹ ਇਕ ਪੰਨੇ ਦੇ ਸੱਜੇ ਪਾਸੇ ਮੂਲ ਪਾਠ ਅਤੇ ਉਸਦੇ ਨਾਲ ਹੀ ਖੱਬੇ ਪਾਸੇ ਅਰਥ ਕਰਦੇ ਹਨ। ਹਾਲਾਂਕਿ ਇਹ ਪ੍ਰਕਿਰਿਆ ਪ੍ਰਿ. ਤੇਜਾ ਸਿੰਘ ਜੀ ਦੇ ਸ਼ਬਦਾਰਥ ਨਾਲ ਰਲਦੀ ਮਿਲਦੀ ਪ੍ਰਤੀਤ ਹੁੰਦੀ ਹੈ ਪਰ ਹੈ ਨਹੀ, ਕਿਉਂਕਿ ਉਹ ਕਠਿਨ ਸ਼ਬਦਾਂ ਦੇ ਅਰਥ ਖੱਬੇ ਪੰਨੇ ਉਤੇ ਦਿੰਦੇ ਹਨ ਪਰ ਭਾਈ ਵੀਰ ਸਿੰਘ ਜੀ ਇਕੋ ਪੰਨੇ ਉਤੇ ਉਕਤ ਕਾਰਜ ਕਰਦੇ ਹਨ। ਮੂਲ ਪਾਠ ਨੂੰ ਮੋਟੇ ਅੱਖਰਾਂ ਵਿਚ ਦਿੰਦੇ ਹਨ। ਅਰਥ ਕਰਦਿਆਂ ਹੋਰਨਾਂ ਪੱਖਾਂ ਤੋਂ ਇਲਾਵਾ ਉਹ ਪ੍ਰਸ਼ਨ ਉਤਰ ਵਾਲੀ ਵਿਧੀ ਨੂੰ ਵੀ ਅਪਣਾਉਂਦੇ ਹਨ। ਪਹਿਲਾਂ ਗੁਰਬਾਣੀ ਵਿਚੋਂ ਹੀ ਪ੍ਰਸ਼ਨ ਕਰਦੇ ਹਨ ਅਤੇ ਫਿਰ ਗੁਰਬਾਣੀ ਵਿਚੋਂ ਹੀ ਉਤਰ ਦਿੰਦੇ ਹਨ।

**1.8.3 ਵਿਆਖਿਆ-**

ਮੂਲ ਪਾਠ ਦੇਣ ਤੋਂ ਬਾਅਦ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਕਰਦੇ ਹਨ। ਪਰ ਕਿਤੇ ਕਿਤੇ ਜੋ ਸ਼ਬਦ ਆਸਾਨ ਹੁੰਦਾ ਹੈ, ਦੀ ਵਿਆਖਿਆ ਨਹੀ ਦਿੰਦੇ ਉਸ ਲਈ ਕੇਵਲ ਇਕੋ ਸ਼ਬਦ 'ਸੁਗਮ' ਹੈ ਲਿਖਕੇ ਅਗੇ ਚਲਦੇ ਹਨ। ਵਿਆਖਿਆ ਬੜੀ ਆਸਾਨ ਅਤੇ ਠੇਠ ਪੰਜਾਬੀ ਬੋਲੀ ਵਿਚ ਕਰਦੇ ਹਨ। ਮੂਲ ਪਾਠ ਨਾਲ ਦਿਤੇ ਸ਼ਬਦ ਦੇ ਅਰਥ ਨੂੰ ਹੋਰ ਵਿਸਤਾਰਤ ਰੂਪ ਪ੍ਰਦਾਨ ਕਰਦੇ ਹੋਏ ਭਾਵਾਰਥ ਵੀ ਕਰਦੇ ਹੋਏ ਪ੍ਰਤੀਤ ਹੁੰਦੇ ਹਨ।

**1.8.4 ਨਿਰੁਕਤ-**

ਵਿਆਖਿਆ ਤੋਂ ਬਾਅਦ ਪਾਠ ਵਿਚ ਆਏ ਕਠਿਨ ਪਦਾਂ ਦਾ ਨਿਰੁਕਤ ਵੀ ਭਾਈ ਸਾਹਿਬ ਨਾਲ-ਨਾਲ ਪੇਸ਼ ਕਰਦੇ ਹਨ ਪਰ ਜੋ ਸ਼ਬਦ ਆਸਾਨ ਹੋਣ ਉਨ੍ਹਾਂ ਸ਼ਬਦਾਂ ਦਾ ਨਿਰੁਕਤ ਉਹ ਨਹੀਂ ਦਿੰਦੇ ਉਸ ਲਈ ਉਹ ਕੇਵਲ ਸ਼ਬਦ 'ਸੁਗਮ' ਹੀ ਲਿਖਦੇ ਹਨ। ਸ਼ਬਦਾਂ ਦਾ ਨਿਰੁਕਤ ਪੇਸ਼ ਕਰਨ ਦਾ ਅੰਦਾਜ ਬਾ-ਕਮਾਲ ਹੈ। ਉਹ ਸ਼ਬਦਾਂ ਦੀ ਤਹਿ ਤੱਕ ਜਾਣ ਦਾ ਯਤਨ ਕਰਦੇ ਹਨ ਇਸ ਲਈ ਉਹ ਸਬੰਧਤ ਸ਼ਬਦ ਦਾ ਰੂਟ ਲਭਦੇ ਹਨ ਕਿ ਸ਼ਬਦ ਕਿਸ ਭਾਸ਼ਾ ਵਿਚੋਂ ਆਇਆ ਹੈ। ਉਸ ਉਪਰੰਤ ਉਸਦਾ ਪੰਜਾਬੀ ਭਾਸ਼ਾ ਵਿਚ ਵਰਤੋਂ ਦਾ ਢੰਗ ਕੀ ਹੈ ਨੂੰ ਧਿਆਨ ਵਿਚ ਰੱਖਕੇ ਭਾਈ ਸਾਹਿਬ ਜੀ ਨਿਰੁਕਤ ਤਿਆਰ ਕਰਦੇ ਹਨ।

**1.8.5 ਤੁਲਨਾਤਮਕ ਵਿਆਖਿਆ-**

ਗੁਰਬਾਣੀ ਦੀ ਤੁਲਨਾਤਮਕ ਵਿਆਖਿਆ ਵੇਦਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਨਾਲ ਕਰਦਿਆਂ ਹੋਇਆਂ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਬਉਚ ਦਰਜਾ ਦਿੰਦਿਆਂ ਇਸ ਪਾਵਨ ਗ੍ਰੰਥ ਦੀ ਰੂਹਾਨੀਅਤ ਦੇ ਸੰਦੇਸ਼ ਨੂੰ ਜਨ ਸਾਧਾਰਨ ਦੀ ਬੁੱਧੀ ਮੰਡਲ ਤੱਕ ਪਹੁਚਾਣ ਦਾ ਯਤਨ ਕੀਤਾ। ਉਸ ਦਾ ਕਾਰਣ ਇਹ ਵੀ ਸੀ ਕਿ ਸਨਾਤਨੀ ਮੱਤ ਦੇ ਕਈ ਵਿਦਵਾਨ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਹੀ ਸਿਧ ਕਰ ਰਹੇ ਸਨ।

**1.8.6 ਗੁਰਮਤਿ ਸਿਧਾਂਤ-**

ਗੁਰਬਾਣੀ ਵਿਆਖਿਆ ਕਰਦਿਆਂ ਭਾਈ ਵੀਰ ਸਿੰਘ ਜੀ ਕੇਵਲ ਅੱਖਰੀ ਅਰਥ ਕਰਕੇ ਅਗੇ ਨਹੀ ਤੁਰਦੇ ਬਲਕਿ ਉਸ ਸ਼ਬਦ ਵਿਚ ਆਏ ਸਿੱਖ ਧਰਮ ਨਾਲ ਸਬੰਧਤ ਸਿਧਾਂਤ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਵਿਸਤਾਰ ਵਿਚ ਖੋਲ੍ਹ ਕੇ ਪੇਸ਼ ਕਰਦੇ ਹਨ।

**1.8.7 ਸਾਧਨ ਪੱਖ-**

ਭਾਈ ਵੀਰ ਸਿੰਘ ਜੀ ਗੁਰਬਾਦੀ ਵਿਆਖਿਆ ਕਰਦਿਆਂ ਜਿਥੇ ਲੋੜ ਮਹਿਸੂਸ ਹੁੰਦੀ ਹੋਵੇ ਉਥੇ ਸ਼ਬਦ ਵਿਚੋਂ ਉਸ ਸ਼ਬਦ ਨਾਲ ਸਬੰਧਿਤ ਗੁਰੂ ਜੀ ਦੇ ਆਸ਼ਯ ਅਨੁਸਾਰ ਸਾਧਨਾ ਪੱਖ ਵੀ ਦਸਦੇ ਹਨ ਕਿ ਗੁਰੂ ਜੀ ਦਾ ਉਪਦੇਸ਼ ਜਿੰਦਗੀ ਵਿਚ ਢਾਲ ਕੇ ਸਚ ਦੇ ਪਾਂਧੀ ਕਿਵੇਂ ਬਣਨਾ ਹੈ।

**1.8.8 ਠੇਠ ਪੰਜਾਬੀ-**

ਭਾਈ ਵੀਰ ਸਿੰਘ ਜੀ ਦੇ ਇਸ ਟੀਕੇ ਨੂੰ ਤਿਆਰ ਕਰਨ ਤੋਂ ਪਹਿਲਾਂ ਵੀ ਕਈ ਟੀਕੇ ਹੋਂਦ ਵਿਚ ਆ ਚੁੱਕੇ ਸਨ ਪਰ ਸਮਿਸਆ ਇਹ ਸੀ ਕਿ ਉਹ ਬਹੁਤੇ ਟੀਕੇ ਪੰਜਾਬੀ ਬੋਲੀ ਤੋਂ ਸਖਣੇ ਹੀ ਸਨ। ਉਨ੍ਹਾਂ ਦੀ ਭਾਸ਼ਾ ਸਨਾਤਨੀ ਮੱਤ ਵਾਲੀ ਹੀ ਸੀ। ਇਸ ਲਈ ਭਾਈ ਸਾਹਿਬ ਜੀ ਨੇ ਸਿੰਘ ਸਭਾ ਲਹਿਰ ਦਾ ਪ੍ਰਯੋਯਨ ਪੰਜਾਬੀ ਮਾਂ ਬੋਲੀ ਨੂੰ ਹੀ ਲਿਖਤਾਂ ਦਾ ਆਧਾਰ ਬਣਾ ਕੇ ਲੁਕਾਈ ਵਿਚ ਵੀ ਇਸ ਬੋਲੀ ਦਾ ਸੁਨੇਹਾ ਦਿਤਾ ਜਾਵੇ ਨੂੰ ਪੂਰ ਚਾੜਦਿਆਂ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਠੇਠ ਪੰਜਾਬੀ ਭਾਸ਼ਾ ਵਿਚ ਕੀਤਾ।

**1.8.9 ਵੇਦ ਅਤੇ ਹੋਰ ਧਾਰਮਿਕ ਗ੍ਰੰਥਾਂ ਵਿਚੋਂ ਹਵਾਲੇ-**

ਗੁਰਬਾਣੀ ਦਾ ਘੇਰਾ ਬਹੁਤ ਵਿਸ਼ਾਲ ਹੈ। ਇਸ ਲਈ ਇਸ ਵਿਸ਼ਾਲ ਘੇਰੇ ਨੂੰ ਸਮਝਣ ਵਾਸਤੇ ਭਾਈ ਵੀਰ ਸਿੰਘ ਜੀ ਨੇ ਸਿੱਖ ਧਰਮ ਨਾਲ ਸਬੰਧਤ ਧਾਰਮਿਕ ਗ੍ਰੰਥਾਂ ਤੋਂ ਇਲਾਵਾ ਹੋਰਨਾਂ ਮੱਤਾਂ ਦੇ ਗ੍ਰੰਥਾਂ ਦਾ ਵੀ ਗੂੜ ਅਧਿਐਨ ਕੀਤਾ ਹੋਇਆ ਸੀ। ਗੁਰਬਾਣੀ ਦੀ ਕਿਸੇ ਤੁਕ ਦੇ ਅਰਥ ਨੂੰ ਸਪੱਸ਼ਟ ਕਰਨ ਲਈ ਭਾਈ ਸਾਹਿਬ ਹੋਰਨਾਂ ਗ੍ਰੰਥਾਂ ਵਿਚੋਂ ਹਵਾਲੇ ਦੇ ਉਸ ਸਬੰਧਤ ਤੁਕ ਦੇ ਅਰਥ ਕਰਦੇ ਹਨ।

## 1.9 ਸਿੱਖ ਸਿਧਾਂਤਾਂ ਦੀ ਵਿਆਖਿਆ

ਭਾਈ ਵੀਰ ਸਿੰਘ ਜੀ ਦੀ ਲੇਖਣੀ ਇਸ ਪੱਖ ਤੋਂ ਵੀ ਨਿਰਾਲੀ ਤੇ ਨਿਵੇਕਲੀ ਹੈ ਕਿ ਉਹ ਗੁਰਬਾਣੀ ਦੇ ਕੇਵਲ ਅਖਰੀਂ ਅਰਥਾਂ ਤੱਕ ਹੀ ਸੀਮਤ ਨਹੀਂ ਰਹੇ ਬਲਕਿ ਵਿਆਖਿਆ ਕਰਦੇ ਸਮੇਂ ਸੰਬਧਿਤ ਸ਼ਬਦ ਵਿਚ ਆਏ ਸਿੱਖ ਸਿਧਾਂਤ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਹੀ ਵਿਸਥਾਰ ਸਹਿਤ ਸਮਝਾਉਣ ਦਾ ਯਤਨ ਕਰਦੇ ਹਨ ਤਾਂ ਕਿ ਜਗਿਆਸਾ ਰਖਣ ਵਾਲੇ ਸਿੱਖ ਇਸਦਾ ਵਧੇਰੇ ਲਾਭ ਪ੍ਰਾਪਤ ਕਰ ਸਕਣ ਅਤੇ ਉਨ੍ਹਾਂ ਦੇ ਹਿਰਦੇ ਅੰਦਰ ਪੈਦਾ ਹੋਏ ਸ਼ੰਕੇ ਦੂਰ ਹੋ ਸਕਣ। ਆਪ ਜੀ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਨਾਮ, ਅਕਾਲ-ਪੁਰਖ, ਗੁਰਬਾਣੀ, ਗੁਰੂ, ਹੁਕਮ, ਧਰਮ ਤੇ ਸਦਾਚਾਰ ਆਦਿ ਨੂੰ ਬੜੇ ਵਿਸਥਾਰ ਸਹਿਤ ਤੇ ਸੁਖੈਨ ਢੰਗ ਨਾਲ ਸਮਝਾਉਣ ਦਾ ਯਤਨ ਕਰਦੇ ਹਨ।

### (1) ਨਾਮ

ਨਾਮ ਸਿਮਰਨ ਸਿੱਖ ਧਰਮ ਦਾ ਅਟੁਟ ਹਿਸਾ ਹੈ। ਗੁਰਬਾਣੀ ਦਾ ਫੁਰਮਾਨ ਹੈ '**ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥** ਭਾਵ ਕਿ ਇਸ ਸੰਸਾਰ ਦਾ ਪਸਾਰਾ ਨਾਮ ਤੋਂ ਬਿਨ੍ਹਾਂ ਸਭ ਝੂਠ ਹੈ। ਮਨੁੱਖ ਇਸ ਸੰਸਾਰ ਵਿਚ ਰਹਿੰਦਿਆਂ ਆਪਣੇ ਬਣ ਚੁਕੇ ਸੁਭਾਵ ਵੱਸ ਪਾਪ ਕਰਦਾ ਹੈ। ਇਨ੍ਹਾਂ ਪਾਪਾਂ ਤੋਂ ਛੁਟਕਾਰਾ ਕੇਵਲ ਨਾਮ ਜਪਣ ਨਾਲ ਹੀ ਹੈ। ਪਾਪਾਂ ਦੀ ਨਵਿਰਤੀ ਦਾ ਉਪਾਉ ਨਾਮ ਹੈ, ਇਹ ਗਲ੍ਹ ਗੁਰੂ ਜੀ ਜਪੁਜੀ ਸਾਹਿਬ ਵਿਚ ਦਸਦੇ ਹਨ, '**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ**' ਨਾਮ ਦੇ ਜਪਣ ਨਾਲ ਪਾਪਾਂ ਦੀ ਮੈਲ ਦੂਰ ਹੋ ਸਕਦੀ ਹੈ। ਨਾਮ ਸ਼ਬਦ ਦੇ ਅਰਥ ਆਪ ਜੀ ਇਸ ਪ੍ਰਕਾਰ ਕਰਦੇ ਹਨ, ਨਾਮ ਦਾ ਸੰਸਕ੍ਰਿਤ ਰੂਪ 'ਨਾਮੁਨ' ਜਿਸ ਤੋਂ ਭਾਵ ਹੈ ਯਾਦ ਰਖਣਾ, ਯਾਦ ਕਰਨਾ। ਗੁਰਬਾਣੀ ਵਿਚ ਇਹ ਪਦ ਵਿਸ਼ੇਸ਼ ਕਰਕੇ 'ਪਰਮੇਸੁਰ ਦੇ ਨਾਮ' ਦਾ ਵਾਚਕ ਹੋ ਕੇ ਆਇਆ ਹੈ। ਤ੍ਰਿਭਵਣ ਦੇ ਪਦਾਰਥਾਂ, ਥਾਂਵਾਂ, ਵਸਤਾਂ, ਜੀਵ ਜੰਤਾਂ ਆਦਿ ਦੇ ਵੀ ਜੋ ਨਾਮ ਹਨ ਪਰਿਣਾਮੀ ਹਨ, ਕਿਉਂਕਿ ਜਿਨ੍ਹਾਂ ਦੇ ਇਹ ਨਾਮ ਹਨ ਓਹ ਆਪ ਸਾਰੇ ਪਰਿਣਾਮੀ ਹਨ, ਅਰਥਾਤ ਇਕ ਰਸ ਨਹੀਂ ਰਹਿੰਦੇ। ਪਰ ਪਰਮੇਸ਼ੁਰ ਅਬਦਲ ਹੈ, ਅਵਿਨਾਸ਼ ਹੈ, ਅਰਥਾਤ ਸਦਾ ਸਤਿ ਹੈ। ਇਸ ਕਰਕੇ ਉਸਦਾ ਨਾਮ ਬੀ ਸਤਿ ਹੈ। ਨਾਮ ਇਕ ਆਤਮ ਵਿਦਜ ਹੈ, ਜੋ ਜਗਯਾਸੂ ਦੀ ਈਸ਼੍ਵਰ ਪ੍ਰਾਪਤੀ ਦੀ ਅਕਾਂਖ੍ਯਾ ਤੋਂ ਲੈ ਕੇ, ਜਪ ਤੋਂ ਆਰੰਭ ਹੋ ਕੇ, ਸਾਂਈਂ ਮਿਲਾਪ ਤੱਕ ਲੈ ਜਾਂਦੀ ਹੈ। ਸਾਂਈਂ ਦੀ ਸਿਫਤ ਸਲਾਹ, ਕੀਰਤਨ, ਉਸ ਅਗੇ ਬੇਨਤੀ, ਉਸ ਦਾ ਸ਼ੁਕਰ, ਧੰਨਵਾਦ ਆਦਿ ਮਨ ਦੇ ਉਚੇ ਭਾਵ ਉਸ ਨਾਮ ਦੇ ਸਹਾਯਕ ਹਨ ਜੋ ਉਸ ਨੂੰ ਨਿਰਾ ਸਾਦਨ ਮਾਤ੍ਰ ਨਹੀਂ ਰਹਿਣ ਦੇਂਦੇ, ਨਾਮ ਨੂੰ ਉਹ ਜੀਉਂਦਾ ਜਾਗਦਾ ਪ੍ਰੇਮ ਬਣਾ ਦੇਂਦੇ ਹਨ। ਭਾਈ ਸਾਹਿਬ ਨੇ ਇਥੇ ਨਾਮ ਦੇ ਪ੍ਰਥਾਏ ਇਕ ਹੋਰ ਵਿਚਾਰ ਦੱਸੀ ਹੈ। ਜਿਸ ਅਨੁਸਾਰ 'ਜੇ ਮੂੰਹੋਂ ਨਿੰਮ ਨਿੰਮ ਕਹੀਏ ਤਾਂ ਮੂੰਹ ਕੌੜਾ ਨਹੀਂ ਹੁੰਦਾ। ਰੱਬ ਰੱਬ ਕਹਿਣ ਨਾਲ ਰਬ ਕਿਵੇਂ ਮਿਲੇਗਾ? ਇਸ ਵਿਚ ਭੁਲੇਵਾਂ ਇਹ ਹੈ ਕਿ ਨਿੰਮ ਸਾਥੋਂ ਇਕ ਵੱਖਰਾ ਪਦਾਰਥ ਹੈ ਜੋ ਕਹਿਣ ਮਾਤ੍ਰ ਨਾਲ ਪ੍ਰਾਪਤ ਨਹੀਂ ਹੁੰਦਾ, ਪਰ ਰੱਬ ਸਾਡੇ ਅੰਤ੍ਰਸਥ ਹੈ, ਅੰਦਰ ਮੌਜੂਦ ਹੈ, ਉਸ ਦੀ ਪ੍ਰਾਪਤੀ ਨਹੀਂ ਹੋਣੀ ਪ੍ਰਾਪਤੀ ਤਾਂ ਉਸਦੀ ਹੈ

ਹੀ, ਕਿਉਂਕਿ ਅੰਦਰ ਮੌਜੂਦ ਜੁ ਹੈ। ਆਪ ਜੀ ਨੇ ਧਿਆਨ ਨੂੰ ਜੋੜਨ ਦਾ ਵਸੀਲਾ ਨਾਮ ਦਸਿਆ ਹੈ। ਆਪ ਨੇ ਨਾਮ ਜਪਣ ਦੇ ਇਹ ਪੰਜ ਪੜਾਅ ਦੱਸੇ ਹਨ- ਰਸਨਾ ਨਾਲ ਜਪ, ਹਿਰਦੇ ਨਾਲ ਸਿਮਰਨ, ਨਾਮ ਦੀ ਰਸ ਰੂਪਤਾ, ਨਾਮ ਦੀ ਸਰਬ ਵਿਆਪਕਤਾ ਤੇ ਨਾਮ ਦੁਆਰਾ ਤਦਰੂਪਤਾ। ਨਾਮ ਪਹਿਲੋਂ ਰਸਨਾ ਨਾਲ ਜਪੀਦਾ ਹੈ, ਫਿਰ ਇਹ ਸੂਖਮ ਹੋ ਕੇ ਅੰਦਰ ਚਲਾ ਜਾਂਦਾ ਹੈ। ਨਾਮ ਜਪਣ ਵਾਲੇ ਨੂੰ ਨਾਮੀ ਵੀ ਕਿਹਾ ਜਾਂਦਾ ਹੈ। ਨਾਮ ਜਪਦੇ ਜਪਦੇ ਜੀਵ ਉਸ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ। ਭਾਈ ਸਾਹਿਬ ਨਾਮ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਸਾਨੂੰ ਆਪਣੇ ਸਰੀਰ ਵਿਚੋਂ ਮਾੜੇਪਨ ਦੇ ਬੀ ਦਿਸਣ ਤਾਂ ਉਹਨਾਂ ਨੂੰ ਕੱਢਦੇ ਰਿਹਾ ਕਰੋ ਤੇ ਉਹਨਾਂ ਦੇ ਕੱਢਣ ਵਿਚ ਆਪਣੇ ਤਨ ਦੇ ਨਾਲ ਅਰਦਾਸ ਕਰਿਆ ਕਰੋ। ਅਰਦਾਸ ਵਿਚ ਭੁੱਲਾਂ ਦਾ ਇਕਰਾਰ ਕਰਿਆ ਕਰੋ ਤੇ ਭੁੱਲਾਂ ਕਰਦੇ ਕਦੇ ਨਿਰਾਸ ਨਾ ਹੋਇਆ ਕਰੋ, ਨਾਮ ਤੇ ਦ੍ਰਿੜ੍ਹ ਵਿਸ਼ਵਾਸ ਧਾਰਕੇ ਨਾਮ ਜਪਦੇ ਰਿਹਾ ਕਰੋ ਕਿ ਇਹ ਤਾਰੇਗਾ, ਸਾਰੇ ਅਵਗੁਣ ਧੋ ਕੱਢੇਗਾ ਤੇ ਚਰਨ ਸ਼ਰਨ ਲੈ ਜਾਏਗਾ।

### (1) ਅਕਾਲ-ਪੁਰਖ

ਸਿੱਖ ਧਰਮ ਵਿਚ ਪਰਮਾਤਮਾ ਲਈ ਅਕਾਲ ਪੁਰਖ ਸ਼ਬਦ ਆਮ ਹੀ ਵਰਤਿਆ ਜਾਂਦਾ ਹੈ। ਉਦਾਸੀ, ਨਿਰਮਲੇ ਤੇ ਗਿਆਨੀ ਉਸ ਪਰਮਾਤਮਾ ਲਈ ਬ੍ਰਹਮ ਸ਼ਬਦ ਵਰਤਦੇ ਹਨ। ਪਰ ਭਾਈ ਸਾਹਿਬ ਜੀ ਨੇ ਉਸ ਪਰਮਾਤਮਾ ਲਈ ਅਕਾਲ ਪੁਰਖ ਸ਼ਬਦ ਵਰਤਿਆ ਹੈ ਜੋ ਕਿ ਸਿੱਖ ਧਰਮ ਵਿਚ ਆਮ ਪ੍ਰਚਲਿਤ ਹੈ। ਅਕਾਲ ਅਤੇ ਪੁਰਖ ਇਹ ਦੋਵੇਂ ਸ਼ਬਦ ਮੂਲ ਮੰਤਰ ਵਿਚ ਆਏ ਹੋਏ ਹਨ। ਇਸ ਤਰ੍ਹਾਂ ਇਹ ਸ਼ਬਦ ਗੁਰਮਤਿ ਅਨੁਸਾਰ ਪਰਮਸਤਾ ਨੂੰ ਪ੍ਰਗਟਾਉਂਦਾ ਹੈ। ਮੂਲ ਮੰਤਰ ਦੀ ਵਿਆਖਿਆ ਕਰਦੇ ਸਮੇਂ ਆਪ ਜੀ ਨੇ '੧ਓ' ਦੇ ਉਚਾਰਣ ਨੂੰ ਸਪਸ਼ਟ ਕੀਤਾ ਅਤੇ ਉਸਦੇ ਅਰਥ ਇਸ ਪ੍ਰਕਾਰ ਕਰਦੇ ਹਨ ਇਹ ਬ੍ਰਹਮ ਆਦਿ ਦੇਵਤਿਆਂ ਦੇ ਰਚਣਹਾਰ ਦਾ ਲਖਾਯਕ ਅੱਖਰ ਹੈ। ਇਹੋ ਚੇਤਨ ਤੇ ਜੜ੍ਹ ਸ੍ਰਿਸ਼ਟੀ, ਸੇਸ਼ ਕਾਲ ਆਦਿ ਦੇ ਰਚਨਹਾਰ ਦਾ ਨਾਮ ਹੈ, ਗਿਆਨ ਤੇ ਗਿਆਨ ਪ੍ਰਾਪਤੀ ਦੇ ਸਾਧਨ 'ਸਬਦ' ਦਾ ਰਚਨਹਾਰ ਬੀ ਹੈ। ਉਸਦਾ ਫਿਰ ਅੰਤਮ ਬੀਚਾਰ ਇਹ ਦੱਸਦੇ ਹਨ ਕਿ 'ਓ' ਉਸਦਾ ਲਖਾਯਕ ਹੈ, ਜੋ ਤਿੰਨਾਂ ਭਵਨਾਂ ਵਿਚ ਸਾਰ ਰੂਪ ਹੈ ਤੇ (ਅ+ਖਰ) ਨਾਸ਼ ਰਹਿਤ ਹੈ। ਆਪ ਤਿੰਨਾਂ ਭਵਨਾਂ ਤੋਂ ਬਾਹਰ ਨਹੀਂ, ਪਰ ਆਪ ਸਾਰ ਰੂਪ ਹੈ, ਤੇ ਹੋਰ ਸਾਰਾ ਉਸ ਸਾਰ ਰੂਪ ਦਾ ਪਸਾਰਾ ਹੈ, ਆਪਣੇ ਤੋਂ ਵਿਕ੍ਰਿਤ ਹੋ ਕੇ ਉਹ ਤ੍ਰਿਭਵਣ ਰੂਪ ਨਹੀਂ, ਸਾਰ ਰੂਪ ਰਹਿਕੇ ਪਸਾਰੇ ਤੋਂ ਭਿੰਨ ਬੀ ਹੈ ਤੇ ਵਜਾਪਕ ਹੋ ਕੇ ਅਭਿੰਨ ਬੀ ਹੈ। ਉਸਦੇ ਇਸ ਭਿੰਨ ਅਭਿੰਨ ਰੂਪ ਦਾ ਲਖਾਯਕ 'ਓ' ਹੈ।

### (2) ਗੁਰੂ

ਭਾਈ ਸਾਹਿਬ ਨੇ ਗੁਰ ਅਤੇ ਪ੍ਰਸਾਦਿ ਦੋਹਾਂ ਸ਼ਬਦਾਂ ਦੇ ਵਖਰੇ ਵਖਰੇ ਅਰਥ ਕੀਤੇ ਹਨ। ਗੁਰੂ= ਸਿਖਯਾ ਦਾਤਾ, ਗੁਰ ਮੰਤ੍ਰ ਦਾਤਾ, ਦੀਖਯਤ ਕਰਨ ਵਾਲਾ। ਗੁਰੂ ਹੀ ਜਗਿਆਸੂ ਨੂੰ ਪ੍ਰੇਰਣਾ ਕਰਕੇ ਉਸ ਅਕਾਲ ਪੁਰਖ ਵਿਚ ਅਭੇਦ ਹੋਣ

ਦਾ ਮਾਰਗ ਵਿਖਾਲਦਾ ਹੈ। ਭਾਈ ਸਾਹਿਬ ਨੇ ਗੁਰੂ ਬਾਰੇ ਇਥੇ ਇਕ ਵਿਸ਼ੇਸ਼ ਨੋਟ ਦਿੱਤਾ ਹੈ, ਜੋ ਇਸ ਪ੍ਰਕਾਰ ਹੈ-"ਸੋ ਗੁਰਸਿੱਖੀ ਵਿਚ ਇਹ ਪਦ ਦਸੋਂ ਗੁਰੂ ਸਾਹਿਬਾਨ ਵਾਸਤੇ ਮਖ਼ਸੂਸ ਹੈ। ਦਸੋਂ ਗੁਰੂ ਸਾਹਿਬ 'ਇਨਸਾਨ ਗੁਰੂ' ਨਹੀ' ਪਰ 'ਦੇਵ ਗੁਰੂ' ਮੰਨੇ ਗਏ ਹਨ, ਜੈਸਾ ਕਿ ਫੁਰਮਾਨ ਹੈ-

**ਗੁਰੂ ਨਾਨਕ ਦੇਵ ਗੋਵਿੰਦ ਰੂਪ॥(ਬਸੰਤ ਮ.5, ਅਸਟ 1)**

**ਗੁਰੂ ਨਾਨਕੁ ਨਾਨਕੁ ਹਰਿ ਸੋਇ॥(ਗੋਂਡ ਮ. 5)**

ਗੁਰੂ ਪਦ ਦਾ ਅਰਥ, ਜਦ ਉਹ ਉਪਰੋਕਤ ਗੁਰੂ ਸਾਹਿਬਾਨ ਤੇ ਵਰਤਿਆ ਜਾਂਦਾ ਹੈ, ਤਾਂ ਉਸਤਾਦ ਮਾਤਰ ਯਾ ਦੀਖਯਾਦਾਤਾ ਮਾਤਰ ਨਹੀਂ, ਪਰ ਵਾਹਿਗੁਰੂ ਦੀ 'ਗੁਰੂ ਜਯੋਤੀ' ਤੋਂ ਹੈ। ਇਹ ਜਯੋਤੀ ਹੀ ਸਾਰੇ ਗੁਰੂ ਸਾਹਿਬਾਂ ਵਿਚ ਕੰਮ ਕਰਦੀ ਹੈ, ਇਸ ਜਯੋਤੀ ਵਾਲੇ 'ਦੇਵ ਗੁਰੂ ਹਨ। ਦਸਾਂ ਗੁਰੂ ਸਾਹਿਬਾਂ ਦੇ ਸਰੀਰਕ ਤਿਯਾਗ ਮਗਰੋਂ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਖੀ ਗਈ ਤੇ ਪੰਥ ਉਨ੍ਹਾਂ ਦੀ ਤਾਬਿਆ ਗੁਰੂ ਕੀਤਾ ਗਿਆ, ਸੋ ਪੰਜ ਪਿਆਰੇ ਗੁਰੂ ਗ੍ਰੰਥ ਦੀ ਤਾਬਿਆ ਹੋ ਕੇ ਦੀਖਯਾ ਦੇਣ ਦਾ ਕਾਰਜ ਕਰਦੇ ਹਨ। ਦੀਖਯਤ ਪੁਰਖ ਦੇ ਨਾਮ ਅਭਯਾਸ ਵਿਚ ਮੁਸ਼ਕਲਾਂ ਦੇ ਹੱਲ ਤੇ ਸਾਹਿਤਾ ਦਾ ਕਾਰਜ ਗੁਰਮੁਖ ਕਰਦੇ ਹਨ। ਗੁਰਮੁਖ ਨੂੰ ਗੁਰ ਬਾਣੀ ਵਿਚ 'ਸੰਤ, ਜਨ, ਹਰਿਜਨ, ਸਾਧੂ' ਕਈ ਨਾਵਾਂ ਨਾਲ ਵਰਣਨ ਕੀਤਾ ਹੈ। ਗੁਰੂ ਸਾਹਿਬਾਂ ਦੇ ਆਪਣੇ ਸਮੇਂ ਭੀ ਦੂਰ ਦੂਰ ਥਾਂਈਂ ਗੁਰਮੁਖ ਹੀ ਦੀਖਯਾ ਦੇਣ ਦਾ ਕੰਮ ਕਰਦੇ ਸਨ, ਪਰ ਉਹ ਆਪ ਗੁਰੂ ਸਾਹਿਬਾਂ ਤੁਲ 'ਦੇਵ ਗੁਰੂ' ਹੋਣ ਦਾ ਦਾਅਵਾ ਨਹੀਂ ਸਨ ਕਰਦੇ । ਸਭ ਸਿੱਖਾਂ ਨੂੰ ਲਿਆ ਕੇ ਗੁਰੂ ਕੀ ਚਰਨੀਂ ਲਾਉਂਦੇ ਸਨ। ਹੁਣ ਭੀ 'ਗੁਰਮੁਖ ਦਾ ਮੇਲ' ਅਰਦਾਸੇ ਵਿਚ ਰੋਜ ਮੰਗੀਦਾ ਹੈ ਯਥਾ:

'ਗੁਰਮੁਖ ਦਾ ਮੇਲ, ਸਾਧ ਦਾ ਸੰਗ, ਸੇਈ ਪਿਆਰੇ ਮੇਲੀਂ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'

ਗੁਰਬਾਣੀ ਵਿਚ 'ਗੁਰਮੁਖਾਂ' 'ਗੁਰਸਿਖਾਂ' ਨੂੰ ਨਾਮ ਪ੍ਰਚਾਰ ਦਾ ਅਧਿਕਾਰ ਦਿਤਾ ਹੈ। ਯਥਾ:

ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ।

ਸਦਾ ਅਲਿਪਤੁ ਸਾਚੇ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ॥(ਸੂਹੀ ਮ.3, ਅਸਟ 1)

## (3) ਹੁਕਮ

ਹੁਕਮ ਗੁਰਬਾਣੀ ਦਾ ਕੇਦਰੀ ਸਿਧਾਂਤ ਹੈ ਜਿਸ ਤੋਂ ਭਾਵ ਨਿਯਮ, ਕਾਨੂੰਨ ਲਿਆ ਹੈ ਜੋ ਅਕਾਲ ਪੁਰਖ ਦੀ ਮਰਜੀ ਅਨੁਸਾਰ ਹੋਂਦ ਵਿਚ ਆਇਆ ਹੈ। ਭਾਈ ਸਾਹਿਬ ਨੇ 'ਨਾਮ ਸਿਮਰਨ' ਨੂੰ ਹੁਕਮ ਮੰਨਿਆ ਹੈ, ਜਿਸ ਨੇ ਕੂੜ ਦੀ ਪਾਲ ਤੋੜ ਕੇ ਮਨੁੱਖ ਨੂੰ ਸਚਿਆਰ ਬਣਾਉਣਾ ਹੈ। ਹੁਕਮ ਨੂੰ ਸਮਝਣ ਲਈ ਆਪ ਜੀ ਨੇ ਕੁਝ ਪਹਿਲੂਆਂ ਦਾ ਜ਼ਿਕਰ ਕੀਤਾ ਹੈ।

1. ਹੁਕਮ ਹੁਕਮੀ ਦੀ 'ਨਿਜ ਅਨੰਤ ਚੇਤਨਾ' ਹੋਣ ਕਰਕੇ ਉਸ ਨਾਲ ਅਭੇਦ ਹੈ ਤੇ ਉਸੇ ਵਾਂਙ ਬੇਅੰਤ ਹੈ ਤੇ ਅਕੱਥ ਹੈ।

2. ਇਹ ਹੁਕਮ ਸਤਜ ਸਰੂਪ ਵਿਚ ਸਤਜ ਹੈ।

3. ਇਹ ਹੁਕਮੀ ਇਕ ਤੋਂ ਅਨੇਕਤਾ ਰਚਦਾ ਹੈ, ਅਰਥਾਤ ਸ੍ਰਿਸ਼ਟੀ ਰਚਦਾ ਹੈ।

4. ਸਾਜਕੇ ਹੁਕਮ ਹੀ ਸੰਭਾਲਦਾ ਹੈ।

5. ਹੁਕਮ ਹੀ ਵਿਸਰਜਨ ਕਰਦਾ ਹੈ।

6. ਮਨੁਖ ਦੇ ਅੰਦਰ ਜੋਤਿ ਸਰੂਪ ਦੀ ਜੋਤਿ ਅੰਸ਼ ਹੋਣ ਕਰਕੇ ਇਹ ਹੁਕਮ ਸਾਡੇ ਅੰਦਰ ਬੀ ਹੈ, ਮਾਨੋਂ ਇਹ ਹੁਕਮ ਸਾਡੇ ਅੰਦਰ ਲਿਖਿਆ ਹੈ, ਜੋ ਅੰਦਰੋਂ ਮੰਦਾ ਕਰਨ ਵੇਲੇ 'ਰੁਕ ਜਾਓ' ਦੀ ਸੈਨਤ ਦੇਂਦਾ ਹੈ, ਤੇ ਚੰਗਾ ਕਰਨ ਵੇਲੇ ਪ੍ਰਸੰਨਤਾ ਦੀ ਸੈਨਤ ਮਾਰਦਾ ਹੈ। ਇਸਨੂੰ ਸਮਝਕੇ ਅਭਜਾਸੀ ਚਉਪੜ ਦੇ ਵਾਂਗੂ ਚੰਗੇ ਦਾਉ ਢਾਲਦਾ ਤੇ ਆਪਾ ਸੁਆਰਦਾ ਹੈ।

7. ਫਿਰ ਇਸ 'ਅੰਦਰ ਲਿਖੇ ਹੁਕਮ' ਦਾ ਇਕ ਪਹਿਲੂ ਹੋਰ ਹੈ, ਜਿਸ ਦੀ ਪਛਾਣ ਗੁਰੂ ਦੱਸਦਾ ਹੈ, ਉਹ ਹੈ ਨਾਮ ਸਿਮਰੋ।

8. ਹੁਕਮ ਕਿਥੇ ਹੈ?

ਉਤਰ- ਇਹ ਨਾਮ ਸਿਮਰਣ ਦਾ ਹੁਕਮ ਅੰਦਰ ਧੁਰ (ਡੂੰਘੇ ਥਾਉਂ) ਲਿਖਿਆ ਪਿਆ ਹੈ। ਯਥਾ- ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥

ਅਰਥਾਤ ਤਨ ਤੇ ਮਨ ਵਿਚ ਧੁਰ (ਡੂੰਘੇ ਥਾਉਂ) ਇਹ ਹੁਕਮ ਅੰਕਤ ਹੈ। ਡੂੰਘੇ ਥਾਉਂ ਹੋਣ ਕਰਕੇ ਗੁਰੂ ਇਸ ਦਾ ਪਤਾ ਦੇਂਦਾ ਹੈ। ਜੇ 'ਧੁਰ' ਦਾ ਅਰਥ 'ਧੁਰ ਦਰਗਾਹੋਂ' ਕਰੀਏ, ਤਦ ਬੀ ਪਤਾ ਗੁਰੂ ਹੀ ਦੇਂਦਾ ਹੈ।

9. ਹੁਕਮ ਬੁੱਝੇ ਬਿਨਾ ਜੀਵ ਦੁਖੀ ਹੈ।

10. ਫਿਰ ਹੁਕਮ ਸਾਡੇ ਕਰਮਾਂ ਅਨੁਸਾਰ ਦੁਖ ਸੁਖ ਦਾ ਲਿਖਾਰੀ ਹੈ।

11. ਹੁਕਮ ਕਲਜਾਨ ਕਰਤਾ ਹੈ।

**(5) ਗੁਰਬਾਣੀ**

ਗੁਰਬਾਣੀ ਧੁਰ ਕੀ ਬਾਣੀ ਹੈ। ਇਹ ਰਬੀ ਹੁਕਮ ਹੈ ਜੋ ਗੁਰੂ ਦੇ ਮਾਧਿਅਮ ਰਾਹੀਂ ਪ੍ਰਗਟ ਹੋਈ ਹੈ। ਗੁਰਬਾਣੀ ਦਾ ਮੂਲ ਉਦੇਸ਼ ਮਨੁਖ ਨੂੰ ਵਹਿਮਾਂ, ਭਰਮਾਂ ਤੋਂ ਦੂਰ ਕਰਕੇ ਆਦਰਸ਼ ਸਮਾਜ ਦੀ ਸਿਰਜਣਾ ਕਰਨਾ ਹੈ। ਸਿੱਖਾਂ ਕੋਲ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮੌਜੂਦ ਹੈ। ਮਨੁਖ ਗੁਰਬਾਣੀ ਅਨੁਸਾਰ ਜੀਵਨ ਢਾਲ ਕੇ ਉਸ ਅਕਾਲ ਪੁਰਖ ਨਾਲ ਅਭੇਦ ਹੋ ਸਕਦਾ ਹੈ। ਸਿਖ ਧਰਮ ਵਿਚ ਗੁਰਬਾਣੀ ਨੂੰ ਗੁਰੂ ਦਾ ਸਥਾਨ (ਬਾਣੀ ਗੁਰੂ ਗੁਰੂ ਹੈ ਬਾਣੀ) ਪ੍ਰਾਪਤ ਹੈ। ਭਾਈ ਸਾਹਿਬ ਨੇ ਗੁਰਬਾਣੀ ਬਾਰੇ ਇਸ ਪ੍ਰਕਾਰ ਵਰਣਨ ਕੀਤਾ ਹੈ- ਇਸ ਵਿਚ ਜੋ ਮੂਲ ਹੈ ਉਹ ਤਾਂ ਵਡੇ ਤੋਂ ਵਡੀ ਵਸਤੂ ਹੈ, ਉਹ ਧੁਰ ਕੀ ਬਾਣੀ ਹੈ, ਜੋ ਧੁਰੋਂ ਆਈ ਹੈ, ਜੋ ਗੁਰੂ ਹੈ, ਅੰਮ੍ਰਿਤ ਭਰਪੂਰ ਹੈ। ਅਗਮ ਅਗਾਧ ਦੀ ਬਾਣੀ ਹੋਣ ਕਰਕੇ ਆਪ ਅਗਾਧ ਹੈ। ਗੁਰਬਾਣੀ ਇਕ ਜੀਵਨ ਜਾਚ ਹੈ। ਇਸ ਅਨੁਸਾਰੀ ਜੀਵਨ ਜੀਣ ਨਾਲ ਮਨ ਵਿਚੋਂ ਪਾਪ ਅਤੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ ਤੇ ਅਕਾਲ ਪੁਰਖ ਨਾਲ ਅਭੇਦਤਾ ਬਣਦੀ ਹੈ। ਬਾਣੀ ਪਰਮੇਸ਼ੁਰ, ਗੁਰੂ, ਸੰਤ, ਸਤਿਸੰਗ ਤੇ ਨਾਮ ਦੀ ਮਹਿਮਾ ਦਸਦੀ ਹੈ, ਪ੍ਰੇਮ ਵਧਾਉਂਦੀ ਹੈ। ਬਾਣੀ ਪੜਣੇ ਵਾਲੇ ਵਿਚ ਦੈਵੀ ਗੁਣ ਪ੍ਰਵੇਸ਼ ਕਰਾਉਂਦੀ ਹੈ। ਅਰ ਉਸ ਨੂੰ ਪਰਮੇਸ਼ਰ ਦੀ ਨਜਰ ਵਿਚ ਪ੍ਰਵਾਨ ਅਰ ਯੋਗ ਕਰਦੀ ਹੈ। ਬਾਣੀ ਦੇ ਭਜਨੀਕ ਸਿੰਘ ਅਰ ਪੁਰਾਤਨ ਮਹਾਤਮਾ ਤੋਂ ਪਤਾ ਲਗਦਾ ਹੈ ਕਿ ਬਾਣੀ ਦਾ ਅਭਯਾਸ ਵਿਚਾਰ ਸੰਯੁਕਤ ਦ੍ਰਿੜ ਹੋਣੇ ਤੇ ਨਾਮ ਦ੍ਰਿੜ ਕਰੀਦਾ ਹੈ। ਬਾਣੀ ਬਿਨ ਹਿਰਦਾ ਸਫ਼ਾ ਨਹੀ ਹੁੰਦਾ, ਨਾਮ ਮੈਲੇ ਹਿਰਦੇ ਵਿਚ ਟਿਕ ਨਹੀ ਸਕਦਾ, ਇਸ ਲਈ ਪਹਿਲਾਂ ਬਾਣੀ ਦਾ ਅਭਯਾਸ ਹੋਵੇ। ਜਦ ਇਸ ਅਭਯਾਸ ਮਗਰੋਂ ਹਿਰਦੇ ਵਿਚ ਨਾਮ ਆ ਟਿਕੇ ਤਦ ਬਾਣੀ ਉਸ ਵਿਚ ਪ੍ਰੇਮ ਅਧਿਕ ਕਰਦੀ ਹੈ। ਇਸ ਕਰਕੇ ਦੁਹਾਂ ਦਾ ਆਪਸ ਵਿਚ ਸੰਜੋਗ ਹੈ, ਇਕ ਬੜੇ ਸਿੰਘ ਮਹਾਤਮਾ ਦਾ ਖ਼ਤ ਪੜਣੇ ਵਿਚ ਆਇਆ ਹੈ। ਉਸ ਵਿਚ ਉਹ ਇਕ ਪ੍ਰੇਮੀ ਨੂੰ ਇਸ ਪ੍ਰਕਾਰ ਦੀ ਤਾਗੀਦ ਕਰਦੇ ਸਨ ਕਿ "ਦੇਖੀ ਕਿਤੇ ਕਦਾਚਿਤ ਬਾਣੀ ਵਿਸਾਰੋਂ। ਬਾਣੀ ਗੋਦ ਮਾਤਾ ਦੀ ਹੈ। ਨਾਮ ਤੋਂ ਜਰਾਸ਼ੋਕ ਘਟੇ ਝਟ ਬਾਣੀ ਸਹਾਰਾ ਦੇਵੇਗੀ, ਜੋ ਬਾਣੀ ਛੱਡ ਬੈਠੇ ਤਦ ਉਲਟ ਚੱਕ੍ਰ ਵੇਲੇ ਕਿਸ ਨੂੰ ਹੱਥ ਪਾਉਗੇ। ਬਾਣੀ ਦੀ ਗੋਦ ਵਿਚ ਨਾਮ ਨੂੰ ਖਿਡਾਓ। ਜਦ ਕਦੀ ਫਰੌਟੀ ਲੱਗੂ, ਜੋ ਜਗਿਆਸੂ ਨੂੰ ਅਨੇਕਾਂ ਵੇਰਾਂ ਲਗਦੀਆਂ ਹਨ, ਤਦ ਬਾਣੀ ਬਚਾ ਲਏਗੀ, ਨਹੀਂ ਤਾਂ ਉਸ ਵੇਲੇ ਕੋਈ ਠਾਹਰ ਨਹੀਂ। ਗੁਰਬਾਣੀ ਦਾ ਓਟ ਆਸਰਾ ਲੈ ਕੇ ਮਨੁਖ ਮਾਇਆ ਦੀ ਅਗਨ ਤੋਂ ਬਚ ਸਕੇਗਾ ਅਤੇ ਆਪਣੇ ਜੀਵਨ ਦੇ ਮਨੋਰਥ ਦੀ ਪ੍ਰਾਪਤੀ ਕਰ ਸਕੇਗਾ।

### (6) ਧਰਮ ਤੇ ਸਦਾਚਾਰ

ਭਾਈ ਵੀਰ ਸਿੰਘ ਜੀ ਨੇ ਧਰਮ ਦੀ ਬਾਖੂਬੀ ਵਿਆਖਿਆ ਕੀਤੀ ਹੈ। ਆਪ ਜੀ ਧਰਮ ਦੇ ਅਰਥ " ਜੋ ਧਾਰਨ ਕੀਤਾ ਜਾਏ, ਫਰਜ਼, ਕਰਨੇ ਯੋਗ ਸ਼ੁਭ ਕਰਮ ਮਜ੍ਹਬ ਕਰਦੇ ਹਨ"। ਧਰਮ ਦੀ ਆਮ ਮਨੁਖ ਨੂੰ ਵਧੇਰੇ ਸਮਝ ਪੈ ਸਕੇ, ਇਸ ਲਈ ਆਪ ਜੀ ਅਗੋਂ ਹੋਰ ਵਿਸਥਾਰ ਸਹਿਤ ਦਸਦੇ ਹਨ ਕਿ ਧਰਮ 'ਕਿਸੇ ਵਸਤੂ ਦੀ ਯਾਂ ਵਜਕਤੀ ਦੀ ਉਹ ਬ੍ਰਿਤੀ ਜੋ ਉਸ ਵਿਚ ਸਦਾ ਰਹੇ ਤੇ ਉਸ ਤੋਂ ਵੱਖ ਨਾ ਹੋਵੇ। ਕਰਤੱਵਜ, ਨੇਕੀ, ਫਰਜ਼ ਆਦਿ। ਪਰਮਾਤਮਾ ਦੇ ਬਣਾਏ ਹੋਏ ਕਾਨੂੰਨ

ਜਾਂ ਨਿਯਮਾਂ ਨੂੰ ਵੀ ਆਪ ਜੀ ਨੇ ਧਰਮ ਕਿਹਾ ਹੈ। ਗੁਰਮਤਿ ਅਨੁਸਾਰ ਧਰਮ ਕੀ ਹੈ? ਇਸ ਨੂੰ ਦਰਸਾਉਣ ਲਈ ਉਹਨਾਂ ਨੇ ਕੁਝ ਪਹਿਲੂ ਮੰਨੇ ਹਨ

1. ਪੂਜਾ ਯੋਗ ਕੇਵਲ ਅਕਾਲ ਪੁਰਖ ਹੈ।
2. ਉਸ ਆਦਿ ਅਨੀਲ (ਅਕਾਲ ਪੁਰਖ) ਵਿਚ ਪ੍ਰਤੀਤਿ ਧਾਰਨ ਕਰਨੀ ਹੈ।
3. ਉਸ ਆਦਿ ਅਨੀਲ (ਅਕਾਲ ਪੁਰਖ) ਨੂੰ ਜਪਣਾ ਹੈ।
4. ਉਸ ਆਦਿ ਅਨੀਲ (ਅਕਾਲ ਪੁਰਖ) ਵਿਚ ਧਿਆਨ ਪ੍ਰਾਪਤ ਹੁੰਦਾ ਹੈ।
5. ਧਿਆਨ ਦੀ ਪ੍ਰਪਕਤਾ ਹੀ ਪਰਮ ਪਦ ਤੇ ਲੈ ਜਾਂਦੀ ਹੈ।
6. ਪਾਪਾਂ ਤੋਂ ਬਚਣਾ ਹੈ।
7. ਸੰਤੋਖ ਧਾਰਨ ਕਰਨਾ ਹੈ।
8. ਸਾਰੇ ਜੀਵਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਭਰਾਤਰੀ ਭਾਵ ਦੇਣਾ ਹੈ।
9. ਕਰਮ ਜਾਲ ਤੋਂ ਛੁਟਕਾਰੇ ਦੇ ਸਾਧਨ ਗਯਾਨ ਧਯਾਨ ਤੇ ਪ੍ਰਭੂ-ਉਪਾਸਨਾ ਸਾਧਨ ਹਨ।
10. ਉਹ ਆਦਿ ਅਨੀਲ (ਅਕਾਲ ਪੁਰਖ) ਵਜਾਪਕ ਹਸਤੀ ਹੈ। ਉਸ ਤੇ ਵਿਸ਼ਵਾਸ ਰਖਣਾ ਹੈ। ਉਸ ਦੀ ਮੇਹਰ ਨਾਲ ਉਸ ਵਿਚ ਅਭੇਦ ਹੋ ਸਕਦੇ ਹਾਂ।

ਉਨ੍ਹਾਂ ਦਾ ਇਹ ਮੰਨਣਾ ਸੀ ਕਿ ਇਨ੍ਹਾਂ ਪਹਿਲੂਆਂ ਤੋਂ ਬਿਨ੍ਹਾਂ ਧਰਮ ਨੂੰ ਸੁਚਜੇ ਰੂਪ ਵਿਚ ਸਮਝਣਾ ਆਸਾਨ ਨਹੀਂ ਹੈ।

## 1.10 ਕਵਿਤਾ ਰੂਪ ਵਿਚ ਗੁਰਬਾਣੀ ਵਿਆਖਿਆ

ਭਾਈ ਵੀਰ ਸਿੰਘ ਜੀ ਨੇ ਕਵਿਤਾਵਾਂ ਰਾਹੀਂ ਗੁਰਬਾਣੀ ਅਤੇ ਗੁਰਇਤਿਹਾਸ ਨੂੰ ਜਗਿਆਸੂ ਜਨਾਂ ਤੱਕ ਪਹੁੰਚਾਣ ਦਾ ਯਤਨ ਕੀਤਾ ਹੈ। ਆਪ ਜੀ ਦੀਆਂ ਕਵਿਤਾਵਾਂ ਜਗਿਆਸੂਆਂ ਦੇ ਮਨ ਵਿਚ ਪੈਦਾ ਹੋਈ ਉਤਸੁਕਤਾ ਦਾ ਨਿਵਾਰਣ ਕਰਦੀਆਂ ਹਨ। ਇਸ ਪੱਖ ਤੋਂ ਆਪ ਜੀ ਦੀ ਰਚਨਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵੈਯਾ ਅਨੁਸਾਰੀ ਜਾਪਦੀ ਹੈ। ਜਿਸ ਵਿਚ ਗੁਰਮਤਿ ਸਿਧਾਂਤਾਂ ਤੇ ਗੁਰ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ। ਸਮਝਨ ਦੇ ਤੌਰ ਤੇ ਆਪ ਜੀ ਦੀ ਕਵਿਤਾ ਤੇ ਗੁਰਬਾਣੀ ਦੀ ਵੰਨਗੀ ਇਸ ਪ੍ਰਕਾਰ ਹੈ

**ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥**

**ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥**

ਭਾਈ ਵੀਰ ਸਿੰਘ ਜੀ ਦੀ ਕਵਿਤਾ ਹੈ :

ਨਾ ਕਰ ਤਪ ਸਿੰਞੀ ਰਿਖਿ ਹਠੀਏ,! ਰੁੱਸ ਨ ਕੁਦਰਤ ਨਾਲੋਂ,

ਲੁਕਵੇਂ ਤੇਜ ਵਸਣ ਇਸ ਅੰਦਰ, ਸੂਖਮ ਹਨ ਜੋ ਵਾਲੋਂ।

ਹਠ ਤੋਂ ਟੱਪ, ਰੰਗੀਜ ਰੰਗ ਵਿਚ, ਰਸੀਆ ਹੋ ਰਸ ਜਿੱਤੀ,

ਇਕ ਝਲਕਾਰੇ ਵਿੱਚ ਨਹੀਂ ਏ ਗੁਆ ਦੇਸਣ ਇਸ ਹਾਲੋਂ। (ਲਹਿਰਾਂ ਦੇ ਹਾਰ)

## 1.11 ਸਾਰ

ਭਾਈ ਸਾਹਿਬ ਦੁਆਰਾ ਕੀਤੀ ਗੁਰਬਾਣੀ ਵਿਆਖਿਆ ਤੋਂ ਇਹ ਭਲੀ ਭਾਂਤ ਸਪਸ਼ੱਟ ਹੋ ਜਾਂਦਾ ਹੈ ਕਿ ਆਪ ਜੀ ਨੂੰ ਜਿਥੇ ਗੁਰਬਾਣੀ ਦੇ ਸੂਖਮ ਰਹਸਾਂ ਦਾ ਅਨੁਭਵ ਸੀ ਉਥੇ ਨਾਲ ਹੀ ਸਿੱਖ ਇਤਿਹਾਸ ਦੀ ਤਰਜਮਾਨੀ ਕਰਦੇ ਗ੍ਰੰਥਾਂ ਤੋਂ ਵੀ ਜਾਣੂ ਸਨ। ਗੁਰਬਾਣੀ ਦੇ ਅਰਥ ਸਪਸ਼ੱਟ ਕਰਨ ਲਈ ਆਪ ਜੀ ਨੇ ਇਨ੍ਹਾਂ ਗ੍ਰੰਥਾਂ ਵਿਚੋਂ ਹਵਾਲੇ ਦਿੱਤੇ ਹਨ। ਆਪ ਜੀ ਨੇ ਪ੍ਰਾਕਥਨ ਰਾਹੀਂ ਪਿਛਲੇ ਸ਼ਬਦ ਨਾਲ ਜੁੜਣ ਦਾ ਯਤਨ ਕੀਤਾ ਹੈ। ਮੂਲ ਪਾਠ ਨੂੰ ਪਦ ਛੇਦ ਕਰਕੇ ਲਿਖਿਆ ਹੈ, ਪਾਠਕਾਂ ਦੀ ਜਗਿਆਸਾ ਨੂੰ ਸ਼ਾਂਤ ਕਰਨ ਲਈ ਫੁਟ ਨੋਟ, ਪ੍ਰਸ਼ਨ ਉਤਰ ਸ਼ੈਲੀ ਤੇ ਸ਼ਬਦਾਂ ਦੇ ਨਿਰੁਕਤ ਵੀ ਨਾਲ ਹੀ ਦਿੰਦੇ ਹਨ। ਗੁਰਬਾਣੀ ਵਿਚਲੇ ਗੰਭੀਰ ਅਰਥਾਂ ਨੂੰ ਸਪਸ਼ੱਟ ਕਰਨ ਲਈ ਵੇਦਾਂ ਅਤੇ ਪੁਰਾਣਾਂ ਵਿਚੋਂ ਟੂਕਾਂ ਦਿੰਦੇ ਹੋਏ ਅੰਤ ਵਿਚ ਗੁਰਬਾਣੀ ਨੂੰ ਸਰਵ ਸ੍ਰੇਸ਼ਠ ਸਿੱਧ ਕਰਦੇ ਹਨ। ਆਪ ਜੀ ਦੀ ਵਿਆਖਿਆਕਾਰੀ ਦੀ ਨਿਵੇਕਲੀ ਪਹਿਚਾਣ ਭਾਸ਼ਾ ਦੀ ਹੈ। ਆਪ ਜੀ ਨੇ ਠੇਠ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਹੈ। ਗੁਰਬਾਣੀ ਵਿਚਲੇ ਸਿਧਾਂਤ ਜਿਵੇਂ ਨਾਮ, ਗੁਰੂ, ਅਕਾਲ ਪੁਰਖ, ਧਰਮ ਤੇ ਸਦਾਚਾਰ, ਹੁਕਮ ਆਦਿ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਸਪਸ਼ੱਟ ਕੀਤਾ ਹੈ। ਆਪ ਜੀ ਨੇ ਕਵਿਤਾ ਰਾਹੀਂ ਗੁਰਬਾਣੀ ਵਿਚਲੇ ਵਿਚਾਰ ਪਾਠਕਾਂ ਤੱਕ ਪਹੁੰਚਾਣ ਦਾ ਯਤਨ ਕੀਤਾ ਹੈ। 'ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਟੀਕਾ ਜਿਵੇਂ ਕਿ ਇਸਦੇ ਨਾਮ ਤੋਂ ਹੀ ਨਿਵੇਕਲਾ ਪ੍ਰਤੀਤ ਹੁੰਦਾ ਹੈ, ਵਿਆਖਿਆਕਾਰੀ ਵਿਚ ਇਕ ਨਵਾਂ ਕਦਮ ਹੈ। ਆਪ ਜੀ ਦੀਆਂ ਰਚਨਾਵਾਂ ਗੁਰਮਤਿ ਦੇ ਜਗਿਆਸੂ ਨੂੰ ਹਮੇਸ਼ਾ ਨਵੀਂ ਸੇਧ ਦਿੰਦਿਆਂ ਰਹਿਣਗੀਆਂ।

## 1.12 ਸਹਾਇਕ ਪੁਸਤਕਾਂ


1. ਸ.ਪ. ਸਿੰਘ, (ਡਾ.), (ਸੰਪਾ.), ਨਿਰਗੁਣੀਆਰਾ, ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ, ਟ੍ਰੈਕਟ ਨੰਬਰ 1722, ਪੰਨਾ 9
2. ਕਿਰਪਾਲ ਸਿੰਘ(ਸੰਪਾ.), ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰਵੇਸ਼ਿਕਾ, 1974

3. ਤਾਰਨ ਸਿੰਘ (ਡਾ.), ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

4. ਪੂਰਨ ਸਿੰਘ,( ਪ੍ਰੋ.) ਭੂਮਿਕਾ, ਸ੍ਰੀ ਗੁਰੂ ਗ੍ਰੰਥ ਕੋਸ਼,(ਮੁਖ ਸੰਪਾ. ਡਾ. ਹਰਭਜਨ ਸਿੰਘ), ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ।

5. ਬਲਬੀਰ ਸਿੰਘ (ਡਾ.), ਭਾਈ ਵੀਰ ਸਿੰਘ ਅਤੇ ਉਹਨਾਂ ਦਾ ਸੰਦੇਸ਼, *Bhai Veer Singh Birth-centenary volume,* (Edi. Ganda Singh ), ਪੰਜਾਬੀ ਯੂਨੀਵਰਸਿਟੀ, ਪਟਿਆਲਾ।

6. ਵੀਰ ਸਿੰਘ (ਭਾਈ), ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ।

## ONE YEAR DIPLOMA IN SIKH THEOLOGY

### SEMESTER- II

### COURSE: SIKH THEOLOGIAN

---

### UNIT 2-PROF. PURAN SINGH

---

**STRUCTURE**

2.0 ਉਦੇਸ਼

2.1 ਜਾਣ-ਪਛਾਣ

2.2 ਜਨਮ ਅਤੇ ਮਾਤਾ ਪਿਤਾ

2.3 ਵਿਦਿਆ

2.4 ਰਚਨਾ ਸੰਸਾਰ

2.5 ਵਿਦਵਾਨਾ ਦੀ ਨਜਰ ਵਿਚ ਪ੍ਰੋ. ਪੂਰਨ ਸਿੰਘ

2.6 ਜੀਵਨ ਤੇ ਪ੍ਰਭਾਵ

2.7 ਸ਼ਖ਼ਸੀਅਤ

2.8 ਇਸਤਰੀ ਪ੍ਰਤੀ ਸਤਿਕਾਰ

2.9 ਪ੍ਰਕਿਰਤੀ ਨਾਲ ਪਿਆਰ

2.10 ਪਰਮਾਤਮਾ ਦੀ ਹੋਂਦ

2.11 ਮਨੁੱਖ ਦਾ ਸਤਿਕਾਰ

2.12 ਪੰਜਾਬ ਪਿਆਰ

2.13 ਦੇਸ਼ ਪਿਆਰ

2.14 ਪੁਰਾਣੀਆਂ ਪਰੰਪਰਾਵਾਂ ਨੂੰ ਪਿਆਰ

2.15 ਗੁਰਮਤਿ ਵਿਚ ਵਿਸ਼ਵਾਸ

2.16 ਗੁਰੂ

2.17 ਜੀਵਨ ਜੁਗਤ

2.18 ਪੰਜ ਕਕਾਰ

2.19 ਸਿੱਖ ਧਰਮ ਨਾਲ ਸਬੰਧਿਤ ਰਚਨਾਵਾਂ ਬਾਰੇ ਸੰਖਿਪਤ ਜਾਣਕਾਰੀ

2.20 ਸਾਰ

2.21 ਸਹਾਇਕ ਪੁਸਤਕਾਂ

## 2.0 ਉਦੇਸ਼

ਇਸ ਪਰਚੇ ਵਿਚ ਪ੍ਰੋਫ਼ੈਸਰ ਪੂਰਨ ਸਿੰਘ ਦੀ ਸ਼ਖ਼ਸੀਅਤ ਨੂੰ ਪਾਠਕਾਂ ਦੇ ਰੂਬਰੂ ਕਰਨ ਦਾ ਯਤਨ ਕੀਤਾ ਗਿਆ ਹੈ। ਪਰਚੇ ਦਾ ਮੁਖ ਉਦੇਸ਼ ਵਿਦਿਆਰਥੀਆਂ ਅਤੇ ਪਾਠਕਾਂ ਨੂੰ ਸਿੱਖ ਪੰਥ ਦੇ ਮਹਾਨ ਵਿਚਵਾਨ ਪ੍ਰੋ. ਪੂਰਨ ਸਿੰਘ ਦੇ ਜੀਵਨ ਤੇ ਉਨ੍ਹਾਂ ਦੀ ਸਿੱਖ ਪੰਥ ਨੂੰ ਆਪਣੀ ਅਨਮੋਲ ਰਚਨਾਵਾਂ ਦੁਆਰਾ ਦਿਤੀ ਗਈ ਦੇਣ ਬਾਰੇ ਜਾਗਰੂਕ ਕਰਨਾ ਹੈ।

## 2.1 ਜਾਣ ਪਛਾਣ

20 ਵੀਂ ਸਦੀ ਵਿੱਚ ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ ਅਤੇ ਪ੍ਰੋਫ਼ੈਸਰ ਪੂਰਨ ਸਿੰਘ ਆਦਿ ਮਹਾਨ ਵਿਦਵਾਨ ਪੈਦਾ ਹੋਏ ਜਿਨ੍ਹਾਂ ਦੀ ਗੁਰਬਾਣੀ ਵਿਆਖਿਆ ਅਦੁੱਤੀ ਤੇ ਸ੍ਰੇਸ਼ਟ ਹੈ। ਪ੍ਰੋਫ਼ੈਸਰ ਪੂਰਨ ਸਿੰਘ ਕੋਲ ਇੱਕ ਉੱਚੀ ਕਵੀ ਦਾ ਦਿਲ, ਰਹੱਸਵਾਦੀ ਅਨੁਭਵ ਅਤੇ ਅਧਿਆਤਮਿਕ ਗਿਆਨ ਮੌਜੂਦ ਸੀ। ਆਪ ਵਿਚ ਕਵੀ, ਚਿੰਤਕ ਅਤੇ ਰਹੱਸਵਾਦੀ ਦੇ ਸਦਗੁਣ ਸਮਲਿਤ ਸਨ। ਜੋ ਗੋਚਰ ਦੀਆਂ ਬੌਧਿਕ ਸੀਮਾਵਾਂ ਤੋਂ ਪਾਰ ਜਾ ਕੇ ਅਗੋਚਰ ਦੀ ਈਸ਼ਵਰੀ ਮੰਡਲ ਤਕ ਜਾ ਪੁੱਜਦਾ ਹੈ। ਆਪ ਵਿਚ ਉੱਚ ਕੋਟੀ ਦੀ ਪ੍ਰਤਿਭਾ, ਵਿਸ਼ਵ ਵਿਆਪੀ ਅਧਿਆਤਮਿਕ ਚੇਤੰਨਤਾ ਵਿਦਮਾਨ ਸੀ ਅਤੇ ਪੂਰਬ ਤੇ ਪੱਛਮ ਦੇ ਦਾਰਸ਼ਨਿਕ ਗਿਆਨ ਤੋਂ ਬਿਨਾਂ ਆਪ ਅਧਿਆਤਮਿਕ ਦਰਸ੍ਹਨ ਦੀਆਂ ਧੁਰ ਡੂੰਘਾਣਾਂ ਤੋਂ ਜਾਣੂ ਅਤੇ ਇਸ ਦੇ ਰਹੱਸ ਨੂੰ ਕਾਵਿਮਈ ਭਾਸ਼ਾ ਵਿੱਚ ਪ੍ਰਗਟਾਉਣ ਦੇ ਪੂਰਨ ਤੌਰ ਤੇ ਸਮਰੱਥ ਸਨ। ਪ੍ਰੋ. ਕਿਰਪਾਲ ਸਿੰਘ ਅਨੁਸਾਰ ਆਪ ਨੇ ਸਿੱਖ ਇਤਿਹਾਸ ਦੀ ਮਾਰਮਿਕ ਵਿਆਖਿਆ ਕੀਤੀ ਹੈ ਅਤੇ ਗੁਰਮਤਿ ਅਥਵਾ ਸਿੱਖ ਚਿੰਤਨ ਦੀਆਂ ਕਈ ਅਜਿਹੀਆਂ ਕੜੀਆਂ ਨੂੰ ਖੋਲ੍ਹਿਆ ਗਿਆ ਹੈ ਜਿਨ੍ਹਾਂ ਤਕ ਪਹੁੰਚ ਕੇਵਲ ਪੂਰਨ ਸਿੰਘ ਵਰਗੀ ਕਵੀ ਆਤਮਾ ਤੇ ਮੌਲਿਕ ਚਿੰਤਕ ਦੀ ਹੀ ਹੋ ਸਕਦੀ ਸੀ। ਸਿੱਖ ਚਿੰਤਨ ਸਬੰਧੀ ਆਪ ਦੀ ਪ੍ਰਤਿਭਾ ਦੀ ਮੌਲਿਕਤਾ ਉਨ੍ਹਾਂ ਦੇ ਰਚੇ ਗਏ ਅਧਿਆਤਮਿਕ ਗ੍ਰੰਥਾਂ ਤੋਂ ਭਲੀ ਭਾਂਤ ਉਜਾਗਰ ਹੋ ਜਾਂਦੀ ਹੈ।

ਉਨ੍ਹਾਂ ਵਿਗਿਆਨ ਦੇ ਖੇਤਰ ਵਿੱਚ, ਪੱਤਰਕਾਰੀ ਦੇ ਖੇਤਰ ਵਿੱਚ, ਦੇਸ਼ ਭਗਤੀ ਦੇ ਖੇਤਰ ਵਿਚ, ਘਰੇਲੂ ਉਦਯੋਗ ਦੇ ਖੇਤਰ ਵਿੱਚ, ਕਿਰਸਾਣੀ ਦੇ ਖੇਤਰ ਵਿੱਚ, ਅਧਿਆਤਮਿਕਤਾ ਦੇ ਖੇਤਰ ਵਿੱਚ ਅਤੇ ਸਭ ਤੋਂ ਵੱਧ ਕੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਤਿੰਨ ਭਾਸ਼ਾਵਾਂ ਵਿੱਚ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਇੰਨੀਆਂ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਕਿ ਪੰਜਾਬੀ, ਹਿੰਦੀ ਦਾ ਇਤਹਾਸ ਪ੍ਰੋਫ਼ੈਸਰ ਪੂਰਨ ਸਿੰਘ ਦੇ ਮਹੱਤਵਪੂਰਨ ਜ਼ਿਕਰ ਤੋਂ ਬਿਨਾਂ ਅਧੂਰਾ ਹੀ ਰਹਿੰਦਾ ਹੈ।

## 2.2 ਜਨਮ ਅਤੇ ਮਾਤਾ ਪਿਤਾ

ਪ੍ਰੋ. ਪੂਰਨ ਸਿੰਘ ਦਾ ਜਨਮ ਪਾਕਿਸਤਾਨ ਦੇ ਐਬਟਾਬਾਦ ਜ਼ਲ੍ਹਿ ਦੇ ਇੱਕ ਨਿੱਕੇ ਜਿਹੇ ਪਿੰਡ ਸਲਹੱਡ ਵਿੱਚ 17 ਫਰਵਰੀ 1881 ਈਸਵੀ ਨੂੰ ਮਾਤਾ ਪਰਮਾ ਦੇਵੀ ਦੀ ਕੁੱਖੋਂ ਪਿਤਾ ਕਰਤਾਰ ਸਿੰਘ ਦੇ ਗ੍ਰਹਿ ਵਿਖੇ ਹੋਇਆ। ਪਿਤਾ ਜੀ ਸਰਕਾਰੀ ਨੌਕਰੀ (ਪਟਵਾਰੀ) ਕਾਰਨ ਆਪਣੇ ਜੱਦੀ ਪਿੰਡ ਡੇਰਾ 'ਖਾਲਸਾ' ਤਹਿਸੀਲ ਕਹੂਟਾ, ਜ਼ਿਲ੍ਹਾ ਰਾਵਲਪਿੰਡੀ ਤੋਂ ਦੂਰ ਰਹਿੰਦੇ ਸਨ। ਜਿਸ ਕਰਕੇ ਬਾਲਕ ਪੂਰਨ ਸਿੰਘ ਦੀ ਦੇਖ-ਭਾਲ ਮਾਤਾ ਪਰਮਾ ਦੇਵੀ ਨੇ ਹੀ ਕੀਤੀ।

## 2.3 ਵਿਦਿਆ

ਆਪ ਜੀ ਨੇ ਮੁੱਢਲੀ ਵਿੱਦਿਆ 'ਹਵੇਲੀਆਂ' ਪਿੰਡ ਦੀ ਮਸੀਤ ਵਿੱਚ ਮੌਲਵੀ ਪਾਸੋਂ ਪ੍ਰਾਪਤ ਕੀਤੀ। ਫਿਰ ਪਿੰਡ ਦੀ ਧਰਮਸ਼ਾਲਾ ਵਿੱਚ ਭਾਈ ਬੇਲਾ ਸਿੰਘ ਗ੍ਰੰਥੀ ਕੋਲੋਂ ਗੁਰਮੁਖੀ ਪੜ੍ਹੀ। 1895 ਈਸਵੀ ਵਿੱਚ ਰਾਵਲਪਿੰਡੀ ਸਕੂਲ ਤੋਂ ਦਸਵੀਂ ਪਾਸ ਕੀਤੀ। ਰਾਵਲਪਿੰਡੀ ਦੇ ਸਕੂਲ ਦੀ ਜੀਵਨੀ ਵਿੱਚ ਆਪ ਦੇ ਸੁਭਾਅ ਵਿੱਚ ਤਿੰਨ ਗੁਣ ਚਮਕਣ ਲੱਗ ਪਏ ਉਹ ਸਨ- ਪਿਆਰ, ਏਕਤਾ, ਖੁੱਲ੍ਹਦਿਲੀ। ਆਪ ਆਪਣੀਆਂ ਚੀਜ਼ਾਂ ਹੋਰਨਾਂ ਨੂੰ ਦੇ ਛੱਡਦੇ ਸਨ। ਸਭ ਨਾਲ ਮਿੱਠਤ ਨਾਲ ਵਰਤਦੇ ਤੇ ਹਰ ਕਿਸੇ ਨੂੰ ਗਲਵੱਕੜੀਆਂ ਪਾ-ਪਾ ਮਿਲਦੇ ਸਨ। ਮੈਟ੍ਰਿਕ ਪਾਸ ਕਰਨ ਉਪਰੰਤ ਡੀ. ਏ. ਵੀ. ਕਾਲਜ ਲਾਹੌਰ ਵਿੱਚ ਦਾਖ਼ਲਾ ਹੋਇਆ। 1900 ਈਸਵੀ ਵਿੱਚ ਬੀ. ਏ. ਦੀ ਪੜ੍ਹਾਈ ਵਿੱਚੇ ਛੱਡ ਕੇ ਭਗਤ ਗੋਕਲ ਚੰਦ ਦੀ ਸਹਾਇਤਾ ਨਾਲ ਸਾਇੰਸ ਵਿਚ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਜਾਪਾਨ ਚਲੇ ਗਏ। 1900 ਈ. ਵਿੱਚ ਟੋਕੀਓ ਪਹੁੰਚੇ ਤੇ ਇੰਪੀਰੀਅਲ ਯੂਨੀਵਰਸਿਟੀ ਵਿਚ ਫਾਰਮਾਸਿਊਟੀਕਲ ਕੈਮਿਸਟਰੀ ਦੀ ਪੜ੍ਹਾਈ ਸ਼ੁਰੂ ਕੀਤੀ। ਇੱਥੇ ਆਪ ਨੇ ਜਾਪਾਨੀ ਤੇ ਜਰਮਨ ਭਾਸ਼ਾ ਸਿੱਖੀ। ਆਪਣੀ ਭੈਣ ਨਾਲ ਕੀਤੇ ਵਾਅਦੇ ਨੂੰ ਨਿਭਾਉਣ ਲਈ 5 ਮਾਰਚ 1904 ਈਸਵੀ ਨੂੰ

ਭਗਤ ਜਵਾਹਰ ਮੱਲ ਦੀ ਪੋਤਰੀ ਮਾਇਆ ਦੇਵੀ ਨਾਲ ਵਿਆਹ ਕਰਵਾ ਲਿਆ। ਅਗਸਤ 1904 ਵਿਚ ਲਾਹੌਰ ਦੇ ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਟੈਕਨੀਕਲ ਇੰਸਟੀਚਿਊਟ ਵਿੱਚ ਪ੍ਰਿੰਸੀਪਲ ਬਣੇ ਤੇ ਨਵੰਬਰ 1906 ਤੱਕ ਰਹੇ।

ਪ੍ਰੋ. ਪੂਰਨ ਸਿੰਘ ਨੇ ਤੇਲ ਆਦਿ ਦੀਆਂ ਭੱਠੀਆਂ ਦਾ ਕੰਮ ਭਾਈਵਾਲਾਂ ਨਾਲ ਮਿਲ ਕੇ ਸ਼ੁਰੂ ਕੀਤਾ ਪਰੰਤੂ ਕਿਸੇ ਕਾਰਨ ਕਰਕੇ ਇਹ ਕੰਮ ਬੰਦ ਕਰਕੇ ਪ੍ਰੋ. ਪੂਰਨ ਸਿੰਘ ਦੇਹਰਾਦੂਨ ਚਲਾ ਗਿਆ। 1906 ਈਸਵੀ ਵਿੱਚ ਸਾਬਣ ਦੀ ਫੈਕਟਰੀ ਲਗਾ ਲਈ। 1912 ਈਸਵੀ ਵਿਚ ਭਾਈ ਵੀਰ ਸਿੰਘ ਦੀ ਸੰਗਤ ਵਿਚ ਪੂਰਨ ਸਿੱਖੀ ਅਪਣਾ ਲਈ। 1918 ਈਸਵੀ ਵਿੱਚ ਗਵਾਲੀਅਰ ਦੇ ਮਹਾਰਾਜੇ ਦੀ ਨੌਕਰੀ ਪ੍ਰਾਪਤ ਕੀਤੀ। ਪੰਜਾਬ ਸਰਕਾਰ ਨੇ ਰੇਸ਼ਾ ਘਾਹ ਲਗਾਉਣ ਵਾਸਤੇ ਜ਼ਮੀਨ ਦਿੱਤੀ। ਚੱਕਾਂ ਵਿਚ ਹੜ੍ਹ ਆਉਣ ਨਾਲ ਰੇਸ਼ਾ ਘਾਹ ਤਬਾਹ ਹੋ ਗਿਆ। ਪ੍ਰੋ. ਪੂਰਨ ਸਿੰਘ ਦੇਹਰਾਦੂਨ ਵਾਪਸ ਚਲਾ ਗਿਆ। ਦੇਹਰਾਦੂਨ ਵਿਖੇ ਟੀ. ਬੀ. ਦੀ ਬਿਮਾਰੀ ਨਾਲ ਜੂਝਦਿਆਂ 31 ਮਾਰਚ 1931 ਨੂੰ ਪ੍ਰੋ. ਪੂਰਨ ਸਿੰਘ ਅਕਾਲ ਚਲਾਣਾ ਕਰ ਗਏ।

## 2.4 ਰਚਨਾ ਸੰਸਾਰ

### 1.ਪੰਜਾਬੀ ਕਵਿਤਾ

ਖੁੱਲ੍ਹੇ ਮੈਦਾਨ

ਖੁੱਲ੍ਹੇ ਘੁੰਡ

ਖੁੱਲ੍ਹੇ ਅਸਮਾਨੀ ਰੰਗ

ਪੂਰਨ ਸਿੰਘ: ਜੀਵਨੀ ਤੇ ਕਵਿਤਾ (ਸੰਪਾਦਕ ਮਹਿੰਦਰ ਸਿੰਘ ਰੰਧਾਵਾ)

### 2.ਪੰਜਾਬੀ ਵਾਰਤਕ

ਖੁੱਲ੍ਹੇ ਲੇਖ

ਕੰਨਿਆ ਦਾਨ ਤੇ ਹੋਰ ਲੇਖ (ਹਿੰਦੀ ਲੇਖਾਂ ਦਾ ਪੰਜਾਬੀ ਅਨੁਵਾਦ)

### 3.ਪੰਜਾਬੀ ਵਿੱਚ ਅਨੁਵਾਦ

ਮੋਇਆਂ ਦੀ ਜਾਗ: ਟਾਲਸਟਾਏ ਦੇ ਨਾਵਲ Resurection ਦਾ ਅਨੁਵਾਦ

ਅਬਚਲੀ ਜੋਤ: ਐਮਰਸਨ ਦੀ ਰਚਨਾ Essay of the poet ਦਾ ਅਨੁਵਾਦ

ਕਲਾ ਤੇ ਕਲਾਧਾਰੀ ਦੀ ਪੂਜਾ: ਕਾਰਲਾਈਨ ਦੀ ਪੁਸਤਕ Hero and Hero Worship ਦਾ ਅਨੁਵਾਦ

### 4.ਅੰਗਰੇਜ਼ੀ ਵਿਚ ਅਨੁਵਾਦ

Nargas: ਭਾਈ ਵੀਰ ਸਿੰਘ ਦੀ ਕਵਿਤਾ ਦਾ ਅਨੁਵਾਦ

Sundri: ਨਾਵਲ 'ਸੁੰਦਰੀ' ਦਾ ਅਨੁਵਾਦ

Japji: ਜਪੁਜੀ ਸਾਹਿਬ ਦਾ ਅਨੁਵਾਦ

### 5.ਅੰਗਰੇਜ਼ੀ ਕਵਿਤਾ

The Sisters of Spinning Wheel

The Unstrung Beads

At His Feet

An Afternoon With The Self

Seven Baskets of Prose Poem

Burning Candles

The Bridge of the Sky

**6.ਅੰਗਰੇਜੀ ਵਾਰਤਕ**

The Spirit of Oriental Poetry

On Paths of Life

The Spirit Born People

Guru Gobind Singh Thoughts and Reflections

The Himalayan Pines

The Temple Tulips

The Story of Swami Rama

The Book of Ten Masters

The Spirit of Sikhs, Vol.1 to 3

**7.ਪ੍ਰੋ. ਪੂਰਨ ਸਿੰਘ ਦੀ ਰਚਨਾ ਦਾ ਪੰਜਾਬੀ ਅਨੁਵਾਦ**

ਸਿੱਖੀ ਦੀ ਆਤਮਾ: The Spirit of the Sikhs ਦਾ ਪ੍ਰੋਫ਼ੈਸਰ ਕਿਰਪਾਲ ਸਿੰਘ ਕਸੇਲ ਦੁਆਰਾ ਅਨੁਵਾਦ।

ਆਤਮਾ ਦੀ ਕਵਿਤਾ: ਪੂਰਨ ਸਿੰਘ ਦੀ ਅੰਗਰੇਜ਼ੀ ਕਵਿਤਾਵਾਂ ਦਾ ਪ੍ਰੋਫ਼ੈਸਰ ਕਿਰਪਾਲ ਸਿੰਘ ਕਸੇਲ ਅਤੇ ਸਤਿੰਦਰ ਸਿੰਘ ਨੰਦਾ ਦੁਆਰਾ ਅਨੁਵਾਦ।

## 2.5 ਵਿਦਵਾਨਾ ਦੀ ਨਜ਼ਰ ਵਿਚ ਪ੍ਰੋ. ਪੂਰਨ ਸਿੰਘ

### 2.5.1 ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਤੇਰੇ ਸੁਰਤ ਉਛਾਲੇ ਤੈਨੂੰ, ਖਿਦੂ ਜਿਉਂ ਬੁੜ੍ਹਕਾਵਨ।
ਫਰਸ਼ੋਂ ਚੁਕ ਅਰਸ਼ ਵਲ ਤੇਰੇ, ਹੰਭਲੇ ਪਏ ਮਰਵਾਵਨ।
ਕਿਸੇ ਉਛਾਲੇ ਸਮੇਂ ਅਰਸ਼ ਦੇ, ਆ ਗਈ ਹੱਥ ਕਲਾਈ।
ਖਿਚ ਉਤਾਂਹ ਲਿਆ ਤੁਧੇ ਨੂੰ, ਬਾਗ ਆਪਣੇ ਲਾਵਨ।

### 2.5.2 ਬਾਵਾ ਬੁੱਧ ਸਿੰਘ

ਪ੍ਰੋ. ਪੂਰਨ ਸਿੰਘ ਸਚਮੁਚ ਪੂਰਨ ਸੰਤ ਸਨ। ਉਨ੍ਹਾਂ ਦੀ ਆਤਮਾ ਵਿਚ ਇਕ ਤੌਖਲਾ, ਇਕ ਭੜਕਨਾ, ਇਕ ਬਿਰਹਾਂ ਦੀ ਸਾਂਗ ਸੀ, ਜਿਹੜੀ ਇਕ ਛਿਨ ਪਲ ਲਈ ਵੀ ਉਸ ਸੋਹਣੇ ਪ੍ਰੀਤਮ ਦੇ ਮੇਲ ਬਿਨਾਂ ਰਹਿਣ ਨਹੀਂ ਸੀ ਦਿੰਦੀ। ਕਦੀ ਰੁੰਡਮੁੰਡ ਸੰਨਿਆਸੀ ਸਨ ਤੇ ਕਦੀ ਲੰਮੇ ਦਾਹੜੇ ਵਾਲੇ ਸਜੀਲੇ ਖ਼ਾਲਸਾ। ਜੇ ਰੁੰਡਮੁੰਡ ਰਹਿੰਦੇ, ਸਵਾਮੀ ਰਾਮ ਤੀਰਥ ਵਾਗੂੰ ਚਮਕ ਉਠਦੇ। ਲੂੰ ਲੂੰ ਵਿੱਚੋਂ ਬ੍ਰਹਮੱਸਮੀਂ ਦੀ ਗੂੰਜ ਨਿਕਲਦੀ, ਅਨਲਹਕ ਦਾ ਨਾਹਰਾ ਸੂਲੀ ਤੇ ਗਜਦਾ। ਗਲ ਕੀ ਇਕ ਅਨੋਖੀ ਹਸਤੀ ਸੀ, ਜਿਹੜੀ ਦੂਰੋਂ ਕੈਲਾਸ਼ ਵਾਂਗੂੰ ਚਮਕਦੀ, ਤੇ ਸੀ ਬਰਫ਼, ਬਰਫਾਨੀ ਤੋਦਾ, ਪਰ ਗੁਰ ਸਿਖੀ ਦੀ ਤਪਸ਼ ਨੇ ਛੁਹ ਕੇ ਤਪਸ਼ ਪੈਦਾ ਕਰ ਦਿਤੀ। ਬਰਫ ਨੂੰ ਅਗ ਲਾ ਦਿਤੀ। ਪਿਆਰੇ ਦਾ ਇਸ਼ਕ ਤੇ ਇਸ਼ਕੋਂ ਬਿਰਹੋਂ ਦੀ ਅਗ ਭੜਕ ਉਠੀ, ਕੈਲਾਸ਼ ਬਲ ਉਠਿਆ। ਨੂਰ ਵਿਚ ਢਕਿਆ ਗਿਆ ਤੇ ਸਮੇਰੂ ਕਹਾਇਆ। ਇਹੀ ਸਾਡਾ ਪੂਰਨ ਸਿੰਘ ਸੀ।

### 2.5.3 ਗਿ: ਹੀਰਾ ਸਿੰਘ 'ਦਰਦ'

ਆਪ ਚੋਟੀ ਦੇ ਵਿਦਵਾਨ, ਅੰਗਰੇਜ਼ੀ ਤੇ ਪੰਜਾਬੀ ਦੇ ਜ਼ਬਰਦਸਤ ਲਿਖਾਰੀ ਤੇ ਜਾਦੂ ਬਿਆਨ ਸਪੀਕਰ ਸਨ। ਆਪ ਨੇ ਪੰਜਾਬੀ ਵਿਚ ਨਵੇਂ ਢੰਗ ਦੀ ਖੁੱਲ੍ਹੀ ਕਵਿਤਾ ਲਿਖਣ ਦਾ ਮੁੱਢ ਬਧਾ। ਖੁੱਲ੍ਹੇ ਮੈਦਾਨ, ਖੁੱਲ੍ਹੇ ਘੁੰਡ, ਖੁੱਲ੍ਹੇ ਲੇਖ, ਆਪ ਦੀਆਂ ਪੰਜਾਬੀ ਪੁਸਤਕਾਂ ਆਪਣਾ ਨਮੂਨਾ ਆਪ ਹਨ। ਆਪ ਦੇ ਅਕਾਲ ਚਲਾਣੇ ਨਾਲ ਇਕ ਉੱਚ ਕੋਟੀ ਦਾ ਕਵੀ, ਮਹਾਨ ਲਿਖਾਰੀ, ਅਲਬੇਲਾ ਤੇ ਧੜੱਲੇਦਾਰ ਸਪੀਕਰ ਅਤੇ ਗੁਰ ਸਿਖੀ ਦਾ ਸਚਾ ਪ੍ਰੇਮੀ ਖੋਹਿਆ ਗਿਆ ਹੈ।

### 2.5.4 ਪ੍ਰੋਫ਼ੈਸਰ ਤੇਜਾ ਸਿੰਘ ਜੀ

ਪ੍ਰੋ. ਪੂਰਨ ਸਿੰਘ ਜੀ ਨੇ ਇਕ ਦੋ ਕਿਤਾਬਾਂ ਪੰਜਾਬੀ ਕਵਿਤਾ ਵਿੱਚ ਦਿੱਤੀਆਂ ਹਨ। ਉਹ ਵਾਰਤਕ ਕਵਿਤਾ ਵਿੱਚ ਲਿਖੀਆਂ ਹੋਈਆਂ ਹਨ। ਇਸ ਕਵਿਤਾ ਵਿੱਚ ਰੌ ਨੂੰ ਸਾਂਭਣਾ ਬੜਾ ਔਖਾ ਹੁੰਦਾ ਹੈ। ਉਨ੍ਹਾਂ ਦੇ ਲਫ਼ਜ਼ਾਂ ਦੀ ਚੋਣ ਤੇ ਵਿਉਂਤ ਕਵੀ ਦੇ ਅਸਲੀ ਭਾਵ ਨੂੰ ਸਾਡੇ ਸਾਹਮਣੇ ਲਿਆਉਂਦੀ ਹੈ। ਜਿਸ ਤਰ੍ਹਾਂ ਦਾ ਖਿਆਲ ਦਾ ਵਹਿਣ ਹੁੰਦਾ ਹੈ ਬੋਲੀ ਵੀ ਉਸੇ ਤਰ੍ਹਾਂ ਚੱਲਦੀ ਹੈ। ਇਸ ਚਾਲ ਨੂੰ ਨਿਭਾਉਣਾ ਤੁਕਾਂਤ ਮਿਲਾਉਣ ਨਾਲੋਂ ਔਖਾ ਹੈ।

ਪ੍ਰੋਫ਼ੈਸਰ ਜੀ ਦੀਆਂ ਕਈ ਕਵਿਤਾਵਾਂ ਦਾ ਦੇਸ਼-ਪਿਆਰ ਕਿਸੇ ਨਾਲ ਘਿਰਣਾ ਨਹੀਂ ਸਿਖਾਉਂਦਾ। ਸਗੋਂ ਦੇਸ਼ ਦੀ ਮਿੱਟੀ, ਦੇਸ਼ ਦੇ ਦਰਿਆਵਾਂ, ਪਹਾੜਾਂ, ਮਨੁੱਖਾਂ ਤੇ ਨਜ਼ਾਰਿਆਂ ਨਾਲ ਸਾਡਾ ਮਨ ਜੋੜਦਾ ਹੈ। ਇਹ ਖੂਬੀ ਅਜੇ ਤਕ ਕਿਸੇ ਹੋਰ ਕਵੀ ਵਿਚ ਨਹੀਂ ਲਭਦੀ।

ਖੁੱਲ੍ਹੇ ਮੈਦਾਨ ਦੇ ਕਈ ਟੋਟਕੇ ਬਹੁਤ ਉੱਚੀ ਕਵਿਤਾ ਦੇ ਹਨ। ਪ੍ਰੋਫ਼ੈਸਰ ਜੀ ਦੀ ਕਵਿਤਾ ਸਾਡੇ ਦਿਲ ਵਿਚ ਪੰਜਾਬ ਤੇ ਪੰਜਾਬੀ ਵਾਸਤੇ ਪਿਆਰ ਉਪਜਾਉਂਦੀ ਹੈ ਤੇ ਸਾਰਾ ਸੰਸਾਰ ਆਪਣਾ ਭਾਸ਼ਣ ਲਗ ਜਾਂਦਾ ਹੈ।

### 2.5.5 ਡਾ. ਦੀਵਾਨ ਸਿੰਘ

ਤੂੰ ਕੀ ਸੈਂ?

ਤੂੰ ਇਕ ਚੁੰਬਕ ਸੈਂ- ਖਿੱਚ ਲੈਣ ਵਾਲਾ ਬੰਨ੍ਹ ਕੇ ਬਹਾਲ ਛਡਣ ਵਾਲਾ, ਆਪਣੇ ਹਲਕੇ ਦਾ ਬੇ ਉਜ਼ਰ ਗੋੱਲਾ ਬਣਾ ਲੈਣ ਵਾਲਾ, ਪਰ ਤੇਰੀ ਗੁਲਾਮੀ ਵਿਚ ਇਕ ਸੁਆਦ ਸੀ, ਇਕ ਬੇਖ਼ੁਦੀ ਸੀ ਐਸੀ, ਕਿ ਆਜ਼ਾਦੀ ਉਸ ਤੋਂ ਆਪਣਾ ਆਪ, ਆਪਣੇ ਆਪ ਸਦਕੇ ਕਰਦੀ ਸੀ ਹਜ਼ਾਰ ਵਾਰ। ਤੂੰ ਇਕ ਚਸ਼ਮਾਂ ਸੈਂ ਉਮ੍ਹਲਦਾ, ਡੁਲ੍ਹਦਾ, ਸੈਰਾਬ ਕਰਦਾ, ਠੰਢ ਪਾਂਦਾ, ਪਿਆਸ ਬੁਝਾਂਦਾ।

ਆਹ ਤੂੰ ਕਦੇ ਨਹੀਂ ਜਾਣੇਗਾ ਕਿ ਕਿੰਨੇ ਸਨ ਤੇਰੇ ਦੂਰ ਦੇ ਆਸ਼ਕ, ਪਰ ਇਹ ਸੱਚ ਹੈ ਕਿ ਉਨ੍ਹਾਂ ਦੀ ਗਿਣਤੀ ਤੇਰੇ ਜਾਣੂ ਆਸ਼ਕਾਂ ਤੋਂ ਹਜ਼ਾਰ ਗੁਣਾ ਵਧ ਸੀ।

### 2.5.6 ਪ੍ਰੋ. ਪ੍ਰੀਤਮ ਸਿੰਘ

ਪ੍ਰੋ. ਪੂਰਨ ਸਿੰਘ ਜੀ ਵਾਰਤਕ ਕਵੀ ਦੇ ਤੌਰ ਤੇ ਬਹੁਤ ਉਘੇ ਹਨ ਤੇ ਇਨ੍ਹਾਂ ਦੀ ਲਿਖਤ ਦੇ ਢੰਗ ਉੱਤੇ ਵਿੱਟਮੈਨ, ਐਮਰਸਨ, ਰਸਕਿਨ, ਟਾਲਸਟਾਇ, ਕਾਰਲਾਈਲ ਤੇ ਟੈਨੀਸਨ ਦਾ ਬਹੁਤ ਅਸਰ ਹੈ। ਉਹ ਬਹੁਤ ਕਿਤਾਬਾਂ ਪੜ੍ਹਦੇ ਸਨ। ਉਨ੍ਹਾਂ ਦੀ ਲਿਖਤ ਗੰਭੀਰਤਾ, ਨਿਰੋਲਤਾ, ਤੇ ਮਿਥਣ ਸ਼ਕਤੀ ਲਈ ਉਘੀ ਹੈ। ਉਨ੍ਹਾਂ ਦੀ ਰਵਾਨ ਕਲਮ ਵਿਚੋਂ ਲਫਜ਼ ਇਉਂ ਚਲਦੇ ਹਨ ਜਿਵੇਂ ਨਦੀ ਵਿਚ ਪਾਣੀ। ਅਜਿਹੀਆਂ ਉਚ ਹਸਤੀਆਂ ਕਦੇ ਨਹੀਂ ਮਰਦੀਆਂ। ਉਨ੍ਹਾਂ ਦੀ ਲਿਖਤ ਉਨ੍ਹਾਂ ਨੂੰ ਸਦਾ ਜਿਉਂਦੇ ਰਖਦੀ ਹੈ। ਇਹੀ ਖਿਆਲ ਹੁਣ ਸਾਡਾ ਸਹਾਰਾ ਹੈ।

## 2.6 ਜੀਵਨ ਤੇ ਪ੍ਰਭਾਵ

ਪ੍ਰੋ. ਪੂਰਨ ਸਿੰਘ ਦੀ ਜੀਵਨੀ ਪੜ੍ਹਨ ਤੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਵੱਖ-ਵੱਖ ਸਮੇਂ ਵਿੱਚ ਵੱਖ-ਵੱਖ ਸ਼ਖ਼ਸੀਅਤਾਂ ਦਾ ਪ੍ਰਭਾਵ ਕਬੂਲਿਆ। ਆਪਣੇ ਜੀਵਨ ਕਾਲ ਦੌਰਾਨ ਉਨ੍ਹਾਂ ਨੇ ਸਵਾਮੀ ਰਾਮ ਤੀਰਥ, ਜਾਪਾਨੀ ਕਵੀ ਵਾਲਟ ਵਿਟਮੈਨ, ਅਤੇ ਭਾਈ ਵੀਰ ਸਿੰਘ ਜੀ ਦਾ ਨਾਮ ਆਉਂਦਾ ਹੈ ਜਿਨ੍ਹਾਂ ਦਾ ਪ੍ਰਭਾਵ ਪ੍ਰੋ. ਪੂਰਨ ਸਿੰਘ ਦੇ ਜੀਵਨ ਉੱਤੇ ਪਿਆ। ਸਵਾਮੀ ਰਾਮ ਤੀਰਥ ਦੇ ਪ੍ਰਭਾਵ ਸਦਕਾ ਪੂਰਨ ਸਿੰਘ ਨੇ ਸੰਨਿਆਸ ਧਾਰਨ ਕੀਤਾ ਅਤੇ ਬਾਅਦ ਵਿਚ ਉਨ੍ਹਾਂ ਦੀ ਜੀਵਨੀ ਵੀ ਲਿਖੀ। ਉਨ੍ਹਾਂ ਦੇ ਪ੍ਰਭਾਵ ਅਧੀਨ ਉਨ੍ਹਾਂ ਨੇ ਵਿਆਹ ਨਾ ਕਰਾਉਣ ਦਾ ਵੀ ਪ੍ਰਣ ਲਿਆ ਸੀ ਪਰ ਭੈਣ ਦੇ ਕਹਿਣ ਤੇ ਉਨ੍ਹਾਂ ਨੇ ਗ੍ਰਹਿਸਥ ਜੀਵਨ ਧਾਰਨ ਕੀਤਾ। ਭਾਈ ਵੀਰ ਸਿੰਘ ਦੇ ਪ੍ਰਭਾਵ ਸਦਕਾ ਪ੍ਰੋ. ਪੂਰਨ ਸਿੰਘ ਮੁੜ ਸਿੱਖੀ ਵੱਲ

ਰੁਚਿਤ ਹੋ ਗਏ ਅਤੇ ਪੰਜ ਕਕਾਰੀ ਰਹਿਤ ਦੇ ਧਾਰਨੀ ਹੋ ਸਿੰਘ ਸਜ ਗਏ। ਜਾਪਾਨ ਵਿੱਚ ਰਹਿਣ ਕਾਰਨ ਸਿੱਧੇ ਅਸਿੱਧੇ ਰੂਪ ਵਿਚ ਆਪ ਜੀ ਤੇ ਜਾਪਾਨੀ ਕਵੀਆਂ ਦਾ ਪ੍ਰਭਾਵ ਪੈਣਾ ਲਾਜ਼ਮੀ ਸੀ।

## 2.7 ਸ਼ਖ਼ਸੀਅਤ

ਪ੍ਰੋ. ਪੂਰਨ ਸਿੰਘ ਵਿਲੱਖਣ ਸ਼ਖ਼ਸੀਅਤ ਦਾ ਮਾਲਕ ਸੀ। ਪ੍ਰੋਫ਼ੈਸਰ ਮੋਹਨ ਸਿੰਘ ਅਨੁਸਾਰ- ਪ੍ਰੋ. ਪੂਰਨ ਸਿੰਘ ਇਕ ਰੂਹ ਵਾਲਾ ਬੰਦਾ ਸੀ। ਉਹ ਕਦੀ ਵੀ ਕਿਸੇ ਨੂੰ ਦੂਰੋਂ ਹੱਥ ਜੋੜ ਕੇ ਜਾਂ ਹੱਥ ਮਿਲਾ ਕੇ ਨਹੀਂ ਸੀ ਮਿਲਿਆ। ਜਦ ਮਿਲਦਾ ਸੀ, ਜੱਫੀ ਪਾ ਕੇ ਮਿਲਦਾ ਸੀ। ਭਾਵੇਂ ਉਹ ਆਪ ਦੁਨੀਆਂਦਾਰਾਂ ਵਾਂਗ ਬਾਲ ਬੱਚਿਆਂ, ਮੇਲੀਆਂ-ਗੇਲੀਆਂ ਵਿੱਚ ਰਿਹਾ ਅਤੇ ਰੋਟੀ ਕਮਾਉਣ ਲਈ ਧੰਨ ਵਪਾਰ ਦੀ ਜਿੱਲ੍ਹਣ ਵਿੱਚ ਵੀ ਖੁਭਿਆ ਰਿਹਾ, ਪਰ ਉਸ ਦੀ ਰੂਹ ਮਾਦੀ ਪਦਾਰਥਾਂ ਤੋਂ ਸਦਾ ਉਚੀ ਉਡਦੀ ਰਹੀ ਹੈ।

## 2.8 ਇਸਤਰੀ ਪ੍ਰਤੀ ਸਤਿਕਾਰ

ਪ੍ਰੋ. ਪੂਰਨ ਸਿੰਘ ਇਸਤਰੀ ਦਾ ਸਤਿਕਾਰ ਕਰਦਾ ਹੈ ਅਤੇ ਉਸ ਨੂੰ ਉੱਚਾ ਦਰਜਾ ਦਿੰਦਾ ਹੈ। ਇਸ ਪ੍ਰਕਾਰ ਉਹ ਪੁਰਾਤਨ ਖਿਆਲੀਆਂ ਤੋਂ ਟੁੱਟ ਗਿਆ ਜਿਹੜੇ ਇਸਤਰੀ ਨੂੰ ਬਹੁਤ ਨੀਵਾਂ ਖ਼ਿਆਲ ਕਰਦੇ ਸਨ। ਮਾਂ ਬਾਰੇ ਉਹ ਲਿਖਦਾ ਹੈ-

ਮਾਂ ਦੇ ਦਿਲ ਦਾ ਯੋਗ ਦੇਖੋ ਕਿਹਾ ਠੀਕ ਉਤਰਦਾ
ਹਾਂ! ਮਾਂ ਦੀ ਨਦਰ ਵਿਚ ਇਕ ਡੂੰਘਾ ਕੋਈ ਅਸਰਾਰ ਹੈ
ਰੱਬ ਆਪ ਉਤਰਦਾ ਮਾਂ ਦੇ ਦਿਲ ਵਿੱਚ, ਉਹਦੀ ਬਾਹਾਂ ਵਿਚ, ਝੋਲ ਵਿੱਚ
ਰੱਬ ਆਪ ਮਾਂ ਦੀ ਨਦਰ ਉੱਚੀ ਕਰਦਾ ਸਿੱਧੀ,
ਮਾਂ ਰੱਬ ਦਾ ਕੋਈ ਡਾਢਾ ਸੋਹਣਾ ਆਵੇਸ਼ ਹੈ।

ਅੱਗੇ ਚੱਲ ਕੇ ਕਵੀ ਲਿਖਦਾ ਹੈ-

ਮਾਂ ਦਿਲ, ਮਾਂ ਪਿਆਰ, ਮਾਂ ਦੀਆਂ ਛਾਵਾਂ, ਮਾਂ ਦੀ ਅਸੀਸ,
ਇਹ ਗੱਲਾਂ ਉੱਚੀਆਂ, ਬੇ ਕੀਮਤੀਆਂ, ਇਹ ਮਾਂ ਹੋਣ ਦੀ ਕਮਾਲ ਕਮਾਈ ਹੈ।

'ਘਰ ਕੀ ਗਹਲ ਚੰਗੀ' ਕਵਿਤਾ ਵੀ ਇਸਤਰੀ ਨੂੰ ਉੱਚਾ ਦਰਜਾ ਦਿੰਦੀ ਹੈ। ਘਰ ਦੀ ਆਮ ਸਵਾਣੀ ਹਰੇਕ ਨੂੰ ਸਾਧਾਰਨ ਜਿਹੀ ਪ੍ਰਤੀਤ ਹੁੰਦੀ ਹੈ, ਪਰ ਜੋ ਅਸਧਾਰਣਤਾ ਪ੍ਰੋ. ਪੂਰਨ ਸਿੰਘ ਨੂੰ ਉਸ ਵਿਚ ਦਿਸੀ ਹੈ, ਉਹ ਹਰੇਕ ਨੂੰ ਵਿਖਾਈ ਨਹੀਂ ਦੇ ਸਕਦੀ। ਕਵੀ 'ਘਰ ਕੀ ਗਹਲ ਚੰਗੀ' ਕਵਿਤਾ ਵਿਚ ਲਿਖਦਾ ਹੈ-

ਪਾਣੀ ਕਾਂਸੀ ਦੇ ਛੰਨੇ ਵਿੱਚ ਪਾ,
ਲਿਆ ਮੈਨੂੰ ਪੀਲਾਂਦੀ,
ਮੇਰੀ ਘਰ ਦੀ ਚੰਗੀ ਗਹਲ।।
ਇਸ ਪਾਣੀ ਦਾ ਕੁਝ ਰੰਗ ਅੱਜ ਹੋਰ,
ਚਮਕ ਅਣੋਖੀ, ਇਸ ਛੰਨੇ ਵਿਚੂੰ ਖੁਸ਼ਬੋ ਪਈ ਆਉਂਦੀ।।

## 2.9 ਪ੍ਰਕਿਰਤੀ ਨਾਲ ਪਿਆਰ

ਪ੍ਰਕਿਰਤੀ ਜਾਂ ਕੁਦਰਤ ਬਾਰੇ ਪ੍ਰੋਫ਼ੈਸਰ ਪੂਰਨ ਸਿੰਘ, ਭਾਈ ਵੀਰ ਸਿੰਘ ਵਾਂਗ ਹੀ ਵਿਚਾਰ ਰੱਖਦੇ ਹਨ। ਪ੍ਰੋ. ਪੂਰਨ ਸਿੰਘ ਨੂੰ ਪ੍ਰਕਿਰਤੀ ਨਾਲ ਪਿਆਰ ਸੀ ਅਤੇ ਉਹ ਉਸ ਜੀਵਨ ਨੂੰ ਅਪੂਰਣ ਸਮਝਦਾ ਹੈ ਜਿਸ ਵਿਚ ਪ੍ਰਕਿਰਤੀ ਦਾ ਪਿਆਰ ਨਹੀਂ। ਕਵੀ ਨੂੰ ਪੰਜਾਬ ਦੇ ਦਰਿਆਵਾਂ ਨਾਲ ਪਿਆਰ ਸੀ ਅਤੇ ਉਸ ਨੇ ਆਪਣੇ ਇਸ ਪਿਆਰ ਦਾ ਪ੍ਰਗਟਾਅ ਇਸ ਪ੍ਰਕਾਰ ਕੀਤਾ ਹੈ-

ਦਰਿਆ ਕਿਨਾਰੇ ਰੇਤਾਂ ਚਿੱਟੀਆਂ ਵਿਚ ਲਿਟਣਾ !
ਨੰਗੇ ਹੋ ਧੁੱਪਾਂ ਵਿਚ ਲੇਟਣਾ
ਤੇ ਮਾਰ ਛਾਲ ਦਰਿਆ ਵਿਚ ਨ੍ਹਾਣਾਂ

ਤਰਨਾ ਤੇ ਡੁੱਬਣਾ ਤੇ ਧਾਰ ਵਿਚ ਬਹਿਣਾ
ਹੱਥ ਪੈਰ ਮਾਰਨਾ, ਪਾਣੀ ਉਛਾਲਣਾ,
ਤੇ ਛਟੀਆਂ ਵਿਚ ਕਿਰਨਾਂ ਨੂੰ ਪਕੜਨਾ।

## 2.10 ਪਰਮਾਤਮਾ ਦੀ ਹੋਂਦ

ਪ੍ਰੋ. ਪੂਰਨ ਸਿੰਘ ਦਾ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਹੈ। ਉਸ ਦੀ ਦ੍ਰਿਸ਼ਟੀ ਵਿਚ ਪਰਮਾਤਮਾ ਹਰੇਕ ਵਿਅਕਤੀ ਅੰਦਰ ਹੈ ਭਾਵੇਂ ਪਰਮਾਤਮਾ ਨੂੰ ਵੇਖਣ ਵਾਲੀ ਸ਼ਕਤੀ ਵਿਅਕਤੀ ਨੂੰ ਆਪਣੇ ਅੰਦਰ ਪੈਦਾ ਕਰਨੀ ਚਾਹੀਦੀ ਹੈ। ਉਸ ਦੀ ਨਜ਼ਰ ਵਿਚ ਜਿਸ ਨੂੰ ਪ੍ਰਭੂ ਮਿਲ ਪੈਂਦਾ ਹੈ ਉਸ ਨੂੰ ਕਿਸੇ ਹੋਰ ਦੀ ਲੋੜ ਨਹੀਂ-

ਜੇ ਤੂੰ ਮੇਰਾ ਹੋਵੇ,
ਮੈਂ ਦੇਖਾਂ ਨਿਤ ਤੈਨੂੰ
ਤਾਂ ਮੰਦਰ ਦੀ ਨਾਂਹ ਲੋੜ ਮੈਨੂੰ
ਮਸਜਿਦ, ਗਿਰਜਾ ਮੇਰਾ ਤੂੰ ਹੈਂ।

ਪ੍ਰੋ. ਪੂਰਨ ਸਿੰਘ ਮੁਤਾਬਕ ਰੱਬੀ ਜੋਤਿ ਕਣ-ਕਣ ਵਿਚ ਵਿਆਪਕ ਹੈ ਪਰ ਜਦੋਂ ਉਹ ਕਿਸੇ ਵਿਅਕਤੀ ਅੰਦਰ ਉਤਰਦੀ ਹੈ ਤਾਂ ਉਹ ਉਸ ਦਾ ਹੀ ਕਾਇਆ ਕਲਪ ਨਹੀਂ ਕਰਦੀ ਸਗੋਂ ਸਮਾਜਿਕ ਜੀਵਨ ਦਾ ਕਾਇਆ ਕਲਪ ਕਰ ਦਿੰਦੀ ਹੈ। ਅਧਿਆਤਮਿਕ ਆਦਰਸ਼ ਸਰਬ ਵਿਆਪੀ ਹਨ। ਜੋ ਸਰਬ ਸਾਂਝੇ ਹਨ ਕਿਸੇ ਜਾਤ, ਧਰਮ ਜਾਂ ਨਸਲ ਦੀ ਮਲਕੀਅਤ ਨਹੀਂ ਉੱਥੇ ਸਦਾ ਪ੍ਰਕਾਸ਼ ਬਿਰਾਜਮਾਨ ਰਹਿੰਦਾ ਹੈ। ਜੋ ਅਗਿਆਨ ਅੰਧਕਾਰ ਦਾ ਵਿਨਾਸ਼ ਕਰਦਾ ਹੈ। ਹਉਮੈ ਨੂੰ ਸ਼ਾਂਤ ਕਰਦਾ ਹੈ।

## 2.11 ਮਨੁੱਖ ਦਾ ਸਤਿਕਾਰ

ਪੂਰਨ ਸਿੰਘ ਦੇ ਮਨ ਵਿਚ ਮਨੁੱਖਾਂ ਦਾ ਸਤਿਕਾਰ ਹੈ ਅਤੇ ਉਹ ਮਨੁੱਖ ਜਾਤੀ ਨੂੰ ਪਿਆਰ ਕਰਦਾ ਹੈ। ਉਹ ਮਨੁੱਖ ਨੂੰ ਪ੍ਰੇਰਦਾ ਹੈ ਕਿ ਉਹ ਆਪਣੇ ਆਪ ਨੂੰ ਛੋਟਾ ਖਿਆਲ ਨਾ ਕਰੇ, ਸਗੋਂ ਆਪਣਾ ਸਹੀ ਮੁੱਲ ਪੁਆਵੇ-

ਸੋਹਣਿਆ ! ਮੁੱਲ ਪਾ ਤੂੰ ਆਪਣਾ, ਵੱਧ ਥੀਂ ਵੱਧ ਹੋਰ ਹਾਲੀ ਬਹੂੰ ਸਾਰਾ,
ਹੋਰ ਹਾਲੀਂ ਬਹੂੰ ਸਾਰਾ, ਹੋਰ ਵੀ ਹੋਰ, ਤੇਰਾ ਮੁੱਲ ਕੋਈ ਨਾਂਹ,
ਤੂੰ ਕੀਮਤਾਂ ਥੀਂ ਪਰੇ,ਓ ਯੂਸਫਾ ਦੇ ਯੂਸਫ਼ਾ !

## 2.12 ਪੰਜਾਬ ਪਿਆਰ

ਪ੍ਰੋ. ਪੂਰਨ ਸਿੰਘ ਨੇ ਆਪਣੇ ਕਾਵਿ ਸੰਗ੍ਰਹਿ 'ਖੁੱਲ੍ਹੇ ਘੁੰਡ' ਵਿਚ ਪੰਜਾਬ ਪਿਆਰ ਪ੍ਰਗਟ ਕਰਦੇ ਹੋਏ ਆਖਿਆ ਹੈ 'ਪੰਜਾਬ ਵਿੱਚ ਜੰਮਣਾ ਅਮੁੱਲ ਜਿਹੀ ਚੀਜ਼ ਹੈ'।

ਕਵੀ ਨੂੰ ਪੰਜਾਬ ਨਾਲ ਅੰਤਾਂ ਦਾ ਪਿਆਰ ਹੈ। ਉਸ ਨੇ ਇਸ ਵਿਸ਼ੇ ਉੱਤੇ ਬਹੁਤ ਕੁਝ ਲਿਖਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਪਿਆਰ ਉਸ ਅੰਦਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਉਸ ਨੂੰ ਪੰਜਾਬ ਦੀ ਹਰੇਕ ਚੀਜ਼ ਚੰਗੀ ਲੱਗਦੀ। ਉਹ 'ਦੇਸ਼ ਨੂੰ ਅਸੀਸ ਸਾਡੀ ਗ਼ਰੀਬਾਂ ਦੀ' ਵਿੱਚ ਆਪਣੇ ਪ੍ਰਾਂਤ ਦੇ ਪਿਆਰ ਨੂੰ ਬਹੁਤ ਵਧੀਆ ਢੰਗ ਨਾਲ ਪ੍ਰਗਟਾਉਂਦਾ ਹੈ-

ਵੱਸਣ ਤੇਰੇ ਮਹਿਲ ਤੇ ਮਾੜੀਆਂ, ਵੱਸਣ ਹੋਰ ਵੱਧ ਖ਼ੁਸ਼ੀ ਤੇਰੀਆਂ ਨਿੱਕੀਆਂ-ਨਿੱਕੀਆਂ ਝੁੱਗੀਆਂ।
ਵੱਸਣ ਤੇਰੇ ਦੇਸ਼ ਪ੍ਰਦੇਸ਼ ਸਾਰੇ, ਸੁਖੀ ਸੁਖੀ ਤੇਰੇ ਜਾਏ ਤੇ ਜਾਈਆਂ।

ਇਵੇਂ ਹੀ 'ਪੰਜਾਬ ਦੀ ਅਹੀਰਨ ਇਕ ਗੋਹੇ ਥਪਦੀ' ਕਵਿਤਾ ਵਿਚ ਕਵੀ ਨੇ ਸਪਸ਼ਟ ਸ਼ਬਦਾਂ ਵਿੱਚ ਆਪਣੇ ਪ੍ਰਾਂਤ ਪ੍ਰਤੀ ਆਪਣੇ ਪਿਆਰ ਦਾ ਇਕਬਾਲ ਕੀਤਾ ਹੈ ਅਤੇ ਕਿਹਾ ਹੈ-

ਓਏ ! ਕਿਧਰੇ ਨਹੀਂ ਲੱਗਦੀ ਹਵਾ ਠੰਢੀ ਪੰਜਾਬ ਵਾਲੀ।
ਕਿਧਰੇ ਦਾ ਪਾਣੀ ਮੈਨੂੰ ਨਾ ਇਹਾ ਜਿਹਾ ਮਿੱਠਾ ਤੇ ਮਾਫਕ।
ਇੱਥੇ ਪ੍ਰਦੇਸ਼ ਝਾਗ ਜਦ ਕਦੀ ਮੈਂ ਮੁੜਿਆ

ਫੈਲਿਆ ਮੈਂ ਅਸਮਾਨ ਵਾਂਗ।

## 2.13 ਦੇਸ਼ ਪਿਆਰ

ਪ੍ਰੋ. ਪੂਰਨ ਸਿੰਘ ਦੇਸ਼ ਪ੍ਰੇਮ ਦੇ ਹੱਕ ਵਿੱਚ ਸੀ ਅਤੇ ਚਾਹੁੰਦਾ ਸੀ ਕਿ ਵਿਅਕਤੀ ਆਪਣੇ ਦੇਸ਼ ਨੂੰ ਪੂਰੀ ਤਰ੍ਹਾਂ ਪ੍ਰੇਮ ਕਰੇ ਅਤੇ ਦੇਸ਼ ਦੀ ਧਰਤੀ ਨੂੰ ਚੁੰਮੇ। ਦੇਸ਼ ਦੀ ਰਾਖੀ ਲਈ ਵਿਅਕਤੀ ਨੂੰ ਆਪਣੀ ਜਾਨ ਤਕ ਵਾਰ ਦੇਣੀ ਚਾਹੀਦੀ ਹੈ। ਕਵੀ ਸਾਰਾ ਭਾਰਤ ਫਿਰਿਆ ਸੀ ਅਤੇ ਉਸ ਨੇ ਵੱਖ ਵੱਖ ਪ੍ਰਾਂਤ ਵੇਖੇ ਉਸ ਨੂੰ ਭਾਵੇਂ ਆਪਣੇ ਪ੍ਰਾਂਤ ਨਾਲ ਪੂਰਾ ਪੂਰਾ ਪਿਆਰ ਸੀ ਫਿਰ ਵੀ ਉਸ ਨੂੰ ਉਨ੍ਹਾਂ ਪ੍ਰਾਂਤਾਂ ਦੇ ਪ੍ਰਕਿਰਤਕ ਦ੍ਰਿਸ਼ ਅਤੇ ਲੋਕਾਂ ਦੇ ਗੁਣ ਪਸੰਦ ਆਏ।

## 2.14 ਪੁਰਾਣੀਆਂ ਪਰੰਪਰਾਵਾਂ ਨੂੰ ਪਿਆਰ

ਕਵੀ ਨੂੰ ਆਪਣੀਆਂ ਪੁਰਾਣੀਆਂ ਪਰੰਪਰਾਵਾਂ ਨਾਲ ਬਹੁਤ ਪਿਆਰ ਸੀ ਪਰ ਲੋਕਾਂ ਵਿੱਚ ਆਏ ਪਦਾਰਥਵਾਦ ਨੂੰ ਬੁਰਾ ਸਮਝਦਾ ਸੀ ਉਹ ਪੁਰਾਣੇ ਗਠੀਲੇ ਭਾਈਚਾਰੇ ਉੱਤੇ ਮਾਣ ਕਰਦਾ ਹੈ। ਉਸ ਨੂੰ ਇਹ ਦੁੱਖ ਹੈ ਕਿ ਉਹ ਭਾਈਚਾਰਾ ਕਿਉਂ ਖ਼ਤਮ ਹੋ ਗਿਆ। ਪੁਰਾਣਾ ਪ੍ਰੇਮ ਖ਼ਤਮ ਹੋਣ ਦਾ ਕਵੀ ਗਿਲਾ ਕਰਦਾ ਹੈ–

ਉਹ ਪੁਰਾਣਾ ਅਦਬ ਤੇ ਹਿਰਸ ਨਾਂਹ। ਉਹ ਪ੍ਰੀਤ ਦੀਆਂ ਪੀਡੀਆਂ ਪੀਡੀਆਂ ਗੰਢਾਂ।

## 2.15 ਗੁਰਮਤਿ ਵਿੱਚ ਵਿਸ਼ਵਾਸ਼

ਭਾਵੇਂ ਭਾਰਤ ਤੋਂ ਬਾਹਰ ਚਲੇ ਜਾਣ ਕਰਕੇ ਪ੍ਰੋਫ਼ੈਸਰ ਪੂਰਨ ਸਿੰਘ ਉੱਪਰ ਵੇਦਾਂਤੀ ਅਤੇ ਬੋਧੀ ਪ੍ਰਭਾਵ ਪੈ ਗਏ ਸਨ। ਪਰ ਫਿਰ ਵੀ ਉਹ ਆਪਣੇ ਅਸਲੀ ਧਰਮ ਵੱਲ ਮੁੜਿਆ ਅਤੇ ਉਸ ਵਿੱਚ ਹੀ ਪਨਾਹ ਲਈ ਅਤੇ ਆਪਣੀ ਆਸਥਾ ਪ੍ਰਗਟ ਕੀਤੀ। ਗੁਰਮਤਿ ਅਤੇ ਸਿੱਖੀ ਤੋਂ ਲਾਂਭੇ ਹੋਣ ਦੀ ਘਟਨਾ ਨੂੰ ਕਟੋਰਾ ਭੱਜਣ ਨਾਲ ਉਪਮਾ ਦਿੰਦਾ ਹੈ–

ਕਟੋਰਾ ਲਾਲ ਲਾਲ ਗੁਰਾਂ ਵਾਲਾ, ਜਿਸ ਵਿਚ ਉਨ੍ਹਾਂ ਦਾ ਅੰਮ੍ਰਿਤ ਨਾਮ ਸੀ
ਹੱਥੋਂ ਮੇਰੇ ਢਹਿ ਪਿਆ ਸੀ ਆਪ ਮੁਹਾਰਾ। ਕਟੋਰਾ ਭੱਜਿਆ, ਅੰਮ੍ਰਿਤ ਭੌਂ 'ਤੇ ਵੀਟਿਆ ਗਿਆ ਮੈਥੀਂ,
ਮੇਰੇ ਹੋਠਾਂ ਦਾ ਕਟੋਰਾ ਢਹਿ ਪਿਆ ਮੈਥੀਂ, ਹੋਠ ਮੇਰੇ ਬੰਦ ਹੋਏ, ਠੀਕ ਹੈ।
ਪਰ ਇੱਕ ਇਸ ਮਰਨ ਦਾ ਅਚੰਭਾ ਤੱਕਿਆ, ਮਿੱਟੀ ਕੂਕ ਪਈ ਉੱਚੀ ਉੱਚੀ,
ਜਿਹੜਾ ਨਾਮ ਸੀ ਮੇਰੇ ਹੋਠਾਂ ਵਿਚ, ਤੇ ਉੱਥੇ ਹੌਲੇ ਹੌਲੇ ਇਕੱ ਲਾਲ ਅੱਗ ਬਾਲਦਾ।

## 2.16 ਗੁਰੂ

ਪ੍ਰੋ. ਪੂਰਨ ਸਿੰਘ ਸਿੱਖ ਸਮਾਜ ਵਿੱਚ ਗੁਰੂ ਨੂੰ ਜੀਵਨ ਦਾ ਕੇਂਦਰ ਬਿੰਦੂ ਮੰਨਦੇ ਹਨ। ਗੁਰੂ ਸਿੱਖ ਨੂੰ ਗਿਆਨ ਬਖ਼ਸ਼ਦਾ ਹੈ। ਸਰਬ ਸ੍ਰਿਸ਼ਟੀ ਨੂੰ ਉਹ ਆਪਣਾ ਮੰਨ ਕੇ ਪਿਆਰ ਕਰਦਾ ਹੈ। ਗੁਰੂ ਨਾਨਕ ਦਾ ਆਗਮਨ ਇੱਕ ਚਮਤਕਾਰ ਹੈ। ਗੁਰੂ ਜੀ ਨੇ ਸਿੱਖਾਂ ਨੂੰ ਅਜਿਹੀ ਦ੍ਰਿਸ਼ਟੀ ਪ੍ਰਦਾਨ ਕੀਤੀ ਕਿ ਉਹ ਜਗਤ ਦਾ ਕਾਰ ਵਿਹਾਰ ਕਰਦੇ ਹੋਏ ਪਰਮ ਪੁਰਖ ਪਰਮਾਤਮਾ ਨਾਲ ਵੀ ਜੁੜੇ ਰਹੇ। ਸੰਸਾਰ ਨੂੰ ਸ਼ੰਕਰਾਚਾਰੀਆ ਵਾਂਗ ਮਿਥਿਆ ਨਹੀਂ ਆਖਿਆ ਤੇ ਨਾ ਇਸ ਦੀ ਤਿਆਗ ਦੀ ਗੱਲ ਆਖੀ। ਗੁਰੂ ਨਾਨਕ ਸਾਹਿਬ ਤੋਂ ਮਗਰੋਂ ਦਸਵੇਂ ਪਾਤਸ਼ਾਹ ਤਕ ਸਭ ਨੇ ਨਵੇਂ ਆਤਮਕ ਸਮਾਜ ਦੀ ਸਿਰਜਣਾ ਕਰ ਕੇ ਬੋਦੇ ਆਦਰਸ਼ਾਂ ਨੂੰ ਤਿਆਗ ਕੇ ਨਵੇਂ ਨਰੋਏ ਆਦਰਸ਼ ਅਪਨਾਉਣ ਦੀ ਚੇਤਨਾ ਪੈਦਾ ਕੀਤੀ। ਇਹ ਆਦਰਸ਼ ਅਜਿਹੇ ਹਨ ਕਿ ਦੁਨੀਆਂ ਦਾ ਹਰ ਜੀਅ ਪ੍ਰਭੂ ਦਾ ਰੂਪ ਨਜ਼ਰ ਆਉਣ ਲੱਗਾ। ਪ੍ਰਭੂ ਸਰੂਪ ਹੈ, ਉਹ ਪ੍ਰੇਮ ਕਰਨ ਵਾਲਿਆਂ ਨੂੰ ਆਪ ਆ ਮਿਲਦਾ ਹੈ। ਪ੍ਰੋ. ਸਾਹਿਬ ਹਰ ਪ੍ਰਕਾਰ ਦੇ ਵਹਿਮਾਂ ਭਰਮਾਂ ਨੂੰ ਤਿਆਗ ਕੇ ਇਕ ਗੁਰੂ ਦੇ ਲੜ ਲੱਗਣ ਨੂੰ ਆਵਸ਼ਕ ਮੰਨਦੇ ਹਨ। ਗੁਰੂ ਨਾਨਕ ਸਾਹਿਬ ਸਿੱਖੀ ਦਾ ਸੋਮਾ ਹੈ। ਜਿਨ੍ਹਾਂ ਦੀ ਰੂਹਾਨੀ ਬੁਲੰਦੀ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਨ੍ਹਾਂ ਦੀ ਨਦਰ ਕਰਮ ਨਾਲ ਹੀ ਸਿੱਖ ਜਗਿਆਸੂ ਕਰਮ ਫਲ ਦੀ ਪ੍ਰਾਪਤੀ ਕਰ ਸਕਦੇ ਹਨ। ਪਰਮ ਸੱਤ ਦਾ ਗਿਆਨ ਪ੍ਰਾਪਤ ਕਰਨਾ ਔਖਾ ਹੈ ਕਿਉਂਕਿ ਉਹ ਅਨੰਤ ਹੈ, ਅਸੀਮ ਹੈ, ਅਦ੍ਰਿਸ਼ਟ ਹੈ, ਅਗੋਚਰ ਹੈ। ਅਧਿਆਤਮਕ ਜਗਤ ਨੂੰ ਸਥੂਲ ਨੈਨਾ ਨਾਲ ਨਹੀਂ ਸਗੋਂ ਸੂਖ਼ਮ ਨੈਣਾਂ ਨਾਲ ਵੇਖਿਆ ਜਾ ਸਕਦਾ ਹੈ। ਇਹ ਸੂਖ਼ਮ ਨੈਨ ਗੁਰੂ ਕ੍ਰਿਪਾ ਨਾਲ ਮਿਲਦੇ ਹਨ।

ਭਾਈ ਵੀਰ ਸਿੰਘ ਵਾਸਤੇ ਗੁਰੂ ਅਗੰਮੀ ਛੋਹ ਵਾਲਾ, ਅਰਸ਼ੀ ਮੰਡਲਾਂ ਵਿੱਚ ਵੱਸਦਾ ਅਜਿਹਾ ਨੂਰੀ ਪ੍ਰੀਤਮ ਹੈ, ਜਿਸ ਨਾਲ ਮਿਲਾਪ ਵੇਲੇ ਉਸ ਦੀ ਕਲਾਈ ਕੰਬਦੀ ਰਹਿ ਜਾਂਦੀ ਹੈ, ਪਰ ਪੂਰਨ ਸਿੰਘ ਦਾ ਪ੍ਰੀਤਮ ਪ੍ਰੇਮ ਪਤਨੀ ਵਾਲਾ ਹੈ। ਉਹ ਲਿਖਦਾ ਹੈ-

ਮੈਨੂੰ ਤਾਂ ਬਸ ਪ੍ਰਭੂ ਵਰਗੇ ਮਨੁੱਖ ਦੀ ਟੇਕ ਹੀ ਚਾਹੀਏ
ਜੋ ਮੈਨੂੰ ਡੋਲਦੇ ਨਿਸ਼ਚੇ ਦੀ ਜਿੱਲ੍ਹਣ 'ਚੋਂ ਕੱਢੇ।
ਜਾਂ
ਮੈਂ ਆਪਣੇ ਪ੍ਰੀਤਮ ਦੇ ਸੁਖਦਾਈ ਕੰਵਲ-ਨੈਣਾਂ ਨੂੰ ਪਿਆ ਨਿਹਾਰਾਂ
ਮੇਰੀ ਆਤਮਾ ਦੇ ਅੰਦਰ ਅਨੰਤ ਸੁੰਦਰਤਾ ਪਈ ਲਿਸ਼ਕਾਰੇ।

## 2.17 ਜੀਵਨ ਜੁਗਤ

ਪ੍ਰੋ. ਪੂਰਨ ਸਿੰਘ ਨੇ ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਆਦਰਸ਼ਾਂ ਅਤੇ ਜੀਵਨ ਜੁਗਤ ਬਾਰੇ ਵਿਸਥਾਰ ਸਹਿਤ ਵਿਚਾਰ ਕੀਤਾ ਹੈ ਤੇ ਇਨ੍ਹਾਂ ਦੀ ਵਿਆਖਿਆ ਬਹੁਤ ਸੂਖਮ ਧਰਾਤਲ ਉੱਪਰ ਕੀਤੀ ਹੈ। ਦਿਬ ਦ੍ਰਿਸ਼ਟੀ ਪ੍ਰਾਪਤ ਸਿੱਖ ਜਾਂ ਜਗਿਆਸੂ ਹੀ ਇਸ ਰੱਬੀ ਵਰਤਾਰੇ ਦੇ ਦਰਸ਼ਨ ਕਰ ਸਕਦਾ ਹੈ। ਇਹ ਦਿਬ ਦ੍ਰਿਸ਼ਟੀ ਕਿਸੇ ਨੂੰ ਵੀ ਪ੍ਰਾਪਤ ਹੋ ਸਕਦੀ ਹੈ। ਪ੍ਰੋ. ਪੂਰਨ ਸਿੰਘ ਦਾ ਵਿਚਾਰ ਹੈ ਕਿ ਆਤਮਾ ਅਮਰ ਹੈ, ਅਵਿਨਾਸ਼ੀ ਹੈ ਪਰ ਹਮੇਸ਼ਾਂ ਗਤੀਸ਼ੀਲ ਤੇ ਵਿਕਾਸ ਕਰਦੀ ਰਹਿੰਦੀ ਹੈ। ਸਰੀਰ ਬਦਲਦੇ ਰਹਿੰਦੇ ਹਨ ਪਰ ਇਹ ਆਪਣੀ ਯਾਤਰਾ ਤੇ ਰਹਿੰਦੀ ਤੇ ਆਖ਼ਰ ਮਹਾਂਪ੍ਰਭੂ ਵਿੱਚ ਸਮਾਅ ਜਾਂਦੀ ਹੈ।

## 2.18 ਪੰਜ ਕਕਾਰ

ਪ੍ਰੋ. ਪੂਰਨ ਸਿੰਘ ਦੀ ਨਜ਼ਰ ਵਿੱਚ ਚੇਤੰਨਤਾ, ਸੁਚੱਜੀ ਜੀਵਨ-ਜਾਚ ਹੈ, ਜਿਸ ਦਾ ਪ੍ਰਗਟ ਰੂਪ ਸਿੱਖ ਯੁਵਕ ਹੈ, ਜੋ 'ਸੋਹਣਿਆਂ ਦੀ ਸਰਦਾਰ' ਅਤੇ 'ਗੈਬ ਦੇਸ਼ ਦੇ ਵਾਸੀ ਦੀ ਅਗੰਮੀ ਛੂਹ ਦਾ ਵਰੋਸਾਇਆ ਹੋਇਆ ਹੈ'। ਜੋ ਆਪਣੀ ਗੁਰੂ, ਆਪਣੇ ਸਦੀਵੀ ਕੰਤ ਤੋਂ ਬਿਨਾਂ ਸੁਹਾਗਣ ਨਹੀਂ ਅਖਵਾ ਸਕਦਾ। ਸਿੱਖ ਆਤਮੀਅਤਾ ਇਸ ਸੁਹਾਗਣ ਦੇ ਚਿਹਨਾਂ ਤੋਂ ਵਿਛੁੰਨ ਕੇ ਪੂਰਨਤਾ ਦੀ ਧਾਰਨੀ ਨਹੀਂ ਹੋ ਸਕਦੀ। ਇਸੇ ਲਈ ਉਹ ਸੁਹਾਗਣ ਦੇ ਚਿੰਹਨਾਂ ਦੀ ਪੁਨਰ ਵਿਆਖਿਆ ਪੇਸ਼ ਕਰਦਾ ਹੈ। ਸਿੱਖ ਦੀ ਦਸਤਾਰ ਤੇ ਪੰਜ ਕਕਾਰਾਂ ਬਾਰੇ ਉਸ ਦੀ ਵਿਆਖਿਆ ਪਰੰਪਰਕ ਨਹੀਂ, ਤੱਤ ਰੂਪ ਕੇਂਦਰਿਤ ਹੈ। ਉਹ ਲਿਖਦਾ ਹੈ:

1. ਇਸ ਧਰਤੀ ਦੇ ਵਾਸੀ ਚਿੱਟੀ ਪਗੜੀ ਬੰਨ੍ਹਣ 'ਤੇ ਸਿੱਖ ਨੂੰ ਕੋਸਦੇ ਹਨ, ਪਰ ਜਦੋਂ ਉਹ ਸਿਰ ਉਤਾਂਹ ਚੁੱਕਦਾ ਹੈ, ਬੱਦਲ ਛੱਟ ਜਾਂਦੇ ਹਨ ਅਤੇ ਬਰਫ ਲੱਦੀ ਚੋਟੀ ਨਜ਼ਰ ਆ ਜਾਂਦੀ ਹੈ। ਮੈਂ ਕਈ ਵਾਰ ਹੈਰਾਨ ਹੁੰਦਾ ਹਾਂ ਕਿ ਪਰਬਤ ਵੀ ਤਾਂ ਗੁਰੂ ਦਾ ਸ਼ਾਨਦਾਰ ਸਿੱਖ ਹੈ।
2. ਹਰੇਕ ਸਿੱਖ ਨੂੰ ਉਸ ਦੀ ਕਿਰਪਾਨ ਪਾਉਣੀ ਪੈਂਦੀ ਹੈ। ਆਪਣੀ ਨਹੀਂ। ਕਿਰਪਾਨ ਤਾਂ ਗੁਰੂ ਦੀ ਬਖ਼ਸ਼ਿਸ਼ ਹੈ। ਇਹ ਹਮਲੇ ਜਾਂ ਬਚਾਓ ਦਾ ਹਥਿਆਰ ਨਹੀਂ, ਇਹ ਤਾਂ ਗੁਰੂ ਦੇ ਪਿਆਰ ਨਾਲ ਫੌਲਾਦੀ ਹੋਏ ਦਿਲ ਦੀ ਬਾਤ ਹੈ। ਸਿੱਖ ਦਾ ਦਿਲ ਕਿਰਪਾਨ ਵਰਗਾ ਹੋਣਾ ਚਾਹੀਦਾ ਹੈ। ਇਹ ਇਕ ਬਹੁਤ ਜ਼ਿਆਦਾ ਭਾਵੁਕ ਰੂਹ ਦਾ ਚਿੰਨ੍ਹ ਹੈ।... ਉਹ ਮਨ ਹੀ ਕੀ ਜਿਸ ਵਿਚ ਬਿਜਲੀ ਤੇ ਤਲਵਾਰ ਦੀ ਚਮਕ ਨਹੀਂ।
3. ਕੇਸਾਂ ਨੂੰ ਜੋ ਮਨੁੱਖਤਾ ਦਾ ਰੂਹਾਨੀ ਤਾਜ ਹੈ, ਕੱਟਣ ਬਾਰੇ ਸੋਚਣਾ ਰੱਬ ਅਤੇ ਗੁਰੂ ਨਾਲ ਪਿਆਰ ਦਾ ਦੀਵਾਲੀਆਪਣ ਹੈ।
4. ਅਸੀਂ ਉਸ ਦੀ ਰੂਹਾਨੀ ਸੈਨਾ ਹਾਂ। ਸਾਨੂੰ ਉਸ ਦੀ ਬਖ਼ਸ਼ਿਸ਼ ਕੜਾ ਪਾਉਣਾ ਹੀ ਪੈਂਦਾ ਹੈ ਅਤੇ ਅਸੀਂ ਉਸ ਦੇ ਅਧੀਨ ਪਿਆਰ ਦੇ ਕੈਦੀ ਹਾਂ। ਇਹ ਪਿਆਰ ਦੀ ਬੇੜੀ ਹੈ, ਸਾਡੀ ਸੁਤੰਤਰਤਾ ਦੀ ਕੀਮਤ।

ਪ੍ਰੋ ਪੂਰਨ ਸਿੰਘ ਨੇ ਪੂਰਬੀ ਅਤੇ ਪੱਛਮੀ ਧਰਮਾਂ, ਧਰਮ ਸ਼ਾਸਤਰਾਂ ਦੇ ਫਲਸਫੇ ਦਾ ਡੂੰਘਾ ਅਧਿਐਨ ਕੀਤਾ ਬਹੁਤ ਸੂਖ਼ਮ ਵਿਚਾਰਾਂ ਨੂੰ ਵਾਚਿਆ ਤੇ ਫਿਰ ਸਿੱਖ ਧਰਮ ਨੂੰ ਇਨ੍ਹਾਂ ਦੇ ਸੰਦਰਭ ਵਿੱਚ ਰੱਖ ਕੇ ਵਾਚਿਆ। ਉਨ੍ਹਾਂ ਨੇ ਵਿਭਿੰਨ ਧਾਰਮਿਕ ਆਗੂਆਂ ਦੇ ਮੁਕਾਬਲੇ ਗੁਰੂ ਨਾਨਕ ਸਾਹਿਬ ਦੀ ਵਡਿਆਈ ਨੂੰ ਬੜੇ ਕਲਾਮਈ ਢੰਗ ਨਾਲ ਪ੍ਰਸਤੁਤ ਕੀਤਾ ਹੈ।

## 2.19 ਸਿੱਖ ਧਰਮ ਨਾਲ ਸਬੰਧਿਤ ਰਚਨਾਵਾਂ ਬਾਰੇ ਸੰਖਿਪਤ ਜਾਣਕਾਰੀ

'ਖ਼ਾਲਸੇ ਦਾ ਆਦਰਸ਼ ਤੇ ਹੋਰ ਲੇਖ' ਇਸ ਪੁਸਤਕ ਵਿੱਚ ਉਨ੍ਹਾਂ ਦੇ ਉਹ ਲੇਖ ਸ਼ਾਮਿਲ ਹਨ ਜੋ ਮੁਖ ਰੂਪ ਵਿਚ ਸਿੱਖ ਧਰਮ ਨਾਲ ਸਬੰਧਿਤ ਹਨ। ਉਨ੍ਹਾਂ ਬਾਰੇ ਸੰਖੇਪ ਵਿਚਾਰ ਕੀਤੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖਦਿਆਂ ਪ੍ਰੋ. ਪੂਰਨ ਸਿੰਘ ਭਾਵਾਂ ਦੇ ਹੜ੍ਹ ਵਿੱਚ ਵਹਿ ਜਾਂਦੇ ਹਨ ਗੁਰੂ ਜੀ ਦਾ ਨਾਂ ਲੈਂਦਿਆਂ ਉਨ੍ਹਾਂ ਦੇ ਅੱਥਰੂ ਵਹਿ ਤੁਰਦੇ ਹਨ। ਸੁਰਤਿ ਗੁਰੂ ਚਰਨਾਂ ਨਾਲ ਜੁੜ ਜਾਂਦੀ ਹੈ। ਉਨ੍ਹਾਂ ਨੇ ਗੁਰੂ ਨੂੰ ਸਰਵ ਬ੍ਰਹਿਮੰਡ ਦੇ ਸਵਾਮੀ ਵਜੋਂ ਪ੍ਰਸਤੁਤ ਕਰਦਿਆਂ ਉਨ੍ਹਾਂ ਨੂੰ ਨਿਰਗੁਣ ਨਿਰੰਕਾਰ ਮੰਨਿਆ। ਜਿਨ੍ਹਾਂ ਦਾ ਚਿੱਤਰ ਕੋਈ ਚਿੱਤਰਕਾਰ ਨਹੀਂ ਬਣਾ ਸਕਦਾ। ਅਦ੍ਰਿਸ਼ਟ, ਅਗੋਚਰ, ਅਗਮ ਸ਼ਖ਼ਸੀਅਤ ਨੂੰ ਕੌਣ ਰੰਗਾਂ ਨਾਲ ਕਾਗਜ਼ਾਂ ਦੀ ਕੈਦ ਵਿੱਚ ਬੰਨ੍ਹ ਸਕਦਾ। ਪ੍ਰੋ. ਪੂਰਨ ਸਿੰਘ ਨੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਨਜ਼ਰ ਨਾਲ ਦੇਖਿਆ, ਜਿੰਨੇ ਲੇਖ ਉਨ੍ਹਾਂ ਬਾਰੇ ਹਨ ਜਾਂ ਜਿੱਥੇ ਵੀ ਸਤਿਗੁਰੂ ਬਾਰੇ ਜ਼ਿਕਿਰ ਕੀਤਾ ਹੈ ਪ੍ਰੋ. ਸਾਹਿਬ ਨੇ ਇਹੀ ਦ੍ਰਿਸ਼ਟੀ ਰੱਖੀ ਹੈ।

ਪ੍ਰੋ. ਸਾਹਿਬ ਦੇ ਜੀਵਨ ਕਾਲ ਵਿੱਚ ਸਿੰਘ ਸਭਾ ਲਹਿਰ ਨੇ ਸਿਖਰਾਂ ਨੂੰ ਛੂਹਿਆ। ਸਿੱਖ ਰਾਜ ਜਾਣ ਮਗਰੋਂ ਆਰੀਆ ਸਮਾਜੀਆਂ, ਈਸਾਈਆਂ ਤੇ ਮੁਸਲਮਾਨਾਂ ਨੇ ਸਿੱਖ ਧਰਮ 'ਤੇ ਗੁੱਝੇ ਤੇ ਪ੍ਰਤੱਖ ਦੋਨਾਂ ਰੂਪਾਂ ਵਿੱਚ ਹਮਲੇ ਆਰੰਭ ਕਰ ਦਿੱਤੇ ਸਨ। ਜਿਸ ਦੇ ਫਲਸਰੂਪ ਸਿੱਖਾਂ ਵਿਚ ਪਤਿਤਪੁਣਾ ਵਧਿਆ, ਧਰਮ ਪ੍ਰਤੀਗਿਲਾਨੀ ਦੀ ਭਾਵਨਾ ਪੈਦਾ ਹੋਈ ਤੇ ਉਨ੍ਹਾਂ ਨੇ ਧਰਮ ਬਦਲਣ ਬਾਰੇ ਸੋਚਣਾ ਆਰੰਭ ਕਰ ਦਿੱਤਾ। ਪੰਥ ਦਰਦੀਆਂ ਨੇ ਸਿੰਘ ਸਭਾ ਲਹਿਰ ਚਲਾਈ। ਸਿੱਖ ਧਰਮ, ਦਰਸ਼ਨ, ਆਚਾਰ ਵਿਹਾਰ, ਰਹਿਤ, ਸੁਨਹਿਰੀ ਅਤੀਤ ਆਦਿ ਨੂੰ ਨਵੇਂ ਢੰਗ ਨਾਲ ਪ੍ਰਸਤੁਤ ਕਰਨ ਲਈ ਯਤਨ ਕੀਤੇ ਤਾਂ ਕਿ ਇਨ੍ਹਾਂ ਸਿੱਖ ਤੇ ਸਿੱਖ ਧਰਮ ਵਿਰੋਧੀ ਲੋਕਾਂ ਨੂੰ ਨੱਥ ਪਾਈ ਜਾ ਸਕੇ। ਇਸ ਲਹਿਰ ਦੇ ਪ੍ਰਭਾਵ ਅਧੀਨ ਬਹੁਤ ਸਾਹਿਤ ਰਚਿਆ ਗਿਆ। ਪ੍ਰੋ. ਪੂਰਨ ਸਿੰਘ ਜੀ ਤੇ ਇਸ ਲਹਿਰ ਦਾ ਬੜਾ ਪ੍ਰਭਾਵ ਪਿਆ ਪਰ ਆਪ ਦੇ ਸਾਹਿਤ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਸਾਹਿਤ ਨਿਰੋਲ ਪ੍ਰਚਾਰ ਨਹੀਂ ਬਣਿਆ ਸਗੋਂ ਨਿਰੋਲ ਸਾਹਿਤ ਰਿਹਾ। ਇਸ ਸਾਹਿਤ ਨੇ ਸਿੱਖਾਂ ਦੇ ਧੁਰ ਅੰਦਰ ਨੂੰ ਛੂਹਿਆ। ਉਨ੍ਹਾਂ ਨੇ ਆਤਮ ਨਿਰੀਖਣ ਕੀਤਾ। ਆਪਾ ਪੜਚੋਲਿਆ, ਗੁਰੂ ਦੀ ਬਾਣੀ ਨੂੰ ਕਸਵੱਟੀ ਬਣਾਇਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪਤਿਤਪੁਣੇ ਦੀ ਲਹਿਰ ਨੂੰ ਠੱਲ੍ਹ ਪਈ। ਆਮ ਸਿੱਖ ਆਪਣੇ ਧਰਮ ਦੀ ਵਡਿਆਈ ਨੂੰ ਸਵੀਕਾਰ ਕਰਕੇ ਗੁਰੂ ਚਰਨਾਂ ਨਾਲ ਜੁੜੇ ਪ੍ਰੋ. ਪੂਰਨ ਸਿੰਘ ਜੀ ਦੇ ਬਹੁਤ ਸਾਰੇ ਲੇਖ ਸਿੱਖ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਲੇਖਾਂ ਨੇ ਆਮ ਸਿੱਖਾਂ ਨੂੰ ਗੁਰੂ ਪ੍ਰੇਮ ਵਿਚ ਲੀਨ ਹੋਣ ਲਈ ਪ੍ਰੇਰਿਆ। ਗੁਰੂ ਜੀ ਦੇ ਆਦਰਸ਼ਾਂ ਨੂੰ ਅਪਣਾਉਣ ਲਈ ਮਨਾਇਆ। ਗੁਰੂ ਜੀ ਨੂੰ ਪਾਰਬ੍ਰਹਮ ਸਵੀਕਾਰਨ ਲਈ ਹੁਲਾਰਾ ਦਿੱਤਾ। ਭੁੱਲੇ ਭਟਕੇ ਸਿੱਖ ਮੁੜ ਗੁਰੂ ਵਾਲੇ ਬਣੇ। ਕਲਗੀਆਂ ਵਾਲੇ ਦੇ ਨਿਸ਼ਾਨ ਥੱਲੇ ਆ ਕੇ ਜੈਕਾਰੇ ਜਗਾਉਣ ਲੱਗੇ। ਸਵੈ ਪੜਚੋਲ ਜਾਂ ਆਪਾਂ ਸੋਧਣ ਲਈ ਜਿੰਨੀ ਸ਼ਿੱਦਤ ਨਾਲ ਸਿੱਖਾਂ ਨੂੰ ਪ੍ਰੋਫ਼ੈਸਰ ਸਾਹਿਬ ਨੇ ਵੰਗਾਰਿਆ ਉਸ ਦੀ ਮਿਸਾਲ ਨਹੀਂ ਮਿਲਦੀ। ਆਪ ਨੇ ਉਚੇਚੇ ਆਦਰਸ਼ਾਂ ਨੂੰ ਅਪਨਾਉਣ ਤੇ ਜ਼ਿੰਦਗੀ ਵਿੱਚ ਸੱਚਮੁਚ ਧਾਰਨ ਕਰਕੇ ਵਿਚਰਨ ਲਈ ਆਖਿਆ। ਜੀਵਨ ਨੂੰ ਅਮਲੀ ਰੂਪ ਦੇਣ ਲਈ ਆਖਿਆ। ਗੁਰੂ ਲਿਵ, ਗੁਰੂ ਧਿਆਨ ਬਸ ਇਹੀ ਆਦਰਸ਼ ਦੀ ਪ੍ਰਾਪਤੀ ਲਈ ਸਹਾਈ ਹੋ ਸਕਣਗੇ। ਅਜਿਹੇ ਵਿਚਾਰ ਪ੍ਰੋ. ਪੂਰਨ ਸਿੰਘ ਦੇ ਸਨ ਸਿੱਖ ਰਹਿਤ ਮਰਿਆਦਾ ਨੂੰ ਧਾਰਨ ਕਰਕੇ ਗੁਰੂ ਦਾ ਖ਼ਾਲਸਾ ਬਣਨ ਲਈ ਆਪ ਦੀ ਅਪੀਲ ਬੜੀ ਸ਼ਰਧਾ ਨਾਲ ਲੋਕਾਂ ਦੇ ਮਨਾਂ ਨੂੰ ਟੁੰਬਣ ਲੱਗੀ।

ਹਰਿਮੰਦਰ ਸਾਹਿਬ ਸਾਡਾ ਧਾਰਮਿਕ ਕੇਂਦਰ ਹੈ, ਮਹਾਨ ਤੀਰਥ ਹੈ। ਇਸ ਮਹਾਨ ਮੰਦਰ ਦੇ ਦਰਸ਼ਨ ਇਸ਼ਨਾਨ ਲਈ ਰੋਜ਼ ਸਿੱਖ ਅਰਦਾਸਾਂ ਕਰਦੇ ਹਨ। ਪ੍ਰੋ. ਪੂਰਨ ਸਿੰਘ ਨੇ ਹਰਿਮੰਦਰ ਸਾਹਿਬ ਦੀ ਯਾਤਰਾ ਕੀਤੀ। ਰੂਹ ਬਾਗ ਬਾਗ ਹੋ ਗਈ। ਆਪ ਗੁਰੂ ਚਰਨਾਂ ਵਿਚ ਭੌਰੇ ਬਣ ਗਏ ਤੇ ਜੋ ਪ੍ਰਭਾਵ ਮਨ ਤੇ ਪਏ ਆਪ ਨੇ ਅੰਕਿਤ ਕਰਕੇ ਜਿੱਥੇ ਹਰਿਮੰਦਰ ਸਾਹਿਬ ਦੀ ਵਡਿਆਈ ਲਿਖੀ ਉਥੇ ਆਪਣੀ ਉੱਚ ਆਤਮਿਕ ਅਵਸਥਾ ਦਾ ਪਤਾ ਵੀ ਦਿੱਤਾ। ਹਰਿਮੰਦਰ ਸਾਹਿਬ ਦੇ ਦਰਸ਼ਨ ਕਿਵੇਂ ਕਰਨੇ ਚਾਹੀਦੇ ਹਨ? ਕਿਵੇਂ ਜਾਣਾ ਚਾਹੀਦਾ ਹੈ? ਦਰਸ਼ਨ ਕਰਦਿਆਂ ਮਨ ਕਿਸ ਤਰ੍ਹਾਂ ਦਾ ਨਿਰਮਲ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਪ੍ਰੋ. ਸਾਹਿਬ ਦੇ ਲੇਖਾਂ ਵਿੱਚੋਂ ਮਿਲਦੇ ਹਨ।

'ਦੀ ਟੈਨ ਮਾਸਟਰਜ਼' ਇਸ ਅੰਗਰੇਜ਼ੀ ਪੁਸਤਕ ਵਿੱਚ ਦਸ ਗੁਰੂ ਸਾਹਿਬਾਨਾਂ ਦੀਆਂ ਸੰਖੇਪ ਜੀਵਨੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਦੇ ਜੀਵਨ ਵਿਚ ਵਾਪਰਨ ਵਾਲੀਆਂ ਮਹੱਤਵਪੂਰਨ ਘਟਨਾਵਾਂ ਨੂੰ ਆਪ ਨੇ ਬਹੁਤ ਹੀ ਸਰਲਤਾ

ਸਹਿਤ ਬਿਆਨ ਕਰਦਿਆਂ ਜਿੱਥੇ ਗੁਰੂ ਜੀ ਦੀ ਸ਼ਖ਼ਸੀਅਤ ਦਾ ਚਿਤਰਣ ਕੀਤਾ ਹੈ। ਉੱਥੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਵੀ ਸੋਹਣੇ ਢੰਗ ਨਾਲ ਪ੍ਰਸਤੁਤ ਕੀਤਾ ਹੈ। ਇਨ੍ਹਾਂ ਜੀਵਨੀਆਂ ਵਿਚ ਕੋਈ ਨਵੀਂ ਇਤਿਹਾਸ ਸਮੱਗਰੀ ਪੇਸ਼ ਨਹੀਂ ਕੀਤੀ ਗਈ ਪ੍ਰਾਪਤ ਸਮੱਗਰੀ ਨੂੰ ਹੀ ਬਹੁਤ ਸੁੰਦਰ ਢੰਗ ਨਾਲ ਪਾਠਕਾਂ ਦੇ ਸਨਮੁਖ ਕਰਦੀਆਂ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ-ਭਾਵਨਾ ਤੇ ਪ੍ਰੇਮ ਜਾਗ੍ਰਿਤ ਕਰਨ ਦਾ ਸੁੰਦਰ ਯਤਨ ਕੀਤਾ ਹੈ।

'ਸਪਿਰਟ ਆਫ ਸਿੱਖ' ਇਹ ਤਿੰਨ ਜਿਲਦਾਂ ਵਿੱਚ ਛਪੀ ਮਹੱਤਵਪੂਰਨ ਰਚਨਾ ਹੈ। ਜਿਸ ਵਿੱਚ ਗੁਰਮਤਿ ਦੇ ਵਿਭਿੰਨ ਪੱਖਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਵਿੱਚ ਅਜਿਹੇ ਵਿਸ਼ੇ ਲਏ ਗਏ ਹਨ ਜਿਵੇਂ- ਪਹਿਲੇ ਭਾਗ ਵਿੱਚ ਯੁੱਗਾਂ ਯੁਗਾਂਤਰਾਂ ਦੀ ਸਾਂਝ, ਗੁਰੂ ਦਾ ਸਿੱਖ, ਗੁਰਸਿੱਖ ਦਾ ਗੀਤ, ਸਿੱਖ ਮੱਤ ਤੇ ਚਿੰਨ, ਗੁਰਸਿੱਖ, ਗੁਰੂ ਤੇ ਸਿੱਖ ਦੀ ਆਤਮਾ, ਸ਼ਖ਼ਸੀਅਤ ਦਾ ਪਾਰਸ, ਜੋਤ ਤੋਂ ਜੋਤ ਦਾ ਜਗਣਾ, ਆਦਿ ਇਨ੍ਹਾਂ ਸਿਰਲੇਖਾਂ ਤੋਂ ਸਪੱਸ਼ਟ ਹੈ ਕਿ ਪ੍ਰੋ. ਸਾਹਿਬ ਨੇ ਗੁਰੂ ਸਾਹਿਬ ਤੇ ਗੁਰਮਤਿ ਬਾਰੇ ਭਾਵੁਕ ਪੱਧਰ ਤੇ ਵਿਚਾਰ ਕੀਤਾ ਹੈ। ਇਨ੍ਹਾਂ ਵਿੱਚ ਜਿੱਥੇ ਕਵੀ ਪੂਰਨ ਸਿੰਘ ਦੀਆਂ ਅਰਸ਼ੀ ਉਡਾਰੀਆਂ ਹਨ। ਉੱਥੇ ਗੁਰੂ ਸਾਹਿਬ ਤੇ ਗੁਰੂ ਨੂੰ ਪਿਆਰ ਕਰਨ ਵਾਲਿਆਂ ਲਈ ਪ੍ਰੇਮ ਦਾ ਸਾਗਰ ਉਛਾਲੇ ਮਾਰਦਾ ਹੈ। ਇਹ ਚਿੰਤਨ ਭਰਭੂਰ ਗ੍ਰੰਥ ਕਾਵਿ ਸਾਗਰ ਜਾਪਦਾ ਹੈ।

'ਦੀ ਸਪਿਰਟ ਬਾਰਨ ਪੀਪਲ' ਇਸ ਅੰਗਰੇਜ਼ੀ ਦੀ ਪੁਸਤਕ ਵਿੱਚ ਪ੍ਰੋ. ਸਾਹਿਬ ਨੇ ਉਹ ਨੋਟਿਸ ਛਾਪੇ ਹਨ ਜੋ ਉਨ੍ਹਾਂ ਦੇ ਗੁਰੂ ਤੋਂ ਬੇਮੁਖ ਹੋਏ ਸਿੱਖ ਨੌਜਵਾਨਾਂ ਨੂੰ ਭਾਸ਼ਣ ਦੇਣ ਲਈ ਲਿਖੇ ਹਨ। ਇਨ੍ਹਾਂ ਵਿੱਚ ਸਿੱਖੀ ਤੇ ਗੁਰਮਤਿ ਦੇ ਸੁਹਜ ਦੀ ਗੱਲ ਕੀਤੀ ਹੈ। ਇਸ ਵਿੱਚ ਇਨ੍ਹਾਂ ਵਿਸ਼ਿਆਂ ਬਾਰੇ ਲਿਖਿਆ ਹੈ। ਸਿੱਖੀ: ਭਾਈ ਬੁੱਢਾ, ਪੈਂਦੇ ਖਾਂ, ਟੁੱਟੀ ਗੰਢੀ, ਜਿਨ ਕੇ ਚੋਲੇ ਰਤੜੇ, ਸਾਬਤ ਸੂਰਤ ਰੱਬ ਦੀ, ਰੂਹਾਨੀ ਪ੍ਰਵਿਰਤੀ: ਧਰਮ ਨਾਮ ਧਰੀਰ ਦੂਰ ਦੁਰਾਡਾ ਅਜ, ਰੂਹਾਨੀ ਪ੍ਰਵਿਰਤੀ, ਨਾਮਦੇਵ, ਸਾਂਵਲਸ਼ਾਹ, ਬਿਰਦਪਾਲਕ ਕਬੀਰ ਤੇ ਉਸ ਦੀ ਪਤਨੀ ਲੋਈ, ਮਹਾਂਪ੍ਰਭੂ ਗੌਰੰਗ, ਇਕ ਗੁੰਮਨਾਮ ਸਿੱਖ ਸੰਤ, ਖੇਤੀ ਕਰਨ ਵਾਲਾ, ਵਿਸ਼ਵ ਵਿਆਪੀ ਭਾਈਚਾਰੇ ਦਾ ਸੰਗੀਤ ਆਦਿ। ਇਨ੍ਹਾਂ ਸਾਰੇ ਵਿਸ਼ਿਆਂ ਵਿੱਚ ਗੁਰਮਤਿ ਦੀ ਰਹੱਸਮਈ ਭਾਵਨਾ ਦਾ ਪ੍ਰਗਟਾਵਾ ਹੀ ਹੋਇਆ ਹੈ। ਪ੍ਰੋ. ਸਾਹਿਬ ਨੇ ਇਨ੍ਹਾਂ ਵਿਸ਼ਿਆਂ ਬਾਰੇ ਲਿਖਦਿਆਂ ਭਾਵੁਕ ਪੱਧਰ ਤੇ ਜਿੱਥੇ ਆਪਣੇ ਵਿਚਾਰ ਪ੍ਰਗਟਾਏ ਹਨ ਉਥੇ ਸਿੱਖ ਨੌਜਵਾਨਾਂ ਅੰਦਰ ਗੁਰੂ ਲਈ ਪਿਆਰ ਦੀ ਭਾਵਨਾ ਉਜਾਗਰ ਕਰਨ ਲਈ ਸੁਚੱਜਾ ਉਪਰਾਲਾ ਵੀ ਕੀਤਾ ਹੈ।

## 2.20 ਸਾਰ

ਪ੍ਰੋ. ਪੂਰਨ ਸਿੰਘ ਰਹੱਸਵਾਦੀ ਕਵੀ ਸਨ। ਜਿਸ ਕਾਰਨ ਉਨ੍ਹਾਂ ਨੇ ਆਪਣੀ ਕਵਿਤਾ ਵਿੱਚ ਗੁਰਮਤਿ ਦੀ ਇਸੇ ਦ੍ਰਿਸ਼ਟੀਕੋਣ ਤੋਂ ਵਿਆਖਿਆ ਕੀਤੀ। ਸ਼ਬਦ ਸੁਰਤਿ ਦੇ ਰਹੱਸ ਨੂੰ ਆਮ ਸਿੱਖਾਂ ਨੂੰ ਸਮਝਾਉਣ ਦਾ ਕਾਵਿਕ ਢੰਗ ਨਾਲ ਉਪਰਾਲਾ ਕੀਤਾ। ਗੁਰੂ ਪ੍ਰੇਮ ਤੇ ਗੁਰੂ ਜੀ ਦੈਵੀ ਸ਼ਖ਼ਸੀਅਤ ਨੂੰ ਡੂੰਘੇ ਅਰਥ ਦੇਣ ਵਾਲੇ ਸ਼ਬਦਾਂ ਵਿੱਚ ਚਿਤਰਿਆ। ਪ੍ਰੋ. ਪੂਰਨ ਸਿੰਘ ਨੇ ਸਿੱਖ ਸੰਸਕ੍ਰਿਤੀ ਦੀ ਵਿਆਖਿਆ ਕੀਤੀ ਹੈ ਤੇ ਗੁਰੂ ਜੀ ਦੁਆਰਾ ਸੰਕਲਪੇ ਆਦਰਸ਼ਕ ਸਮਾਜ ਦੀ ਮੂਰਤ ਪ੍ਰਸਤੁਤ ਕੀਤੀ ਹੈ। ਸਿੱਖ ਸੰਸਕ੍ਰਿਤੀ ਨੂੰ ਆਦਰਸ਼ਕ ਰੰਗ ਵਿੱਚ ਪੇਸ਼ ਕੀਤਾ ਹੈ। ਹਿਰਦੇ ਦੀ ਵਿਸ਼ਾਲਤਾ ਹੀ ਸਿੱਖ ਸੰਸਕ੍ਰਿਤੀ ਨੂੰ ਵਿਸ਼ਵ ਸੰਸਕ੍ਰਿਤੀ ਦੇ ਹਾਣ ਦਾ ਬਣਾਉਦੀ ਹੈ। ਨਾਮ ਨੂੰ ਕੇਂਦਰ ਬਿੰਦੂ ਬਣਾ ਕੇ ਸਿਰਜੀ ਗਈ ਸੰਸਕ੍ਰਿਤੀ ਆਦਰਸ਼ਕ ਵੀ ਹੋਵੇਗੀ ਤੇ ਮਾਨਵ ਹਿੱਤਕਾਰੀ ਵੀ। ਪ੍ਰੋ. ਪੂਰਨ ਸਿੰਘ ਜੀਵਨ ਜਾਚ ਨੂੰ ਆਦਰਸ਼ਕ ਰੰਗ ਵਿਚ ਪ੍ਰਸਤੁਤ ਕਰਕੇ ਸੁਨਹਿਰੀ ਸਮਾਜ ਦੀ ਰਚਨਾ ਦੀ ਕਲਪਨਾ ਕਰਦੇ ਹਨ। ਪ੍ਰੋ. ਪੂਰਨ ਸਿੰਘ ਦੇ ਜੀਵਨ ਕਾਲ ਵਿਚ ਪੂਰਬੀ ਤੇ ਪੱਛਮੀ ਸੰਸਕ੍ਰਿਤੀਆਂ ਦਰਮਿਆਨ ਸੰਘਰਸ਼ ਚੱਲ ਰਿਹਾ ਸੀ। ਦੋਵੇਂ ਆਪਣੀ ਸੰਸਕ੍ਰਿਤੀ ਨੂੰ ਮਹਾਨ ਸਿੱਧ ਕਰਨ ਦੇ ਲਈ ਲਗੀਆਂ ਹੋਈਆਂ ਸਨ। ਪ੍ਰੋ. ਪੂਰਨ ਸਿੰਘ ਨੇ ਗੁਰਸਿੱਖੀ ਨੂੰ ਆਧਾਰ ਬਣਾ ਕੇ ਉਸ ਦੀ ਪੂਰਬੀ ਧਰਮਾਂ ਨਾਲ ਤੁਲਨਾ ਕਰਕੇ ਪਛੱਮ ਦੇ ਸਨਮੁੱਖ ਇੱਕ ਨਵੀਂ ਸੰਸਕ੍ਰਿਤੀ ਦਾ ਰੂਪ ਸਥਾਪਿਤ ਕਰਨ ਲਈ ਯਤਨਸ਼ੀਲ ਸਨ ਤੇ ਇਹ ਉਨ੍ਹਾਂ ਦੀ ਮਹਾਨ ਦੇਣ ਹੈ।

## 2.21 ਸਹਾਇਕ ਪੁਸਤਕਾਂ

- ਸ.ਸ ਅਮੋਲ, ਪ੍ਰੋਫੈਸਰ ਪੂਰਨ ਸਿੰਘ ਜੀ ਜੀਵਨ ਤੇ ਲਿਖਤ, ਲਿਖਾਰੀ ਬੁਕ ਡੀਪੋ, ਅੰਮ੍ਰਿਤਸਰ।
- ਸਰਬਜਿੰਦਰ ਸਿੰਘ (ਡਾ.), (ਸੰਪਾ.) ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਭਾਗ ਚੌਥਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- ਪੂਰਨ ਸਿੰਘ (ਪ੍ਰੋ.), ਸਿੱਖੀ ਦੀ ਆਤਮਾ, ਅਨੁਵਾਦ ਪ੍ਰੋ. ਕਿਰਪਾਲ ਸਿੰਘ ਕਸੇਲ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
- ਮ.ਸ.ਰੰਧਾਵਾ (ਸੰਪਾ.), ਪੂਰਨ ਸਿੰਘ: ਜੀਵਨੀ ਤੇ ਕਵਿਤਾ, ਸਾਹਿਤ ਅਕਾਦਮੀ, ਦਿੱਲੀ।

# ONE YEAR DIPLOMA IN SIKH THEOLOGY

**SEMESTER-II**

**COURSE: SIKH THEOLOGIAN**

**UNIT -3 BHAI KAHAN SINGH NABHA**

**STRUCTURE**

3.0 ਉਦੇਸ਼

3.1 ਜੀਵਨ

3.2 ਸਾਹਿਤਕ ਰਚਨਾ

3.3 ਵਿਦੇਸ਼ ਯਾਤਰਾ

3.4 ਸ਼ਖ਼ਸ਼ੀਅਤ

3.5 ਸਾਰ

3.5 ਹਵਾਲਾ ਪੁਸਤਕਾਂ

## 3.0 ਉਦੇਸ਼

ਭਾਈ ਕਾਨ੍ਹ ਸਿੰਘ ਨਾਭਾ ਵੀਹਵੀਂ ਸਦੀ ਦੀ ਉਹ ਮਹਾਨ ਸਿੱਖ ਸ਼ਖ਼ਸੀਅਤ ਸੀ ਜੋ ਵਿਆਕਰਣ, ਧਰਮ, ਤਰਕ, ਨਿਆਇ, ਇਤਿਹਾਸ, ਸੰਸਕ੍ਰਿਤ, ਉਰਦੂ ਅਤੇ ਅੰਗਰੇਜ਼ੀ ਦੇ ਮਾਹਿਰ ਸੀ। ਪਟਿਆਲਾ ਅਤੇ ਨਾਭਾ ਰਿਆਸਤ ਦੇ ਰਾਜਨੀਤਿਕ ਝਗੜਿਆਂ ਨੂੰ ਨਿਪਟਾਉਣ ਵਾਲੇ, ਮੈਕਸਮੂਲਰ ਅਤੇ ਮੈਕਾਲਿਫ ਵਰਗੇ ਵਿਦਵਾਨਾਂ ਨਾਲ ਮਿੱਤਰਤਾਪੂਰਨ ਸੰਬੰਧ ਬਣਾਉਣ ਵਾਲੇ ਭਾਈ ਕਾਨ੍ਹ ਸਿੰਘ ਨਾਭਾ ਪੂਰਬੀ ਤੇ ਪੱਛਮੀ ਵਿਦਿਆ ਦਾ ਸੰਗਮ ਸਨ। ਉਹਨਾਂ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਗੁਣ ਸੀ ਕਿ ਉਹ ਆਪਣੇ ਸਿਧਾਂਤ ਦਾ ਨਿਰੂਪਣ ਬਿਨ੍ਹਾਂ ਕਿਸੇ ਦੀ ਅਵੱਗਿਆ ਕੀਤਿਆ ਕਰਦੇ ਸਨ। ਭਾਈ ਸਾਹਿਬ ਨੂੰ ਪੰਜਾਬੀ ਭਾਸ਼ਾ ਦਾ ਪਹਿਲਾਂ ਸ਼ਬਦਕੋਸ਼ ਲਿਖਣ ਦਾ ਮਾਣ ਪ੍ਰਾਪਤ ਹੈ। ਭਾਈ ਕਾਨ੍ਹ ਸਿੰਘ ਜੀ ਸੁਲਝੀ ਹੋਈ ਸ਼ਖ਼ਸੀਅਤ ਦੇ ਨਾਲ ਨਾਲ ਇੱਕ ਰਾਜਸੀ ਅਹਿਲਕਾਰ ਵੀ ਸਨ। ਮਾਨ-ਮਰਿਆਦਾ ਉਨ੍ਹਾਂ ਦੇ ਜੀਵਨ ਦਾ ਅੰਗ ਸੀ। ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਵਿੱਚ ਡਾ. ਦੇਵਿੰਦਰ ਸਿੰਘ ਵਿਦਿਆਰਥੀ ਲਿਖਦੇ ਹਨ:

"ਵਤਨ ਦਾ ਸੰਕਲਪ ਜੇਕਰ ਉਨ੍ਹਾਂ ਨੂੰ ਭਾਰਤ ਦੀ ਮਰਿਯਾਦਾ ਲਈ ਪੀੜਿਤ ਕਰਦਾ ਸੀ ਤਾਂ ਉਹ ਆਪਣੀ ਜੰਮਣ-ਭੂਮੀ ਦੀ ਮਾਨ-ਮਰਿਯਾਦਾ ਤੋਂ ਵੀ ਲਾਪਰਵਾਹ ਨਹੀ ਸੀ ਹੋ ਸਕਦੇ।" ਸਿੱਖ ਧਰਮ ਅਧਿਐਨ ਵਿਚ ਉਹਨਾਂ ਦਾ ਯੋਗਦਾਨ ਅਵਿਸਮਰਣੀਯ (ਨਾ ਭੁੱਲਣਯੋਗ) ਹੈ। ਉਹਨਾਂ ਦੇ ਇਸ ਮਹਾਨ ਯੋਗਦਾਨ ਨੂੰ ਜਾਣਨ ਲਈ ਉਹਨਾਂ ਦੇ ਜੀਵਨ, ਸ਼ਖ਼ਸੀਅਤ ਅਤੇ ਰਚਨਾਵਾਂ ਦਾ ਅਧਿਐਨ ਜ਼ਰੂਰੀ ਹੈ।

## 3.1 ਜੀਵਨ

ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ ਨਾਭੇ ਤੋਂ ਅੱਠ ਕਿਲੋਮੀਟਰ ਚੜ੍ਹਦੇ ਵੱਲ ਪਿੰਡ 'ਸਬਜ ਬਨੇਰਾ' ਵਿਖੇ ਭਾਈ ਨਰਾਇਣ ਸਿੰਘ ਜੀ ਅਤੇ ਬੀਬੀ ਹਰਿ ਕੌਰ ਦੀ ਕੁਖੋਂ 30 ਅਗਸਤ, 1861 ਈ. ਸ਼ੁਕਰਵਾਰ ਨੂੰ ਨਾਨਕੇ ਘਰ ਹੋਇਆ। ਆਪ ਜੀ ਦੇ ਪਿਤਾ ਉਸ ਸਮੇਂ ਨਾਭੇ ਦੇ ਪ੍ਰਸਿੱਧ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਦੇ ਮਹੰਤ ਸਨ। ਇਹ ਢਿੱਲੋ ਗੋਤ ਦੇ ਜੱਟ ਸਨ। ਭਾਈ ਕਾਨ੍ਹ ਸਿੰਘ ਨਾਭਾ ਦੇ ਵਡੇਰਿਆਂ ਦਾ ਪਿਛੋਕੜ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਨਾਲ ਜੁੜਦਾ ਹੈ। ਆਪ ਜੀ ਦੇ ਪਿਤਾ ਨਰਾਇਣ ਸਿੰਘ ਜੀ ਦੇ ਪੜਦਾਦਾ ਬਾਬਾ ਨੌਧ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸਨ। ਬਾਬਾ ਨੌਧ ਸਿੰਘ ਜੀ ਦੇ ਸਪੁੱਤਰ ਬਾਬਾ ਸਰੂਪ ਸਿੰਘ ਜੀ, ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਪੜਦਾਦਾ ਸਨ। ਅੱਜ ਦਾ ਵਿਗਿਆਨ ਇਹ ਸਿੱਧ ਕਰ ਚੁੱਕਾ ਹੈ ਕਿ ਮਨੁੱਖੀ ਜੀਨਜ਼ ਉਸਦੇ ਵਿਅਕਤੀਤਵ ਨੂੰ ਉਘਾੜਨ ਵਿੱਚ ਅਹਿਮ ਰੋਲ ਅਦਾ ਕਰਦੇ ਹਨ। ਆਪ ਜੀ ਦੇ ਪਿਤਾ ਦੇ ਪੜਦਾਦਾ ਅਤੇ ਦਾਦਾ, ਸੇਵਾ ਅਤੇ ਸਿਮਰਨ ਦੀ ਭਾਵਨਾ ਨਾਲ ਸਰੋਬਾਰ ਸਨ, ਉਥੇ ਬਾਬਾ ਨਰਾਇਣ ਸਿੰਘ ਮਹਾਂ ਗਿਆਨਵਾਨ ਸਨ। ਜਿਨ੍ਹਾਂ ਨੂੰ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜ਼ਬਾਨੀ ਯਾਦ ਸੀ। ਗੁਰਦੁਆਰੇ ਦੇ ਮਹੰਤ ਹੋਣ ਦੇ ਬਾਵਜੂਦ ਡੇਰੇ ਦੀ ਆਮਦਨ ਵਿੱਚੋਂ ਇਕ ਪੈਸਾ ਵੀ ਆਪਣੇ ਜਾਂ ਆਪਣੇ ਪਰਿਵਾਰ ਲਈ ਨਹੀਂ ਖਰਚਿਆ। ਬਾਬਾ ਨਰਾਇਣ ਸਿੰਘ ਆਪਣੇ ਪਰਿਵਾਰ ਦਾ ਖਰਚਾ ਆਪਣੀ ਪਿੰਡ (ਪਿਥੋਂ) ਦੀ ਜ਼ਮੀਨ ਦੀ ਆਮਦਨ ਤੋਂ ਕਰਦੇ ਸਨ।

ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਦੋ ਛੋਟੇ ਭਰਾ ਭਾਈ ਮੀਹਾਂ ਸਿੰਘ (ਜਨਮ 1870ਈ.) ਅਤੇ ਭਾਈ ਬਿਸ਼ਨ ਸਿੰਘ (ਜਨਮ 1873ਈ.) ਸਨ। ਇੱਕ ਭੈਣ ਕਾਨ੍ਹ ਕੋਰ (ਜਨਮ 1867ਈ.) ਸੀ ਜੋ ਛੋਟੀ ਉਮਰ ਵਿੱਚ ਹੀ ਅਕਾਲ ਚਲਾਣਾ ਕਰ ਗਈ ਸੀ। ਜਿਸ 'ਗੁਰਦੁਆਰਾ ਸਾਹਿਬ' ਵਿੱਚ ਆਪ ਜੀ ਦੇ ਪਿਤਾ ਮਹੰਤ ਸਨ, ਉਸ ਗੁਰਦੁਆਰੇ ਦੇ ਮਹਾਨ ਪੁਰਖ ਬਾਬਾ ਅਜਾਪਾਲ ਸਿੰਘ ਜਦੋਂ ਅਕਾਲ ਚਲਾਣਾ ਕਰ ਗਏ ਤਾਂ ਸੰਗਤਾਂ ਨੇ ਉਸ ਦੀ ਸੇਵਾ ਆਪ ਜੀ ਦੇ ਦਾਦਾ ਬਾਬਾ ਸਰੂਪ ਸਿੰਘ ਜੀ ਨੂੰ ਸੌਂਪੀ। ਉਹਨਾਂ ਨੇ ਹਜ਼ਾਰਾਂ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਗੁਰਮਤ ਦਾ ਇਹੋ ਜਿਹਾ ਪ੍ਰਚਾਰ ਕੀਤਾ ਕਿ ਇਹ ਗੁਰਦੁਆਰਾ ਗੁਰਮਤ ਪ੍ਰਚਾਰ ਦਾ ਕੇਂਦਰ ਬਣ ਗਿਆ। ਇਸ ਤਰ੍ਹਾਂ ਆਪ ਜੀ ਦੇ ਪਿਤਾ ਨੂੰ ਗੁੜਤੀ ਵਿੱਚ ਹੀ ਧਾਰਮਿਕ ਸੰਸਕਾਰ ਮਿਲੇ ਸਨ ਅਤੇ ਵਿਰਾਸਤ ਵਿੱਚ ਗੁਰਸਿੱਖੀ ਮਿਲੀ ਸੀ। ਆਪ ਜੀ ਦੇ ਪਿਤਾ ਜੀ ਦੀ ਯਾਦਦਾਸ਼ਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 'ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ' ਵਿੱਚ ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ,"ਆਪ ਨੂੰ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜ਼ੁਬਾਨੀ ਯਾਦ ਸੀ ਅਤੇ ਚਾਰ ਪਾਠ ਹਰੇਕ ਮਹੀਨੇ ਨੇਮ ਨਾਲ ਕਰਿਆ ਕਰਦੇ ਸਨ। ਆਪ ਨੇ ਆਪਣੀ ਉਮਰ ਵਿਚ ਇਕ ਆਸਨ ਬੈਠ ਕੇ ਤਿੰਨ ਅਤਿ ਅਖੰਡ ਪਾਠ ਕੀਤੇ ਸਨ ਅਤੇ ਇਕ ਅਤਿ ਅਖੰਡ ਪਾਠ ਆਪ ਤੋਂ ਖੁਦ ਮਹਾਰਾਜਾ ਹੀਰਾ ਸਿੰਘ ਜੀ ਨੇ ਸੁਣਿਆ ਉਹ ਪ੍ਰੇਮ-ਭਾਵ ਦੇਖਣਯੋਗ ਸੀ। ਜਦ ਉਸ ਪਾਠ ਦਾ ਭੋਗ ਪਿਆ ਤਾਂ ਮਹਾਰਾਜਾ ਸਾਹਿਬ ਨੇ ਕੁਝ ਜਾਗੀਰ ਭੇਟਾ ਕਰਨੀ ਚਾਹੀ ਪਰ ਬਾਬਾ ਜੀ ਨੇ ਪਾਠ-ਭੇਟਾ ਲੈਣੀ ਨਾਵਾਜਬ ਸਮਝ ਕੇ ਇਨਕਾਰ ਕਰ ਦਿੱਤਾ।"

ਇਸ ਤਰ੍ਹਾਂ ਭਾਈ ਕਾਨ੍ਹ ਸਿੰਘ ਜੀ ਨੂੰ ਵਿਰਾਸਤ ਵਿੱਚ ਗਿਆਨ ਦਾ ਅਮੋਲ ਖਜ਼ਾਨਾ ਮਿਲਿਆ ਸੀ। ਆਪ ਸ਼ਹਿਰ ਵਿਚ ਆਪਣੇ ਮਾਤਾ ਜੀ ਕੋਲ ਰਹਿੰਦੇ ਸਨ, ਪਰ ਜਦੋਂ 4 ਸਾਲ ਦੇ ਹੋਏ ਤਾਂ ਆਪ ਜੀ ਦੇ ਪਿਤਾ ਆਪ ਜੀ ਨੂੰ ਆਪਣੇ ਨਾਲ 'ਗੁਰਦੁਆਰਾ ਸਾਹਿਬ' ਲੈ ਆਏ। 'ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ' ਵਿੱਚ ਡਾ. ਦੇਵਿੰਦਰ ਸਿੰਘ ਵਿਦਿਆਰਥੀ ਲਿਖਦੇ ਹਨ, "ਦਿਨ ਵਿਚ ਬਾਲਕ (ਕਾਨ੍ਹ ਸਿੰਘ ਨਾਭਾ) ਨੂੰ ਬਹੁਤ ਘੱਟ ਸਮੇਂ ਤੱਕ ਮਾਂ ਅਤੇ ਦਾਦੀ ਕੋਲ ਜਾਣ ਦਿੱਤਾ ਜਾਂਦਾ ਸੀ। ਰਾਤ ਨੂੰ ਉਹ ਪਿਤਾ ਕੋਲ, ਧਰਤੀ ਉੱਤੇ ਸੌਂਦਾ ਸੀ। ਸਵੇਰੇ ਪ੍ਰਾਤਕਾਲ ਪਿਤਾ ਦੇ ਨਾਲ ਜਾਗਦਾ, ਦਾਤਣ-ਕੁਰਲਾ ਕਰਕੇ ਜੰਗਲ ਪਾਣੀ ਜਾਂਦਾ, ਇਸ਼ਨਾਨ ਕਰਕੇ, ਗੁਰੂ ਦਰਬਾਰ ਵਿੱਚ ਆਸਾ ਦੀ ਵਾਰ ਦਾ ਕੀਰਤਨ ਸੁਣਦਾ, ਪਿਛੋਂ ਨਾਸ਼ਤਾ ਕਰਦਾ, ਬਗੀਚੀ ਵਿਚ ਖੇਡਦਾ ਤੇ ਫੁੱਲਾਂ-ਫਲਾਂ ਨਾਲ ਜਾਣਕਾਰੀ ਪ੍ਰਾਪਤ ਕਰਦਾ। ਦੁਪਹਿਰ ਕੁਝ ਸਮਾਂ ਘਰ ਜਾਣ ਦੀ ਆਗਿਆ ਮਿਲਦੀ, ਤੀਜੇ ਪਹਿਰ ਮੁੜ ਡੇਰੇ (ਗੁਰਦੁਆਰੇ) ਆ ਜਾਂਦਾ, ਕਥਾ ਕੀਰਤਨ ਸੁਣਦਾ ਅਤੇ ਆਪਣੀ ਬੁੱਧੀ ਅਨੁਸਾਰ ਆਪਣੀ ਉਤਸੁਕਤਾ ਅਤੇ ਸ਼ੰਕਿਆਂ ਦੀ ਨਵਿਰਤੀ ਲਈ ਪਿਤਾ ਕੋਲੋਂ ਸਾਖੀਆਂ ਸੁਣਦਾ।"

ਭਾਈ ਸਾਹਿਬ ਰਸਮੀ ਤੌਰ ਤੇ ਕਿਸੇ ਸਕੂਲ ਵਿਚ ਨਹੀ ਗਏ। ਆਪ ਜੀ ਦੀ ਵਿਦਿਆ ਪ੍ਰਾਪਤੀ ਨੌਬਲ ਵਿਜੇਤਾ ਰਬਿੰਦਰ ਨਾਥ ਟੈਗੋਰ ਨਾਲ ਮਿਲਦੀ ਹੈ ਕਿਉਂਕਿ ਰਬਿੰਦਰ ਨਾਥ ਜੀ ਨੇ ਵੀ ਵਿਦਿਆ ਪ੍ਰਚਲਿਤ ਵਿਧੀ ਅਨੁਸਾਰ ਪ੍ਰਾਪਤ ਨਹੀ ਕੀਤੀ ਸੀ। ਬਾਲਕ ਕਾਨ੍ਹ ਸਿੰਘ ਦੇ ਪਹਿਲੇ ਅਧਿਆਪਕ ਉਹਨਾਂ ਦੇ ਪਿਤਾ ਜੀ ਸਨ। ਜਿੰਨ੍ਹਾਂ ਨੇ 6 ਸਾਲ ਦੀ ਉਮਰ ਵਿਚ ਬਾਲਕ ਕਾਨ੍ਹ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਉਣਾ ਸ਼ੁਰੂ ਕਰਵਾ ਦਿੱਤਾ ਸੀ। ਆਪ ਬਚਪਨ ਤੋਂ ਹੀ ਸੂਖਮ ਬੁੱਧੀ ਵਾਲੇ ਸਨ। ਆਪ ਜੀ ਦੀ ਧਾਰਮਿਕ ਸਿਖਿਆ ਲਈ ਭਾਈ ਭੂਪ ਸਿੰਘ ਜੀ ਦੀ ਨਿਯੁਕਤੀ ਹੋਈ। 'ਪ੍ਰਸਿੱਧ ਵਿਦਵਾਨ ਕਾਨ੍ਹ ਸਿੰਘ ਨਾਭਾ' ਵਿੱਚ ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ: "ਉਨ੍ਹਾਂ ਨੇ ਨੌਵੇ ਸਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੇ ਦਸਵੇਂ ਸਾਲ ਵਿਚ ਦਸਮ ਗ੍ਰੰਥ ਦਾ ਸੰਪੂਰਨ ਪਾਠ ਅਧਿਐਨ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਭਾਈ ਭੂਪ ਸਿੰਘ, ਭਾਈ ਜਵਾਹਰ ਸਿੰਘ ਤੇ ਆਪਣੇ ਪਿਤਾ ਪਾਸੋਂ ਗੁਰਬਾਣੀ ਤੇ ਸਿੱਖ ਸਾਹਿਤ, ਬਾਵਾ ਕਲਿਆਣ ਦਾਸ ਪਾਸੋਂ ਸੰਸਕ੍ਰਿਤ, ਪੰਡਿਤ ਸ਼੍ਰੀਧਰ, ਬੰਸੀਧਰ, ਭਾਈ ਵੀਰ ਸਿੰਘ ਜਲਾਲ ਕੇ, ਭਾਈ ਰਾਮ ਸਿੰਘ, ਬਾਵਾ ਪਰਮਾਨੰਦ ਆਦਿ ਤੋਂ ਨਯਾਯ, ਵੇਦਾਂਤ ਤੇ ਕਾਵਿ ਅਤੇ ਧਰਮ ਗ੍ਰੰਥ ਪੜ੍ਹੇ ਤੇ ਭਾਈ ਭਗਵਾਨ ਸਿੰਘ ਜੀ ਦੁੱਗ ਤੋਂ ਹਿੰਦੀ ਕਵਿਤਾ ਸਿੱਖੀ ਤੇ ਗੁਰੂ ਸਰ ਮਹਿਰਾਜ ਦੇ ਮਹੰਤ ਭਾਈ ਰਾਜਾ ਸਿੰਘ ਪਾਸੋਂ ਸੰਗੀਤ ਸਿੱਖਿਆ ਅੰਗਰੇਜ਼ੀ, ਫ਼ਾਰਸੀ ਦੀ ਵਿਦਿਆ ਹਾਸਲ ਕਰਨ ਲਈ ਆਪ ਨੇ ਤਿੰਨ ਸਾਲ ਲਖਨਊ, ਦਿੱਲੀ ਤੇ ਲਾਹੌਰ ਆਦਿ ਥਾਵਾਂ ਤੇ ਗੁਜਾਰੇ। 1883 ਈ. ਵਿੱਚ ਲਾਹੌਰ ਦੇ ਡੇਹਰਾ ਸਾਹਿਬ ਦੇ ਗਿਆਨੀ ਸੰਤ ਸਿੰਘ ਤੋਂ ਜਫ਼ਰਨਾਮਾ, ਦੀਵਾਨ ਗੋਯਾ ਅਤੇ ਹੋਰ ਸਿੱਖ ਸਾਹਿਤ ਦਾ ਡੂੰਘਾ ਅਧਿਐਨ ਕੀਤਾ।" ਭਾਈ ਕਾਨ੍ਹ ਸਿੰਘ ਨਾਭਾ ਨੇ ਰਾਗ ਬੋਧ ਅਤੇ ਸਿਤਾਰ ਵਜਾਉਣ ਦਾ ਹੁਨਰ ਜਲੰਧਰ ਦੇ ਪ੍ਰਸਿੱਧ ਸੰਗੀਤਕਾਰ ਰਹਿਮਤ ਖਾਂ ਦੇ ਚੇਲੇ ਅਤੇ ਸਿੱਖਾਂ ਵਿਚ ਤਾਊਸ ਅਤੇ ਦਿਲਰੂਬਾ ਵਜਾਉਣ ਦੇ ਉਸਤਾਦ ਸੰਤ ਗੱਜਾ ਸਿੰਘ ਮਹਿਰਾਜ ਪਾਸੋਂ ਲਿਆ। ਦੇਵਿੰਦਰ ਸਿੰਘ ਵਿਦਿਆਰਥੀ ਆਪਣੀ ਪੁਸਤਕ, "ਭਾਈ ਕਾਨ੍ਹ ਸਿੰਘ ਨਾਭਾ : ਜੀਵਨ ਅਤੇ ਰਚਨਾ" ਵਿੱਚ ਲਿਖਦੇ ਹਨ, "ਭਾਈ ਰਾਜਾ ਸਿੰਘ ਜੀ ਉਨ੍ਹਾਂ ਸਮਿਆਂ ਵਿਚ ਇਕ ਮੰਨੇ-ਪ੍ਰਮੰਨੇ ਸੰਗੀਤਾਚਾਰਯ ਸਨ। ਭਾਈ ਸਾਹਿਬ (ਕਾਨ੍ਹ ਸਿੰਘ) ਤੇ ਉਨ੍ਹਾਂ ਤੋਂ ਸੰਗੀਤ ਵਿਚ ਥੋੜੇ ਹੀ ਚਿਰ ਦੀ ਮਿਹਨਤ ਨਾਲ ਨਿਪੁੰਨਤਾ ਪ੍ਰਾਪਤ ਕਰ ਲਈ। ਇਸ ਤੋਂ ਬਿਨਾਂ ਰਾਜ-ਦਰਬਾਰ ਨਾਭਾ ਵਿਚ ਜੋ ਸੰਗੀਤ ਦੇ ਪੰਡਿਤ ਆਉਂਦੇ ਰਹੇ, ਉਨ੍ਹਾਂ ਤੋਂ ਭੀ ਬਹੁਤ ਕੁਝ ਸਿਖਿਆ ਲਈ ਅਤੇ ਥੋੜ੍ਹੇ ਸਮੇਂ ਵਿਚ ਹੀ ਆਪ ਨੇ ਸੰਗੀਤ ਦੇ ਬਹੁਤ ਸਾਰੇ ਗ੍ਰੰਥ ਪੜ੍ਹ ਲਏ।" ਸੰਗੀਤ ਦੇ ਨਾਲ-ਨਾਲ ਭਾਰਤੀ ਕਾਵਿ ਸ਼ਾਸ਼ਤਰ, ਦਰਸ਼ਨ ਅਤੇ ਪ੍ਰਮੁੱਖ ਸਿੱਖ ਸ੍ਰੋਤਾਂ ਦਾ ਅਧਿਐਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰੰਤਰ ਪਾਠ ਅਤੇ ਗਹਿਨ ਅਧਿਐਨ ਕਰਦੇ ਰਹੇ। ਇਸ ਬਹੁਪੱਖੀ ਅਧਿਐਨ ਸਦਕਾ ਉਹਨਾਂ ਦੀ ਬਹੁਮੁੱਖੀ ਦ੍ਰਿਸ਼ਟੀ ਬਣੀ ਜਿਸ ਕਰਕੇ ਭਾਈ ਸਾਹਿਬ ਅੰਦਰ ਸੰਕੀਰਣਤਾ ਅਤੇ ਕੱਟੜਵਾਦ ਲਈ ਕੋਈ ਥਾਂ ਨਹੀਂ ਸੀ। ਕਿਸੇ ਵੀ ਮਸਲੇ ਦਾ ਨਿਰਣਾ ਕਰਦੇ ਸਮੇਂ ਉਹ ਉਸਨੂੰ ਵੱਖ-ਵੱਖ ਪਹਿਲੂਆਂ ਤੋਂ ਵੇਖਦੇ-ਪਰਖਦੇ ਸਨ।

ਲੋਕਾਂ ਅੰਦਰ ਇਹ ਸੰਕੀਰਣਤਾ ਘਰ ਕਰ ਚੁੱਕੀ ਸੀ ਕਿ ਫਾਰਸੀ ਭਾਸ਼ਾ ਮਲੇਛ ਭਾਸ਼ਾ ਹੈ। ਇਸ ਭਾਸ਼ਾ ਨੂੰ ਪੜ੍ਹਨਾ ਤਾਂ ਬਹੁਤ ਦੂਰ ਸੀ, ਇਸ ਬਾਰੇ ਸੋਚਣਾ ਵੀ ਗੁਨਾਹ ਮੰਨਿਆ ਜਾਂਦਾ ਸੀ। ਸ਼ਾਇਦ ਇਸ ਦਾ ਮੁੱਖ ਕਾਰਣ ਮੁਗਲਾਂ ਵੱਲੋਂ ਸਿੱਖਾਂ ਅਤੇ ਹਿੰਦੂਆਂ ਉੱਪਰ ਕੀਤੇ ਜ਼ੁਲਮ ਅਤੇ ਵਧੀਕੀਆਂ ਸੀ। ਰਾਜਨੀਤਿਕ ਅਤੇ ਇਤਿਹਾਸਿਕ ਘਟਨਾਵਾਂ ਕਰਕੇ ਸਿੱਖਾਂ ਅਤੇ ਹਿੰਦੂਆਂ ਵਿੱਚ ਮੁਸਲਿਮ ਵਿਰੋਧੀ ਪ੍ਰਚਾਰ ਸੀ। ਭਾਸ਼ਾ ਕੋਈ ਵੀ ਹੋਵੇ ਉਹ ਹਮੇਸ਼ਾ ਜੋੜਨ ਦਾ ਕੰਮ ਕਰਦੀ ਹੈ। ਇਕ ਮਨੁੱਖ ਨੂੰ ਦੂਸਰੇ ਨਾਲ ਜੋੜਦੀ ਹੈ, ਉਸ ਦੀ ਕੋਈ ਜਾਤ-ਪਾਤ ਜਾਂ ਭਾਸ਼ਾ ਮਾੜੀ ਨਹੀ ਹੋ ਸਕਦੀ। ਜੇ ਫਾਰਸੀ ਭਾਸ਼ਾ ਮਲੇਛ ਭਾਸ਼ਾ ਜਾਂ ਪੜਨਯੋਗ ਨਾ ਹੁੰਦੀ ਤਾਂ ਗੁਰੂ ਸਾਹਿਬ ਨੇ ਜਫ਼ਰਨਾਮਾ ਕਿਉਂ ਲਿਖਿਆ ਅਤੇ ਭਾਈ ਨੰਦ ਲਾਲ ਗੋਯਾ ਦੀਆਂ ਰਚਨਾਵਾਂ ਕਿਉਂ ਪੜੀਆਂ ਤੇ ਗਾਈਆਂ ਜਾਂਦੀਆਂ ਹਨ? ਖਾਲਸਾ ਸ਼ਬਦ, ਫਤਹ ਦੇਗ, ਤੇਗ ਅਤੇ ਦਸਤਾਰ ਆਦਿ ਸ਼ਬਦਾਂ ਦਾ ਪ੍ਰਯੋਗ ਕਦੇ ਨਾ ਹੁੰਦਾ। ਜੇ ਕੋਈ ਸ਼ਾਸ਼ਕ ਵਰਗ ਗਲਤ ਕਰਦਾ ਹੈ ਤਾਂ ਉਸ ਧਰਮ, ਭਾਸ਼ਾ ਜਾਂ ਭਾਈਚਾਰੇ ਦਾ ਕੀ ਕਸੂਰ ਹੁੰਦਾ ਹੈ? ਫ਼ਾਰਸੀ ਨਾ ਪੜ੍ਹਨ ਦੇ ਵਿਰੋਧ ਦਾ ਅਸਰ ਆਮ ਜਨਤਾ ਦੇ ਨਾਲ-ਨਾਲ ਲੇਖਕਾਂ ਤੇ ਨੀਤੀਵਾਨਾਂ ਉੱਤੇ ਵੀ ਪਿਆ। ਸ਼ਮਸ਼ੇਰ ਸਿੰਗ ਅਸ਼ੋਕ ਆਪਣੀ ਪੁਸਤਕ 'ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ' ਵਿਚ ਲਿਖਦੇ ਹਨ, "ਜਦ ਭਾਈ ਸਾਹਿਬ ਦੇ ਫ਼ਾਰਸੀ ਪੜ੍ਹਨ ਦਾ ਪਤਾ ਗੁਰਦੁਆਰੇ ਲੱਗਿਆ ਤਾਂ ਬਹੁਤੇ ਸਿੱਖ ਬਾਬਾ ਨਾਰਾਇਣ ਸਿੰਘ ਜੀ ਦੇ ਉਦਾਲੇ ਆਣ ਹੋਏ ਤੇ ਲੱਗੇ ਫ਼ਾਰਸੀ ਪੜ੍ਹਨ ਤੋਂ ਵਿਰੁੱਧ ਰਹਿਤਨਾਮਿਆਂ ਦੇ ਹਵਾਲੇ ਦੇਣ। ਬਾਬਾ

ਜੀ ਪਹਿਲਾਂ ਤੇ ਉਨ੍ਹਾਂ ਨੂੰ ਕੁਝ ਚਿਰ ਹੱਸ ਕੇ ਟਾਲ ਗਏ, ਪਰ ਜਦ ਉਨ੍ਹਾਂ ਖਹਿੜਾ ਹੀ ਨਾ ਛੱਡਿਆ ਤਾਂ ਮਜ਼ਬੂਰ ਹੋ ਕੇ ਭਾਈ ਸਾਹਿਬ ਨੂੰ ਫ਼ਾਰਸੀ ਪੜ੍ਹਨੋ ਹਟਾ ਲਿਆ।" ਭਾਈ ਕਾਨ੍ਹ ਸਿੰਘ ਨਾਭਾ ਜੀ ਅੰਦਰ ਫ਼ਾਰਸੀ ਸਿੱਖਣ ਦੀ ਤੀਬਰ ਇੱਛਾ ਸੀ ਅਤੇ ਦ੍ਰਿੜ ਫੈਸਲੇ ਲੈਣ ਦੀ ਸਮੱਰਥਾ ਉਹਨਾਂ ਦਾ ਕੁਦਰਤੀ ਗੁਣ ਸੀ। ਇਸ ਲਈ ਉਹਨਾਂ ਦਾ ਫ਼ਾਰਸੀ ਸਿੱਖਣ ਦਾ ਦ੍ਰਿੜ ਫੈਸਲਾ ਉਨ੍ਹਾਂ ਨੂੰ ਦਿੱਲੀ ਅਤੇ ਲਖਨਊ ਲੈ ਗਿਆ। ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, "ਘਰੋਂ ਨਿਕਲ ਤੁਰੇ ਅਤੇ ਦਿੱਲੀ ਪਹੁੰਚ ਕੇ ਇਕ ਵਿਦਵਾਨ ਪਾਸ ਫ਼ਾਰਸੀ ਪੜ੍ਹਨ ਲੱਗ ਪਏ। ਕੁਝ ਚਿਰ ਆਪ ਦਿੱਲੀ ਰਹੇ ਅਤੇ ਫਿਰ ਉਥੋਂ ਲਖਨਊ ਚਲੇ ਗਏ। ਜਦ ਇਸ ਤਰ੍ਹਾਂ ਦੋ ਕੁ ਸਾਲਾਂ ਵਿੱਚ ਫ਼ਾਰਸੀ ਦੀ ਚੰਗੀ ਕਾਬਲੀਅਤ ਹੋ ਗਈ ਤਾਂ ਸੰਮਤ 1940, ਮੁਤਾਬਕ ਸੰਨ 1883 ਈ. ਵਿੱਚ ਆਪ ਲਾਹੌਰ ਆ ਗਏ ਤੇ ਆਪ ਨੇ ਭਾਈ ਸੰਤ ਸਿੰਘ ਜੀ ਗਿਆਨੀ ਡੇਹਰਾ ਸਾਹਿਬ ਵਾਲਿਆਂ ਤੋਂ ਜਫ਼ਰਨਾਮਾ, ਜ਼ਿੰਦਗੀਨਾਮਾ, ਤੋਸ਼ੀਫੋਸਨਾ ਆਦਿ ਸਿੱਖ ਸਾਹਿਤ ਦੀਆਂ ਫ਼ਾਰਸੀ ਰਚਨਾਵਾਂ ਪੜ੍ਹੀਆਂ।" ਭਾਈ ਸਾਹਿਬ ਆਜ਼ਾਦ ਸੋਚ ਦੇ ਮਾਲਕ ਸਨ ਉਹ ਕਿਸੇ ਦੀਆਂ ਗੱਲਾਂ ਵਿਚ ਆ ਕੇ ਫੈਸਲਾ ਨਹੀਂ ਲੈਂਦੇ ਸਨ। ਉਹ ਤੱਥਾਂ ਨੂੰ ਘੋਖ ਕੇ ਫਿਰ ਆਪਣਾ ਫੈਸਲਾ ਲੈਂਦੇ ਸਨ।

ਭਾਈ ਸਾਹਿਬ ਲਾਹੌਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਦੇ ਸਨ ਅਤੇ ਲਾਹੌਰ ਉਰੀਐਂਟਲ ਕਾਲਜ ਦੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਤੋਂ ਨੋਟ ਪ੍ਰਾਪਤ ਕਰਦੇ ਸਨ। ਭਾਈ ਗੁਰਮੁਖ ਸਿੰਘ ਜੀ ਗੁਰਮੁਖੀ ਅਖਬਾਰ (15 ਰੋਜ਼ਾ) ਅਤੇ ਮਾਸਕ ਪੱਤ੍ਰਿਕਾ 'ਵਿਦਿਅਕ ਪੰਜਾਬ' ਦੇ ਸੰਪਾਦਕ ਵੀ ਸਨ। ਭਾਈ ਕਾਨ੍ਹ ਸਿੰਘ ਨਾਭਾ ਜੀ ਨੂੰ ਇੱਕ ਖੇਤਰ ਮਿਲ ਗਿਆ ਜਿਸ ਵਿਚ ਆਪਣਾ ਵੱਡਮੁਲਾ ਯੋਗਦਾਨ ਪਾਇਆ। ਗੁਰਮਤਿ ਦੇ ਪ੍ਰਚਾਰ ਲਈ ਪ੍ਰੋਗਰਾਮ ਉਲੀਕੇ, ਵਿਦਵਤਾ ਭਰਪੂਰ ਨਿਬੰਧਾਂ, ਲੇਖਾਂ ਰਾਹੀ ਧਾਰਮਕ, ਸਮਾਜਕ ਅਤੇ ਰਾਜਨੀਤਿਕ ਜਾਗ੍ਰਤੀ ਦੇ ਪੂਰੇ ਯਤਨ ਕੀਤੇ।

ਭਾਈ ਸਾਹਿਬ ਲਾਹੌਰ ਤੋਂ ਨਾਭੇ ਜਦੋਂ ਵਾਪਸ ਆਏ ਤਾਂ ਆਪ ਜੀ ਦੀ ਉਮਰ 24 ਸਾਲ ਸੀ। ਮਾਤਾ-ਪਿਤਾ ਨੇ ਆਪ ਦਾ ਵਿਆਹ ਧੂਰੇ ਪਿੰਡ (ਪਟਿਆਲਾ) ਵਿਖੇ ਕੀਤਾ।  ਵਿਆਹ ਤੋਂ ਕੁਝ ਦਿਨਾਂ ਬਾਅਦ ਆਪ ਦੇ ਮਾਤਾ ਜੀ ਤਪਦਿਕ ਨਾਲ ਅਕਾਲ ਚਲਾਣਾ ਕਰ ਗਏ ਅਤੇ ਉਹਨਾਂ ਤੋਂ ਕੁਝ ਸਮੇਂ ਬਾਅਦ ਆਪ ਜੀ ਦੀ ਪਤਨੀ ਵੀ ਅਕਾਲ ਚਲਾਣਾ ਕਰ ਗਈ। ਇਸ ਤੋਂ ਬਾਅਦ ਆਪ ਜੀ ਦਾ ਦੂਸਰਾ ਵਿਆਹ ਮੁਕਤਸਰ ਵਿਖੇ ਹੋਇਆ। ਕੁਝ ਸਮਾਂ ਪਾ ਕੇ ਆਪ ਜੀ ਦੀ ਦੂਸਰੀ ਪਤਨੀ ਵੀ ਅਕਾਲ ਚਲਾਣਾ ਕਰ ਗਈ। ਆਪ ਦੇ ਪਿਤਾ ਜੀ ਨੇ ਆਪ ਜੀ ਦੀ ਤੀਸਰੀ ਸ਼ਾਦੀ ਪਟਿਆਲਾ ਰਿਆਸਤ ਦੇ ਪਿੰਡ ਰਾਮਗੜ੍ਹ ਵਿਖੇ ਸ. ਹਰਦਮ ਸਿੰਘ ਜੀ ਦੀ ਸਪੁੱਤਰੀ ਬੀਬੀ ਬਸੰਤ ਕੌਰ ਨਾਲ ਹੋਇਆ। ਬੀਬੀ ਬਸੰਤ ਕੌਰ ਜੀ ਦੀ ਕੁਖੋਂ 15 ਫਰਵਰੀ 1892ਈ. ਨੂੰ ਭਾਈ ਭਗਵੰਤ ਸਿੰਘ ਜੀ ਦਾ ਜਨਮ ਹੋਇਆ। ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਇਹ ਇਕਲੌਤੇ ਪੁੱਤਰ ਸਨ। ਇਹਨਾਂ ਨੂੰ ਪਿਆਰ ਨਾਲ ਸਾਰੇ 'ਹਰਿ ਜੀ' ਪੁਕਾਰਦੇ ਸਨ। ਇਹਨਾਂ ਦੇ ਇਕਲੌਤੇ ਪੁੱਤਰ 'ਹਰਿ ਜੀ' ਆਪਣੇ ਪਿਤਾ ਵਾਂਗ ਗੁਰਮਤਿ ਸਾਹਿਤ ਦੇ ਮਹਾਨ ਵਿਦਵਾਨ ਬਣੇ। ਆਪ ਜੀ ਦੀ ਗਹਿਰੀ ਸੂਝ-ਬੂਝ ਅਤੇ ਯੋਗਤਾ ਨੂੰ ਦੇਖਦਿਆਂ ਮਹਾਰਾਜਾ ਹੀਰਾ ਸਿੰਘ ਨੇ ਆਪ ਜੀ ਨੂੰ ਆਪਣੇ ਇਕਲੌਤੇ ਪੁੱਤਰ ਟਿਕਾ ਰਿਪੁਦਮਨ ਸਿੰਘ ਜੋ ਚਾਰ ਸਾਲ ਦਾ ਸੀ, ਉਸਦਾ ਉਸਤਾਦ ਨਿਯੁਕਤ ਕਰ ਦਿੱਤਾ। ਟਿਕਾ ਸਾਹਿਬ ਦੀ ਪੜ੍ਹਾਈ ਦਾ ਨਤੀਜਾ ਜਦੋਂ ਚੰਗਾ ਨਿਕਲਦਿਆਂ ਵੇਖਿਆ। ਤਾਂ 1893ਈ. ਵਿੱਚ ਮਹਾਰਾਜ ਹੀਰਾ ਸਿੰਘ ਨੇ ਆਪ ਜੀ ਨੂੰ ਆਪਣਾ ਪ੍ਰਾਈਵੇਟ ਸਕੱਤਰ ਬਣਾ ਲਿਆ। ਇਸ ਤੋਂ ਬਾਅਦ ਸਿਟੀ ਮਜਿਸਟਰੇਟ, ਨਹਿਰ ਨਾਜਮ (ਰੈਵੀਨਿਊ ਕੁਲੈਕਟਰ) ਫਿਰ ਨਾਜ਼ਮ (ਡਿਪਟੀ ਕਮਿਸ਼ਨਰ) ਧਨੌਲਾ, ਬਾਵਲ ਬਣੇ, ਭਾਈ ਕਾਨ੍ਹ ਸਿੰਘ ਮਹਾਰਾਜਾ ਹੀਰਾ ਸਿੰਘ ਨੂੰ ਸਮੇਂ ਸਮੇਂ ਤੇ ਰਾਜ ਪ੍ਰਬੰਧ ਬਾਰੇ ਵੀ ਕਈ ਸਲਾਹਾਂ ਵੀ ਦਿੰਦੇ ਰਹਿੰਦੇ ਸਨ, ਪਰ ਹਮੇਸ਼ਾ ਰਾਜਾ-ਪਰਜਾ ਦੇ ਸੁਭਚਿੰਤਕ ਬਣ ਕੇ ਮਹਿਕਮਿਆਂ ਵਿਚੋਂ ਰਿਸ਼ਵਤ ਵਰਗੀ ਬੁਰਾਈ ਨੂੰ ਖ਼ਤਮ ਕਰਨ ਲਈ ਹਮੇਸ਼ਾ ਯਤਨਸ਼ੀਲ ਰਹੇ। ਇਸ ਤਰ੍ਹਾਂ ਭਾਈ ਸਾਹਿਬ ਦੇ ਚਿੰਤਨ ਵਿਚ ਅਤੇ ਸੋਚ ਵਿੱਚ ਹਰ ਰੋਜ਼ ਨਵਾਂ ਨਿਖਾਰ ਆ ਰਿਹਾ ਸੀ। ਮਹਾਰਾਜਾ ਹੀਰਾ ਸਿੰਘ ਨੂੰ ਦੂਸਰੇ ਰਾਜਾਂ ਦੇ ਧਰਮਾਂ ਅਤੇ ਮਸਲਿਆਂ ਬਾਰੇ ਅਤੇ ਆਪਣੀਆਂ ਨੀਤੀਆਂ ਬਾਰੇ ਕਿਤਾਬਾਂ ਲਿਖਵਾਉਣ ਦਾ ਬਹੁਤ ਸ਼ੌਕ ਸੀ। ਇਸ ਸ਼ੌਕ ਲਈ ਮਹਾਰਾਜਾ ਨੇ ਆਪਣੇ ਰਾਜ ਵਿੱਚ ਕਈ ਵਿਦਵਾਨ ਅਤੇ ਲਿਖਾਰੀ ਰੱਖੇ ਹੋਏ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ 'ਰਾਜ ਧਰਮ' ਨਾਂ ਦੀ ਪਹਿਲੀ ਪੁਸਤਕ ਲਿਖੀ ਜਿਹੜੀ ਕੀ ਮਹਾਰਾਜਾ ਸਾਹਿਬ ਦੇ ਖਿਆਲਾਂ ਤੇ ਆਧਾਰਿਤ ਸੀ। ਇਸ ਰਚਨਾ ਨੂੰ ਭਾਈ ਕਾਨ੍ਹ ਸਿੰਘ

ਨਾਭਾ ਦੀ ਪਹਿਲੀ ਰਚਨਾ ਕਿਹਾ ਜਾਂਦਾ ਹੈ। ਦੇਵਿੰਦਰ ਸਿੰਘ ਵਿਦਿਆਰਥੀ ਆਪਣੀ ਪੁਸਤਕ ਭਾਈ ਕਾਨ੍ਹ ਸਿੰਘ ਨਾਭਾ : ਜੀਵਨ ਅਤੇ ਰਚਨਾ ਵਿੱਚ ਲਿਖਦੇ ਹਨ, "ਨਾਭਾ ਦਰਬਾਰ ਵਿਚ ਭਾਈ ਕਾਨ੍ਹ ਸਿੰਘ ਦੀ ਇਹ ਪਹਿਲੀ ਕਿਰਤ ਸੀ, ਜਿਸਨੂੰ ਮਹਾਰਾਜਾ ਹੀਰਾ ਸਿੰਘ ਅਤੇ ਭਾਈ ਕਾਨ੍ਹ ਸਿੰਘ ਦੀ ਸਾਂਝੀ ਰਚਨਾ ਕਹਿ ਸਕਦੇ ਹਾਂ। ਇਸ ਨਾਲ ਭਾਈ ਸਾਹਿਬ ਨੇ ਰਾਜੇ ਨੂੰ ਮੋਹ ਲਿਆ ਜਾਪਦਾ ਹੈ, ਰਚਨਾ 1884 ਦੀ ਹੈ।" ਮਹਾਰਾਜ ਹੀਰਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਉੱਪਰ ਬਹੁਤ ਵਿਸ਼ਵਾਸ਼ ਕਰਦੇ ਸਨ। ਉਹ ਰਿਆਸਤ ਦੇ ਹਰ ਫੈਸਲੇ ਅਤੇ ਕਿਸੇ ਮੁਸ਼ਕਿਲ ਦੇ ਹੱਲ ਲਈ ਸਭ ਤੋਂ ਪਹਿਲਾਂ ਭਾਈ ਕਾਨ੍ਹ ਸਿੰਘ ਜੀ ਕੋਲੋਂ ਸਲਾਹ ਲੈਂਦੇ ਸਨ। ਭਾਈ ਸਾਹਿਬ ਦੇ ਉਦਮ ਕਰਕੇ ਨਾਭਾ ਦਰਬਾਰ ਦੇ ਜ਼ਬਤ ਹੋਏ ਇਲਾਕੇ ਬਹਾਲ ਕਰਵਾਏ, ਮੁਕੱਦਮਾ ਜੋ ਪੁਸਤਾਂ ਤੋਂ ਲਟਕਦਾ ਆ ਰਿਹਾ ਸੀ। ਉਸਨੂੰ ਹੱਲ ਕਰਵਾਇਆ। ਭਾਈ ਸਾਹਿਬ ਦੀ ਇਮਾਨਦਾਰੀ ਅਤੇ ਲਿਆਕਤ ਦੇ ਅੰਗਰੇਜ਼ੀ ਅਫ਼ਸਰ ਵੀ ਕਾਯਲ ਸਨ। ਸ਼ਮਸ਼ੇਰ ਸਿੰਘ ਅਸ਼ੋਕ ਆਪਣੀ ਪੁਸਤਕ 'ਪ੍ਰਸਿੱਧ ਵਿਦਾਨ ਭਾਈ ਕਾਨ੍ਹ ਸਿੰਘ ਨਾਭਾ' ਵਿੱਚ ਲਿਖਦੇ ਹਨ ਕਿ ਉਸ ਸਮੇਂ ਦੇ ਪੋਲੀਟੀਕਲ ਏਜੰਟ ਕਰਨਲ ਡਨਲਪ ਸਮਿੱਥ ਨੇ 18 ਜੁਲਾਈ, 1905 ਨੂੰ ਵਲਾਇਤ ਤੋਂ ਨਾਭਾ ਸਰਕਾਰ ਵੱਲ ਇੱਕ ਪੱਤਰ ਲਿਖਿਆ: "I have always had a high regard for Sardar Kahan Singh I never mets any official in any of the Pheelkian states who so faithfuly served of interests of both his Chief and his state" (ਮੇਰੀ ਨਿਗਾਹ ਵਿੱਚ ਸਰਦਾਰ ਕਾਨ੍ਹ ਸਿੰਘ ਜੀ ਦੀ ਬਹੁਤ ਇੱਜ਼ਤ ਹੈ। ਮੈਨੂੰ ਫੁਲਕੀਆਂ ਰਿਆਸਤਾਂ ਵਿਚ ਅਜਿਹਾ ਕੋਈ ਅਫ਼ਸਰ ਨਹੀ ਮਿਲਿਆ, ਜੋ ਆਪਣੇ ਮਹਾਰਾਜਾ ਅਤੇ ਉਸ ਦੀ ਰਿਆਸਤ ਦੇ ਕੰਮ ਨੂੰ ਇਤਨੀ ਇਮਾਨਦਾਰੀ ਨਾਲ ਕਰਦਾ ਹੋਵੇ)।

### 3.2 ਵਿਦੇਸ਼ ਯਾਤਰਾ

ਇੱਕ ਵਾਰ ਮਹਾਰਾਜਾ ਹੀਰਾ ਸਿੰਘ ਰਾਵਲਪਿੰਡੀ ਗਏ, ਉਹਨਾਂ ਨਾਲ ਭਾਈ ਕਾਨ੍ਹ ਸਿੰਘ ਨਾਭਾ ਵੀ ਸਨ। ਉਸ ਸਮੇਂ ਮੈਕਾਲਿਫ ਸਾਹਿਬ ਰਾਵਲਪਿੰਡੀ ਵਿਖੇ ਡਿਵੀਜ਼ਨਲ ਜੱਜ ਸਨ। ਮੈਕਾਲਿਫ ਸਾਹਿਬ ਨੇ ਮਹਾਰਾਜਾ ਹੀਰਾ ਸਿੰਘ ਪਾਸ ਗੁਰਬਾਣੀ ਖੋਜ ਦੀ ਇੱਛਾ ਜਾਹਿਰ ਕੀਤੀ ਤੇ ਮਹਾਰਾਜਾ ਕੋਲੋਂ ਭਾਈ ਕਾਨ੍ਹ ਸਿੰਘ ਨਾਭਾ ਦੀ ਸਹਾਇਤਾ ਦੀ ਮਨਜ਼ੂਰੀ ਲੈ ਲਈ। ਭਾਈ ਸਾਹਿਬ ਚਾਰ ਮਹੀਨੇ ਰਾਵਲਪਿੰਡੀ ਰਹੇ। ਇਸ ਤੋਂ ਬਾਅਦ ਮੈਕਾਲਿਫ ਸਰਦੀਆਂ ਵਿੱਚ ਭਾਈ ਸਾਹਿਬ ਪਾਸ ਆ ਗਏ ਅਤੇ ਗਰਮੀਆਂ ਵਿਚ ਪਹਾੜਾਂ ਤੇ ਕੰਮ ਕਰਦੇ ਰਹੇ। ਮੈਕਾਲਿਫ ਨੇ 1893ਈ. ਵਿਚ ਸਰਕਾਰੀ ਨੌਂਕਰੀ ਛੱਡ ਦਿੱਤੀ। 15 ਸਾਲ ਦੀ ਮਿਹਨਤ ਤੋਂ ਬਾਅਦ ਸੰਨ 1907ਈ. ਵਿੱਚ ਓਿਕ ਛਜੀ ਵਕ;ਜਪਜਰਅ ਸੰਪੂਰਨ ਕਰਕੇ ਛਪਵਾਇਆ। ਇਸ ਵਿਚ ਭਾਈ ਸਾਹਿਬ ਦਾ ਬਹੁਤ ਯੋਗਦਾਨ ਸੀ। ਮੈਕਾਲਿਫ ਨੇ ਲੰਡਨ ਵਿਖੇ ਆਪਣੇ ਦੋ ਮਕਾਨਾਂ ਵਿਚੋਂ ਇੱਕ ਮਕਾਨ ਭਾਈ ਸਾਹਿਬ ਨੂੰ ਦੇਣਾ ਚਾਹਿਆ ਪਰ ਭਾਈ ਸਾਹਿਬ ਨੇ ਨਾਂਹ ਕਰ ਦਿੱਤੀ। 1913ਈ. ਵਿੱਚ ਮੈਕਾਲਿਫ ਅਕਾਲ ਚਲਾਣਾ ਕਰ ਗਏ। ਮੈਕਾਲਿਫ ਦੀ ਕੋਈ ਸੰਤਾਨ ਨਹੀ ਸੀ। ਇਸ ਲਈ ਅਕਾਲ ਚਲਾਣੇ ਤੋਂ ਪਹਿਲਾਂ ਆਪਣੀ ਸਾਰੀ ਜਾਇਦਾਦ ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਸਪੁੱਤਰ ਭਗਵੰਤ ਸਿੰਘ ਹਰੀ ਜੀ ਦੇ ਨਾਮ ਕਰ ਗਏ ਸਨ। ਜੋ ਬਾਅਦ ਵਿੱਚ ਭਗਵੰਤ ਸਿੰਘ ਹਰੀ ਨੇ ਮੈਕਾਲਿਫ ਦੀ ਇੱਕ ਭਤੀਜੀ ਨੂੰ ਦੇ ਦਿੱਤੀ। ਇਸ ਤੋਂ ਪਤਾ ਚੱਲਦਾ ਹੈ ਕਿ ਅੰਗ੍ਰੇਜ਼ ਵਿਦਵਾਨ ਵੀ ਭਾਈ ਸਾਹਿਬ ਦੀ ਵਿਦਿਅਕ-ਯੋਗਤਾ ਤੋਂ ਬਹੁਤ ਪ੍ਰਭਾਵਿਤ ਸਨ।

ਇਹਨਾਂ ਕੰਮਾਂ ਦੀ ਬਦੋਲਤ ਭਾਈ ਕਾਨ੍ਹ ਸਿੰਘ ਜੀ ਨੂੰ ਵਿਦੇਸ਼ ਜਾਣ ਦੇ ਜੋ ਮੌਕੇ ਮਿਲੇ ਉਹਨਾਂ ਨੇ ਇਹਨਾਂ ਦੇ ਤਜ਼ਰਬੇ ਨੂੰ ਹੋਰ ਅਮੀਰ ਬਣਾਇਆ। ਵੱਖ-ਵੱਖ ਵਿਦੇਸ਼ੀ ਦੌਰਿਆਂ ਤੇ ਜਾਣ ਕਰਕੇ ਭਾਈ ਸਾਹਿਬ ਦੀ ਦ੍ਰਿਸ਼ਟੀ ਹੋਰ ਵਿਸ਼ਾਲ ਬਣ ਚੁੱਕੀ ਸੀ। 1907ਈ. ਵਿੱਚ ਮਹਾਰਾਜ ਹੀਰਾ ਸਿੰਘ ਦੀ ਆਗਿਆ ਨਾਲ ਪਹਿਲੀ ਵਾਰ ਭਾਈ ਕਾਨ੍ਹ ਸਿੰਘ ਵਲਾਇਤ ਗਏ। ਪਰਗਨਾ ਦਹਿੜੂ ਤੇ ਪੱਖੋਵਾਲ ਇਲਾਕਿਆਂ ਦੀ ਵਪਾਸੀ ਲਈ ਮਹਾਰਾਜਾ ਹੀਰਾ ਸਿੰਘ ਦੇ ਕਹਿਣ ਤੇ 1908ਈ. ਵਿੱਚ ਦੂਜੀ ਵਾਰ ਵਿਲਾਇਤ ਗਏ। "ਉਥੇ ਫਰਾਂਸ ਦੇ ਪ੍ਰੈਜ਼ੀਡੈਂਟ ਤੇ ਇੰਗਲੈਂਡ ਦੇ ਬਾਦਸ਼ਾਹ ਵੱਲੋਂ ਪ੍ਰਦਰਸ਼ਿਤ ਇੱਕ ਨੁਮਾਇਸ਼ ਵਿੱਚ ਭਾਰਤੀ ਰਾਜਿਆਂ ਦਾ ਮਜ਼ਾਕ ਉਡਾਇਆ ਜਾਂਦਾ ਦੇਖ ਕੇ ਉਸ ਦਾ ਤਤਕਾਲ ਵਿਰੋਧ ਕਰਕੇ ਆਪਣੀ ਅਣਖਦਾਰੀ ਦਾ ਸਬੂਤ ਦਿੱਤਾ। ਆਪਣੇ ਦੇਸ਼ ਦਾ ਅਪਮਾਨ ਨਾ ਸਹਿੰਦਿਆਂ ਆਪ ਨੇ ਬੜੀ ਸੰਜੀਦਗੀ ਨਾਲ ਆਪਣਾ ਪੱਖ ਪੇਸ਼ ਕੀਤਾ ਕਿ ਗਲਤ ਪ੍ਰਦਰਸ਼ਨ ਹੋ ਰਿਹਾ ਹੈ। ਮਹਾਰਾਜਾ ਹੀਰਾ ਸਿੰਘ ਦੀ ਤਸਵੀਰ ਦਿਖਾ ਕੇ ਕਿਹਾ ਕਿ

ਜੇ ਹਿੰਦੁਸਤਾਨੀ ਮਹਾਰਾਜੇ ਦੇਖਣੇ ਹੋਣ ਤਾਂ ਇਹ ਹਨ ਤੇ ਦੇ ਦਰਬਾਰੀ ਦੇਖਣੇ ਹੋਣ ਤਾਂ ਮੈਂ ਤੁਹਾਡੇ ਸਾਹਮਣੇ ਹਾਜ਼ਰ ਹਾਂ। ਲੋਕ ਕੋਰ-ਕਗਰਾ ਅਜਿਹਾ ਸਹੀ ਉੱਤਰ ਸੁਣ ਕੇ ਚੁੱਪ ਰਹਿ ਗਏ ਸਨ।" (ਸ.ਸ. ਅਸ਼ੋਕ, 1966, ਪੰਨਾ-112) ਇਸ ਦੌਰੇ ਵਿੱਚ ਨਵਾਂ ਅਨੁਭਵ ਹੋਇਆ। 1910ਈ. ਵਿੱਚ ਟਿੱਕਾ ਸਾਹਿਬ ਦੇ ਨਾਲ ਯੂਰਪ ਦਾ ਸਫ਼ਰ ਕੀਤਾ। ਯੂਰਪ ਦੀ ਵਾਪਸੀ ਤੋਂ ਮਹਾਰਾਜਾ ਹੀਰਾ ਸਿੰਘ ਬਹੁਤ ਖੁਸ਼ ਹੋਏ ਅਤੇ ਭਾਈ ਸਾਹਿਬ ਨੂੰ ਲਫਟੇਂਟ ਗਵਰਨਰ ਪੰਜਾਬ ਰਿਆਸਤ ਵਲੋਂ ਵਕੀਲ ਬਣਾ ਕੇ ਭੇਜ ਦਿੱਤਾ। ਜਿਸ ਵਿੱਚ ਆਪ ਨੂੰ ਸਫ਼ਲਤਾ ਪ੍ਰਾਪਤ ਹੋਈ।

ਭਾਈ ਸਾਹਿਬ ਨੇ ਕਾਫੀ ਪ੍ਰਸਿੱਧੀ ਅਤੇ ਨਾਮ ਖੱਟ ਲਿਆ ਸੀ ਪਰ ਅਕਾਦਮਿਕ ਅਤੇ ਖੋਜ ਕਾਰਜਾਂ ਲਈ ਜੋ ਰੂਪ-ਰੇਖਾ ਉਲੀਕੀ ਸੀ ਉਸ ਲਈ ਸਮੇਂ ਦੀ ਜ਼ਰੂਰਤ ਸੀ ਇਸ ਲਈ ਭਾਈ ਕਾਨ੍ਹ ਸਿੰਘ ਜੀ ਨੇ 50 ਸਾਲ ਦੀ ਉਮਰ ਵਿੱਚ ਪੈਨਸ਼ਨ ਲਈ ਅਰਜ਼ੀ ਦਿੱਤੀ ਜੋ ਕਿ ਮਹਾਰਾਜਾ ਹੀਰਾ ਸਿੰਘ ਵਲੋਂ ਨਾਮਨਜ਼ੂਰ ਕਰ ਦਿੱਤੀ ਗਈ। ਮਹਾਰਾਜਾ ਨੇ ਭਾਈ ਸਾਹਿਬ ਨੂੰ ਮੀਰ ਮੁਨਸ਼ੀ (Foreign Minister) ਬਣਾ ਦਿੱਤਾ। ਇਸ ਅਹੁਦੇ ਤੇ ਰਹਿੰਦਿਆਂ ਭਾਈ ਸਾਹਿਬ ਨੇ ਨਾਭੇ ਵਿੱਚ ਕਈ ਜਨਤਕ ਸੁਧਾਰਕ ਸਕੀਮਾਂ ਚਲਾਈਆ ਅਤੇ ਰਿਆਸਤ ਪ੍ਰਤੀ ਆਪਣੀ ਵਫਾਦਾਰੀ ਦੀ ਮਿਸਾਲ ਕਾਇਮ ਕੀਤੀ। 25 ਦਸੰਬਰ, 1911 ਵਿੱਚ ਮਹਾਰਾਜਾ ਹੀਰਾ ਸਿੰਘ ਅਕਾਲ ਚਲਾਣਾ ਕਰ ਗਏ। ਉਸ ਸਮੇਂ ਟਿੱਕਾ ਰਿਪੁਦਮਨ ਸਿੰਘ ਵਲਾਇਤ ਗਏ ਹੋਏ ਸਨ। ਜਨਵਰੀ 1912 ਵਿੱਚ ਵਿਲਾਇਤ ਤੋਂ ਵਾਪਸੀ ਉਪਰੰਤ ਰਿਪੁਦਮਨ ਸਿੰਘ ਰਾਜਾ ਸਿੰਘਾਸਨ ਤੇ ਬਿਰਾਜਮਾਨ ਹੋਏ। ਰਿਆਸਤ ਦੇ ਕਾਨੂੰਨ ਅਨੁਸਾਰ ਸਾਰੇ ਵਜ਼ੀਰਾਂ ਤੋਂ ਅਸਤੀਫੇ ਲੈ ਲਏ ਗਏ ਤੇ ਰਾਜ-ਪ੍ਰਬੰਧ ਵਿੱਚ ਅਦਲਾ-ਬਦਲੀਆਂ ਹੋਈਆਂ। ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, "ਮਹਾਰਾਜ ਟਿੱਕਾ ਰਿਪੁਦਮਨ ਨੇ ਸਾਰੇ ਵਜ਼ੀਰ ਉਹੀ ਰੱਖੇ ਪਰ ਉਨ੍ਹਾਂ ਦੇ ਅਹੁਦੇ ਬਦਲ ਦਿੱਤੇ ਤੇ ਭਾਈ ਕਾਨ੍ਹ ਸਿੰਘ ਨੂੰ ਵਿਦੇਸ਼ ਮੰਤਰੀ ਦੀ ਜਗ੍ਹਾ ਹਾਈਕੋਰਟ ਦੇ ਜੱਜ ਦਾ ਅਹੁਦਾ ਦਿੱਤਾ।"

ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦੀ ਅਤੇ ਅਗਾਂਹ ਵਧੂ ਵਿਚਾਰਾਂ ਵਾਲੇ ਸਨ। ਗੱਦੀ ਤੇ ਬੈਠਣ ਉਪਰੰਤ ਅੰਗਰੇਜ਼ੀ ਸਰਕਾਰ ਨਾਲ ਉਹਨਾਂ ਦੀ ਨਾਰਾਜ਼ਗੀ ਪੈਦਾ ਹੋ ਗਈ। ਆਪ ਬਾਰੇ ਵੀ ਗਲਤਫਹਿਮੀਆਂ ਪੈਦਾ ਕੀਤੀਆਂ ਜਾ ਰਹੀਆਂ ਸਨ। ਭਾਈ ਸਾਹਿਬ ਹਰ ਸਾਲ ਗਰਮੀਆਂ ਦੇ ਮੌਸਮ ਤੇ ਪਹਾੜਾਂ ਤੇ ਜਾਂਦੇ ਸਨ। ਵਿਰੋਧੀਆਂ ਵੱਲੋਂ ਮਹਾਰਾਜਾ ਅਤੇ ਆਪ ਵਿੱਚ ਗਲਤਫਹਿਮੀਆਂ ਪੈਦਾ ਕੀਤੀਆਂ ਜਾ ਰਹੀਆਂ ਸਨ। ਜਿਨ੍ਹਾਂ ਸਦਕਾ ਆਪ ਜੀ ਦੀ ਛੁੱਟੀ ਸਵੀਕਾਰ ਨਾ ਹੋਈ ਤੇ ਆਪ ਨੌਕਰੀ ਛੱਡ ਕੇ ਕਸ਼ਮੀਰ ਚਲੇ ਗਏ। ਆਪ ਕਸ਼ਮੀਰ ਜਾ ਕੇ ਆਪਣੀ ਮਹਾਨ ਰਚਨਾ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦਾ ਕੰਮ ਜੋ ਪਹਿਲਾਂ ਸ਼ੁਰੂ ਕੀਤਾ ਹੋਇਆ ਸੀ ਨੂੰ ਪੂਰਾ ਕਰਨਾ ਸ਼ੁਰੂ ਕੀਤਾ। 1915ਈ. ਵਿੱਚ ਆਰਥਿਕ ਸਮੱਸਿਆ ਕਾਰਨ ਵਾਪਿਸ ਆਉਣਾ ਪਿਆ। 1915 ਵਿੱਚ ਹੀ ਪਟਿਆਲਾ ਰਿਆਸਤ ਵਲੋਂ ਰੇਜ਼ੀਡੈਂਸੀ ਦਾ ਵਕੀਲ ਨਿਯੁਕਤ ਕੀਤਾ ਗਿਆ। ਅਗਲੇ ਸਾਲ ਦੇ ਸ਼ੁਰੂ ਵਿਚ ਹੀ ਰਾਜਾ ਭੁਪਿੰਦਰ ਸਿੰਘ ਦੇ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਦੋਹਾਂ ਰਿਆਸਤਾਂ ਵਿਚ ਦੁਫਾੜ ਕਾਰਨ ਇਹ ਨੌਕਰੀ ਤਿਆਗਣੀ ਪਈ। 1916ਈ.ਵਿੱਚ ਹੀ ਭਾਈ ਕਾਨ੍ਹ ਸਿੰਘ ਜੀ ਦੇ ਪਿਤਾ ਨਾਰਾਇਣ ਸਿੰਘ ਅਕਾਲ ਚਲਾਣਾ ਕਰ ਗਏ, ਜਿਸਦਾ ਭਾਈ ਸਾਹਿਬ ਦੇ ਮਨ ਤੇ ਗਹਿਰਾ ਅਸਰ ਹੋਇਆ। ਨਾਭਾ ਅਤੇ ਪਟਿਆਲਾ ਰਿਆਸਤ ਵਿਚ ਅਣਬਣ ਤਾਂ ਪਹਿਲਾਂ ਹੀ ਸੀ, ਹੁਣ ਭਾਈ ਕਾਨ੍ਹ ਸਿੰਘ ਨਾਭਾ ਦੀ ਨੌਕਰੀ ਕਰਕੇ ਮਤਭੇਦ ਹੋਰ ਵੱਧ ਗਏ। ਆਖੀਰਕਾਰ ਭਾਈ ਅਰਜਨ ਸਿੰਘ ਬਾਗੜੀਆ ਨੇ ਇਹ ਮਤਭੇਦ ਖ਼ਤਮ ਕਰਵਾਏ। ਜਦੋਂ ਮਹਾਰਾਜਾ ਰਿਪੁਦਮਨ ਸਿੰਘ ਦੇ ਮਨ ਦੇ ਸ਼ੰਕੇ ਖਤਮ ਹੋਏ ਤਾਂ ਦੁਬਾਰਾ ਤੋਂ ਭਾਈ ਕਾਨ੍ਹ ਸਿੰਘ ਨਾਭਾ ਨੂੰ ਆਪਣਾ ਖਾਸ ਵਜ਼ੀਰ ਬਣਾ ਲਿਆ ਅਤੇ ਨਾਭੇ ਦੀ ਜੁਡੀਸ਼ੀਅਲ ਕੌਂਸਲ ਦੇ ਮੈਂਬਰ ਵੀ ਰਹੇ। ਭਾਈ ਸਾਹਿਬ ਨੂੰ ਰਿਆਸਤ ਨੇ 81,500 ਰੁ. ਵਿੱਚ ਮੰਸੂਰੀ ਕਿਨਕਰੇਗ ਨਾਂ ਦੀ ਇਕ ਆਲੀਸ਼ਾਨ ਕੋਠੀ ਸਾਹਿਤਿਕ ਕੰਮਾਂ ਲਈ ਖਰੀਦ ਕੇ ਦਿੱਤੀ ਅਤੇ ਹਰ ਪ੍ਰਕਾਰ ਦੀ ਮਦਦ ਦਾ ਭਰੋਸਾ ਵੀ ਦਿੱਤਾ। ਮਹਾਰਾਜਾ ਹੀਰਾ ਸਿੰਘ ਦੀ ਤਰ੍ਹਾਂ ਮਹਾਰਾਜਾ ਟਿੱਕਾ ਰਿਪੁਦਮਨ ਸਿੰਘ ਵੀ ਭਾਈ ਕਾਨ੍ਹ ਸਿੰਘ ਨਾਭਾ ਜੀ ਤੇ ਬਹੁਤ ਵਿਸ਼ਵਾਸ਼ ਕਰਦੇ ਸਨ। ਡਾ. ਦੇਵਿੰਦਰ ਸਿੰਘ ਵਿਦਿਆਰਥੀ ਪ੍ਰਮੁੱਖ ਸਿੱਖ ਸ਼ਖ਼ਸ਼ੀਅਤਾਂ ਵਿਚ ਲਿਖਦੇ ਹਨ, "ਇਕ ਵਾਰੀ ਹੋਰ ਕਾਨ੍ਹ ਸਿੰਘ ਨੂੰ ਮਹਾਰਾਜਾ ਰਿਪੁਦਮਨ ਸਿੰਘ ਵੱਲੋਂ ਆਪਣੀ ਦੂਸਰੀ ਰਾਣੀ ਸਰੋਜਨੀ ਦੇਵੀ ਨੂੰ ਸੰਸਕ੍ਰਿਤ ਪੜ੍ਹਾਉਣ ਦੀ ਜਿੰਮੇਵਾਰੀ 1922ਈ. ਵਿੱਚ ਸੌਂਪੀ ਗਈ। ਇਹ ਭਾਈ ਕਾਨ੍ਹ ਸਿੰਘ ਦੇ ਮਹਾਰਾਜਾ

ਇਤਬਾਰੀ ਹੋਣ ਦਾ ਇੱਕ ਹੋਰ ਪ੍ਰਮਾਣ ਹੈ।" (ਸ.ਸ. ਅਸ਼ੋਕ, 1966, ਪੰਨਾ-112) ਦੋਹਾਂ ਰਿਆਸਤਾਂ ਵਿੱਚ ਸ਼ਾਂਤੀ ਜਿਆਦਾ ਦੇਰ ਨਾ ਟਿਕ ਸਕੀ ਅਤੇ ਅੰਗਰੇਜ਼ਾਂ ਨੇ 9 ਜੁਲਾਈ 1923 ਨੂੰ ਰਿਪੁਦਮਨ ਸਿੰਘ ਨੇ ਰਾਜਗੱਦੀ ਤੋਂ ਲਾਹ ਕੇ ਦੇਹਰਾਦੂਨ ਭੇਜ ਦਿੱਤਾ।

ਹੁਣ ਰਿਆਸਤ ਦਾ ਪ੍ਰਬੰਧ ਅੰਗਰੇਜ਼ ਅਫ਼ਸਰ ਉਗਿਲਿਵੀ ਦੇ ਹੱਥ ਵਿਚ ਦੇ ਦਿੱਤਾ ਗਿਆ। ਇਸ ਤਰ੍ਹਾਂ ਮਹਾਰਾਜਾ ਰਿਪੁਦਮਨ ਸਿੰਘ ਦੇ ਰਾਜ ਤੋਂ ਉੱਤਰ ਜਾਣ ਮਗਰੋਂ ਭਾਈ ਕਾਨ੍ਹ ਸਿੰਘ ਸਦਾ ਲਈ ਰਿਆਸਤਾਂ ਦੇ ਝਗੜਿਆਂ ਤੋਂ ਮੁਕਤ ਹੋ ਚੁੱਕੇ ਸਨ। ਪ੍ਰੀਵੀ ਕੌਂਸਲ ਟੁੱਟਣ ਤੇ ਹਮੇਸ਼ਾ ਲਈ ਆਪ ਰਿਆਸਤ ਦੀ ਨੌਕਰੀ ਤੋਂ ਅਲਹਿਦਾ ਹੋ ਕੇ ਆਪਣਾ ਸਾਰਾ ਸਮਾਂ ਇਕਾਂਤਵਾਸ ਵਿਚ ਗੁਰਮਤਿ ਅਤੇ ਸਾਹਿਤਿਕ ਕਾਰਜਾਂ ਵਿੱਚ ਮਗਨ ਹੋ ਗਏ।

## 3.3 ਸਾਹਿਤਕ ਰਚਨਾ

ਭਾਈ ਕਾਨ੍ਹ ਸਿੰਘ ਨਾਭਾ ਸਿੰਘ ਸਭਾ ਲਹਿਰ ਦੇ ਮੋਢੀਆਂ ਵਿੱਚੋਂ ਸਨ। ਸਿੱਖ ਕੌਮ ਦੀ ਵਿਦਿਅਕ ਉਨੱਤੀ ਲਈ ਭਾਈ ਸਾਹਿਬ ਦੇ ਅਣਥੱਕ ਪ੍ਰਯਾਸ ਸਨ। ਵਿਵਹਾਰਕ ਤੌਰ ਤੇ ਉਨ੍ਹਾਂ ਦੀਆਂ ਸਿੰਘ ਸਭਾ ਲਹਿਰ ਵਿੱਚ ਸਰਗਰਮੀਆਂ ਖਾਸ ਕਰਕੇ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਕੀਤੇ ਕਾਰਜ ਜ਼ਿਕਰਯੋਗ ਹਨ। ਭਾਈ ਸਾਹਿਬ ਦਾ ਧਰਮ ਅਧਿਐਨ ਦੇ ਖੇਤਰ ਵਿੱਚ ਕੀਤਾ ਗਿਆ ਕੰਮ ਖਾਸ ਕਰਕੇ ਸਿੱਖ ਧਰਮ ਅਧਿਐਨ ਦਾ ਕੰਮ ਖੋਜੀਆਂ ਅਤੇ ਜਗਿਆਸੂਆਂ ਲਈ ਪੱਥ ਪ੍ਰਦਰਸ਼ਕ ਦਾ ਕੰਮ ਕਰਦਾ ਹੈ। ਸਿੱਖ ਇਤਿਹਾਸ ਦਾ ਮੁੱਢਲਾ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਵਾਲਿਆਂ ਵਾਸਤੇ ਇਹ ਕਾਰਜ ਇਕ ਲੋਅ (ਰੌਸ਼ਨੀ) ਦਾ ਕੰਮ ਕਰਦਾ ਹੈ। ਭਾਈ ਸਾਹਿਬ ਨੇ ਪੁਰਾਤਨ ਭਾਰਤੀ ਮਿਥਿਹਾਸ, ਇਤਿਹਾਸ, ਭੂਗੋਲ, ਚਕਿਤਸਾ ਅਤੇ ਸਾਹਿਤ ਸੰਬੰਧੀ ਬੜੀ ਗਹਿਨ ਜਾਣਕਾਰੀ ਮਿਲਦੀ ਹੈ। ਭਾਈ ਸਾਹਿਬ ਨੇ ਮਹਾਨ ਕੋਸ਼ ਵਿੱਚ ਸਿੱਖ ਧਰਮ ਨਾਲ ਸੰਬੰਧਿਤ ਸ਼ਖ਼ਸ਼ੀਅਤਾਂ ਦੇ ਜੀਵਨ ਵੇਰਵੇ, ਧਾਰਮਿਕ ਸਥਾਨਾਂ, ਗੁਰਦੁਆਰਿਆਂ ਦੇ ਇਤਿਹਾਸਕ ਹਵਾਲਿਆਂ ਨਾਲ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਈ ਕਾਨ੍ਹ ਸਿੰਘ ਨਾਭਾ ਜੀ ਇੱਕ ਸਰਬਪੱਖੀ ਸ਼ਖ਼ਸ਼ੀਅਤ ਹੈ। ਉਹਨਾਂ ਦੀ ਸਾਹਿਤਕ ਯਾਤਰਾ ਇਸ ਗੱਲ ਦੀ ਸਾਖੀ ਹੈ। 'ਰਾਜ ਧਰਮ' ਭਾਈ ਸਾਹਿਬ ਦੇ ਸਾਹਿਤਕ ਯਾਤਰਾ ਦੀ ਨੀਂਹ ਹੈ। ਭਾਈ ਸਾਹਿਬ ਦੀਆਂ ਰਚਨਾਵਾਂ ਇਸ ਪ੍ਰਕਾਰ ਹਨ: 1. ਰਾਜਧਰਮ (1884ਈ.) 2. ਟੀਕਾ ਜੈਮਨੀ ਅਸ੍ਵਮੇਧ (1890ਈ.) 3. ਨਾਟਕ ਭਾਵਰਥ ਦੀਪਕਾ (1897ਈ.) 4. ਹਮ ਹਿੰਦੂ ਨਹੀ (1897ਈ.) 5. ਗੁਰਮਤ ਪ੍ਰਭਾਕਰ (1898ਈ.) 6. ਗੁਰਮਤ ਸੁਧਾਕਰ (1899ਈ.) 7. ਗੁਰਗਿਰਾ ਕਸੌਟੀ (1899ਈ.) 8. ਠੱਗ ਲੀਲ੍ਹਾ (1899ਈ.) 9. ਸਮਸਯਾ ਪੂਰਤੀ (1899ਈ.) 10. ਸੱਦ ਦਾ ਪਰਮਾਰਥ (1901ਈ.) 11. ਬਿਜੈ ਸ੍ਵਾਮ ਧਰਮ (1901ਈ.) 12. ਟੀਕਾ ਵਿਸ਼ਨੂੰ ਪੁਰਾਣ (1903ਈ.) 13. ਸ਼ਰਾਬ ਨਿਸ਼ੇਧ (1907ਈ.) 14. ਗੁਰਛੰਦ ਦਿਵਾਕਰ (1924ਈ.) 15. ਗੁਰਸ਼ਬਦਾਲੰਕਾਰ (1925ਈ.) 16. ਰੂਪ ਦੀਪ ਪਿੰਗਲ (ਹਿੰਦੀ ਕਵੀ ਜੈ ਕ੍ਰਿਸ਼ਨ ਦੀ ਰਚਨਾ ਦਾ ਸੰਸ਼ੋਧਨ) (1925ਈ.) 17. ਅਨੇਕਾਰਥ ਕੋਸ਼ (ਹਿੰਦੀ ਕਵੀ ਨੰਦ ਦਾਸ ਦੀ ਰਚਨਾ ਦਾ ਸੰਪਾਦਨ ਤੇ ਸੰਸ਼ੋਧਨ) (1925ਈ.) 18. ਛੀਪਾ ਸ਼ਬਦ ਦੀ ਉਤਪਤੀ (1930ਈ.) 19. ਗੁਰਸ਼ਬਦ ਰਤਨਾਕਰ ਮਹਾਨ ਕੋਸ਼ (1930ਈ.) 20. ਸਿੱਖ ਐਜੂਕੇਸ਼ਨ ਕਾਨਫ਼ਰੰਸ ਦਾ ਪ੍ਰਧਾਨਗੀ ਭਾਸ਼ਣ (1931ਈ.) 21. ਚੰਡੀ ਦੀ ਵਾਰ ਸਟੀਕ (1935ਈ.) 22. ਨਾਮ ਮਾਲਾ ਕੋਸ਼ (ਹਿੰਦੀ ਕਵੀ ਨੌਦ ਦਾਸ ਦੀ ਰਚਨਾ ਦਾ ਸੰਪਾਦਨ ਤੇ ਸੰਸ਼ੋਧਨ) (1938ਈ.) 23. ਗੁਰਮਤ ਮਾਰਤੰਡ (ਦੋ ਭਾਗਾਂ ਵਿੱਚ) (1962ਈ.) 24. ਭਾਈ ਕਾਨ੍ਹ ਸਿੰਘ ਨਾਭਾ ਦੇ ਅਪ੍ਰਕਾਸ਼ਿਤ ਸਫ਼ਰਨਾਮੇ, ਸੰਪਾਦਕ (ਰਛਪਾਲ ਕੌਰ) (1983ਈ.) 25. ਗੁਰ ਮਹਿਮਾ ਰਤਨਾਵਲੀ (ਸੰਪਾ. ਪ੍ਰੋ. ਪ੍ਰੀਤਮ ਸਿੰਘ ਤੇ ਕ੍ਰਿਸ਼ਨ ਲਾਲ) (1984ਈ.) 26. ਨਿੱਜੀ ਡਾਇਰੀਆਂ (ਅਪ੍ਰਕਾਸ਼ਿਤ), ਗੁਰਬਾਣੀ ਅਖਾਣ ਤੇ ਮੁਹਾਵਰੇ (ਅਪ੍ਰਕਾਸ਼ਿਤ), ਖਟਰਿਤੁ (ਅਪ੍ਰਕਾਸ਼ਿਤ) ਇਤਿਹਾਸ ਬਾਗੜੀਆਂ (ਅਪ੍ਰਕਾਸ਼ਿਤ) (1901-1938ਈ.)

**ਅੰਗਰੇਜ਼ੀ ਰਚਨਾਵਾਂ : Some Lights on Sikh Tenets, Guru Gobind Singh's Unique Personality As Thou art Alone art**

## 3.4 ਸਮਕਾਲੀ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਛਪੇ ਲੇਖ

ਸੁਕੇ ਹਰੇ ਕੀਏ ਖਿਨ ਮਾਹਿ, ਇਤਿਹਾਸ ਦੇ ਅਣਖੀਲੇ ਪਤਰੇ, ਰਣਜੀਤ ਨਗਾਰਾ, ਕਵੀਆਂ ਲਈ ਜ਼ਰੂਰੀ ਗੱਲਾਂ, ਮਿਲਾਪ, ਕੀਰਤਨ, ਤਰਨਤਾਰਨ ਸਾਹਿਬ, ਸਾਹਿਬ ਗੋਬਿੰਦ ਸਿੰਘ ਨਵੇਂ ਰਸ ਭਿੰਨੇ ਹੈ, ਇਤਿਹਾਸ, ਮਹਾਂਕਵੀ ਸ੍ਰੀ ਗੁਰੂ ਗੋਬਿੰਦ ਸਿੰਘ, ਵਾਹਿਗੁਰੂ ਜੀ ਕੀ ਫਤਹਿ, ਸਿੱਖ ਕੌਮ ਦਾ ਭਵਿੱਖਤ, ਦੇਵਿੰਦਰ ਸਿੰਘ ਵਿਦਿਆਰਥੀ ਅਨੁਸਾਰ, "ਸ਼ਮਸ਼ੇਰ ਸਿੰਘ ਅਸ਼ੋਕ ਅਤੇ ਬੀਬੀ ਸੁਖਜੀਤ ਕੌਰ ਦੁਆਰਾ ਦਿੱਤੀਆਂ ਸੂਚਨਾਵਾਂ ਦੇ ਆਧਾਰ ਉੱਤੇ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਰਚਨਾਵਾਂ ਦੀ ਨਾਮਾਵਲੀ 31 ਤੱਕ ਪਹੁੰਚ ਜਾਂਦੀ ਹੈ ਅਤੇ ਰਚਨਾ ਕਾਲ 1884 ਤੋਂ 1938 ਤੱਕ 54 ਵਰ੍ਹੇ ਦਾ ਬਣ ਜਾਂਦਾ ਹੈ। ਇਹਨਾਂ ਸੂਚੀਆਂ ਵਿੱਚ ਕੁਝ ਨਾਉਂ ਅਜਿਹੇ ਭੀ ਹਨ ਜਿਨ੍ਹਾਂ ਨੂੰ ਇੱਕ ਸੁਤੰਤਰ ਕ੍ਰਿਤ ਜਾਂ ਭਾਈ ਸਾਹਿਬ ਦੀ ਰਚਨਾ ਕਹਿਣ ਵਿਚ ਸੰਕੋਚ ਹੁੰਦਾ ਹੈ- ਭਾਵੇਂ ਉਨ੍ਹਾਂ ਵਿੱਚ ਭਾਈ ਕਾਨ੍ਹ ਸਿੰਘ ਦੇ ਕਿਸੇ ਨਾ ਕਿਸੇ ਰੂਪ ਵਿਚ, ਭਾਗੀਦਾਰ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।"

ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਈ ਕਾਨ੍ਹ ਸਿੰਘ ਨਾਭਾ ਜੀ ਦਾ ਪੰਜਾਬੀ ਵਿੱਚ ਰਚਿਆ ਵੀਹਵੀਂ ਸਦੀ ਦਾ ਸਿੱਖ ਸਾਹਿਤ ਤੇ ਇਤਿਹਾਸ ਬਾਰੇ ਸੰਦੇਹਰਹਿਤ ਪ੍ਰਮਾਣਿਕਤਾ ਵਾਲਾ ਅਦੁੱਤੀ ਹਵਾਲਾ ਗ੍ਰੰਥ ਹੈ। ਜੋ 20 ਮਈ 1912ਨੂੰ ਲਿਖਣਾ ਸ਼ੁਰੂ ਕਰਕੇ 1926 ਵਿਚ 14 ਵਰ੍ਹਿਆਂ ਦੀ ਅਣਥੱਕ ਮਿਹਨਤ ਦਾ ਫਲ ਹੈ ਇਸਨੂੰ 1930ਈ. ਵਿੱਚ ਪਟਿਆਲਾ ਦਰਬਾਰ ਵਲੋਂ ਵੱਡੇ ਆਕਾਰ ਦੀਆਂ ਚਾਰ ਜਿਲਦਾਂ ਵਿਚ ਪ੍ਰਕਾਸ਼ਿਤ ਹੋਇਆ। ਇਸਦੀ ਕੀਮਤ 110 ਰੁਪਏ ਸੀ। ਇਹ ਪਹਿਲੀ ਜਿਲਦ 3338 ਸਫਿਆਂ ਦੀ ਸੀ। 1919ਈ. ਵਿਚ ਪੰਜਾਬੀ ਮਹਿਕਮੇ ਨੇ 835 ਸਫਿਆਂ ਵਿੱਚ ਛਾਪੀ। ਭਾਈ ਕਾਨ੍ਹ ਸਿੰਘ ਨਾਭਾ ਨੇ 1931 ਤੋਂ 1938 ਤੱਕ ਆਪਣੇ ਹੱਥੀ ਕੁਝ ਨਵੇਂ ਵਾਧੇ ਤਿਆਰ ਕੀਤੇ ਸਨ ਉਹਨਾਂ ਨੂੰ ਕੌਮੀ ਪ੍ਰੈਸ ਨੇ 1960 ਵਿੱਚ ਛਾਪਿਆ। ਇਹ ਇਕ ਸੰਦਰਭ ਪੁਸਤਕ ਵਜੋਂ ਉਪਯੋਗੀ ਹੈ। ਇਹ ਪਹਿਲਾਂ ਵਿਗਿਆਨਕ ਕੋਸ਼ ਹੈ, ਪਰਖ ਦੀ ਕਸਵੱਟੀ ਤੇ ਆਪਣੀ ਮਿਸਾਲ ਆਪ ਹੈ। ਇਸਦਾ ਕਾਰਣ ਭਾਈ ਕਾਨ੍ਹ ਸਿੰਘ ਨਾਭਾ ਜੀ ਦਾ ਤਜ਼ਰਬਾ, ਭਾਸ਼ਾ ਵਿਗਿਆਨ ਬਾਰੇ ਸੂਝ ਅਤੇ ਉਹਨਾਂ ਦੀ ਵਿਦਵਤਾ ਰਹੀ ਹੈ। ਸਿੱਖ ਗੁਰਧਾਮਾਂ, ਸਿੱਖ ਰਿਆਸਤਾਂ ਬਾਰੇ ਇਸ ਕੋਸ਼ ਵਿੱਚ ਵਿਸ਼ੇਸ਼ ਦਰਾਜ਼ ਦਿੱਤੇ ਗਏ ਹਨ। ਭਾਈ ਕਾਨ੍ਹ ਸਿੰਘ ਨਾਭਾ ਜੀ ਦੇ ਕੋਸ਼ ਲਿਖਣ ਤੋਂ ਪਹਿਲਾਂ ਪੰਡਿਤ ਤਾਰਾ ਸਿੰਘ ਨਰੋਤਮ ਨੇ 'ਗੁਰੂ ਗਿਰਾਰਥ ਕੋਸ਼ ਅਤੇ ਭਾਈ ਹਜ਼ਾਰਾ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਕੋਸ਼' ਲਿਖੇ ਹਨ, ਪਰ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਕੋਸ਼ਕਾਰੀ ਖੇਤਰ ਵਿੱਚ ਜੋ ਗੱਲ ਕੀਤੀ ਹੈ ਉਸ ਕਰਕੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਸਰਵ ਪ੍ਰਵਾਨਤ ਕੋਸ਼ ਦਾ ਰੁਤਬਾ ਪਾ ਚੁੱਕਾ ਹੈ। ਡਾ. ਪਿਆਰ ਸਿੰਘ ਆਪਣੀ ਪੁਸਤਕ ਭਾਈ ਕਾਨ੍ਹ ਸਿੰਘ ਨਾਭਾ ਦਾ ਗੱਦ ਸਾਹਿਤ ਵਿੱਚ ਲਿਖਦੇ ਹਨ, "ਉਨ੍ਹਾਂ ਦੀ ਕਲਾਸਕੀ ਰਚਨਾ ਗੁਰਸ਼ਬਦ ਰਤਨਾਕਰ ਮਹਾਨ-ਕੋਸ਼ ਇੰਨੀ ਪ੍ਰਸਿੱਧ ਹੈ ਕਿ ਕੋਈ ਵੀ ਪੰਜਾਬੀ ਦਾ ਪਾਠਕ ਇਸ ਤੋਂ ਅਣਜਾਣ ਤੇ ਇਸਦੀ ਸੰਦਰਭ ਪੁਸਤਕ ਵਜੋਂ ਉਪਯੋਗਿਤਾ ਤੋਂ ਮੁਨਕਰ ਹੋਵੇਗਾ।" ਨਾਨਕ ਪ੍ਰਕਾਸ਼ ਪੱਤ੍ਰਿਕਾ ਅੰਕ ਜੂਨ 2007 ਜੋ ਡਾ. ਸਰਬਜ਼ਿੰਦਰ ਸਿੰਘ ਵਲੋਂ ਸੰਪਾਦਿਤ ਕੀਤੀ ਗਈ ਹੈ, ਉਸ ਵਿਚ ਡਾ. ਗੁਰਮੀਤ ਸਿੰਘ ਸਿੱਧੂ ਲਿਖਦੇ ਹਨ, "ਇਹ ਕੋਸ਼ ਸੱਚਮੁੱਚ ਵਿਚ ਮਹਾਨ ਇਸ ਕਰਕੇ ਹੈ ਕਿ ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਸਰਬ ਲੋਹ ਪ੍ਰਕਾਸ਼, ਭਾਈ ਗੁਰਦਾਸ ਦੀਆਂ ਵਾਰਾਂ ਆਦਿ ਤੋਂ ਇਲਾਵਾ ਲਗਭਗ ਸਾਰੇ ਸਿੱਖ ਸ੍ਰੋਤਾਂ ਵਿਚੋਂ ਜਾਣਕਾਰੀ, ਸਿੱਖ ਇਤਿਹਾਸ, ਸੰਗੀਤ, ਨਾਵਾਂ, ਥਾਵਾਂ, ਗੁਰਦੁਆਰਿਆਂ, ਪੰਜਾਬੀ ਜਨ-ਜੀਵਨ ਦੇ ਵੱਖ-ਵੱਖ ਪੱਖਾਂ, ਚਿਕਤਸਾ ਵਿਗਿਆਨ, ਵਿਆਕਰਨ, ਜੋਤਿਸ਼ ਵੈਦਿਕ, ਦਰਸ਼ਨ ਆਦਿ ਦੇ ਵੱਖ-ਵੱਖ ਪੱਖਾਂ ਬਾਰੇ ਲਗਭਗ ਹਰ ਤਰ੍ਹਾਂ ਦੀ ਜਾਣਕਾਰੀ ਸਮਲਿਤ ਹੈ।" ਸ਼ਮਸ਼ੇਰ ਸਿੰਘ ਅਸ਼ੋਕ, ਆਪਣੀ ਪੁਸਤਕ, ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ : ਸਚਿਤ੍ਰ ਜੀਵਨੀ ਵਿੱਚ ਲਿਖਦੇ ਹਨ, "ਭਾਈ ਕਾਨ੍ਹ ਸਿੰਘ ਨਾਭਾ ਜੀ ਦਾ ਇਹ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਅਰਥਾਤ 'ਥਅਫਖ;ਰਬਕਦਜ਼ ਰਾ ਛਜਾੀ :ਜਵਕਗ੍ਵਚਗਕ' ਆਪਣੀ ਕਿਸਮ ਦੀ ਇਕ ਪਹਿਲੀ ਵਿਗਿਆਨਕ ਚੀਜ਼ ਹੈ, ਜਿਸਦੀ ਮਿਸਾਲ ਕੋਸ਼ ਕਲਾ ਦੇ ਨੁਕਤਾ-ਨਿਗਾਹ ਤੋਂ ਨਾ ਕੇਵਲ ਪੰਜਾਬੀ ਵਿਚ ਹੀ, ਸਗੋਂ ਹਿੰਦੀ, ਸੰਸਕ੍ਰਿਤ ਅਤੇ ਉਰਦੂ ਆਦਿ ਦੇਸੀ ਬੋਲੀਆਂ ਵਿਚ ਵੀ ਕਿਤੇ ਨਹੀ ਮਿਲਦੀ।"

ਭਾਈ ਸਾਹਿਬ ਨੇ 1926ਈ. ਤੱਕ ਇਸ ਕੋਸ਼ ਦਾ ਖਰੜਾ ਤਿਆਰ ਕਰ ਲਿਆ ਸੀ, ਪਰ ਮਾਇਕ ਸਮੱਸਿਆ ਕਾਰਣ ਇਸਨੂੰ ਛਪਵਾ ਨਹੀ ਸਕੇ। ਮਹਾਰਾਜਾ ਰਿਪੁਦਮਨ ਸਿੰਘ ਗੱਦੀ ਤੋਂ ਲਹਿ ਚੁੱਕੇ ਸਨ, ਨਹੀਂ ਤਾਂ ਉਹ ਇਸਨੂੰ ਛਪਵਾ ਸਕਦੇ ਸਨ। ਆਖਰਕਾਰ 1930ਈ. ਵਿਚ ਮਹਾਰਾਜਾ ਪਟਿਆਲਾ ਦੀ ਸਹਾਇਤਾ ਨਾਲ ਪਹਿਲੀ ਵਾਰ ਚਾਰ ਜਿਲਦਾਂ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਮਹਾਨ ਕੋਸ਼ ਵਿੱਚ ਵਰਣਿਤ ਜਾਣਕਾਰੀ ਤੱਥਾਂ ਨਾਲ ਭਰਪੂਰ ਹੈ। ਭਾਈ ਸਾਹਿਬ ਨੇ ਇਸ ਕੋਸ਼ ਦੇ ਹਰੇਕ ਇੰਦਰਾਜ ਨੂੰ ਬੜੀ ਗਹਿਰਾਈ ਨਾਲ ਘੋਖਿਆ ਤੇ ਪੜਤਾਲਿਆ ਹੈ। ਬਹੁ-ਪੱਖੀ ਗਿਆਨ ਸਮੱਗਰੀ ਨੂੰ ਇੱਕ ਥਾਂ ਤੇ ਤਰਕ ਸਾਹਿਤ ਪੇਸ਼ ਕਰਨਾ ਭਾਈ ਸਾਹਿਬ ਦੀ ਵਿਦਵਤਾ ਅਤੇ ਸਮੱਰਥਾ ਨੂੰ ਦਰਸਾਉਂਦਾ ਹੈ। ਗ੍ਰੰਥ ਰਚਨਾ ਲਈ ਭਾਈ ਸਾਹਿਬ ਨੂੰ ਕੁਰਬਾਨੀ ਦੇ ਰਸਤੇ ਤੇ ਚਲਣਾ ਪਿਆ। ਉਹਨਾਂ ਨੇ ਆਪਣੀਆਂ ਲਿਖਤਾਂ ਤੋਂ ਕਦੇ ਕੋਈ ਲਾਭ ਨਹੀ ਉਠਾਇਆ। ਪਹਿਲੇ ਉਹਨਾਂ ਦੀਆਂ ਲਿਖਤਾਂ ਨੂੰ ਨਾਭਾ ਰਿਆਸਤ ਪ੍ਰਕਾਸ਼ਿਤ ਕਰਵਾਉਂਦੀ ਰਹੀ ਅਤੇ ਬਾਅਦ ਵਿਚ ਪਟਿਆਲਾ ਰਿਆਸਤ। ਭਾਈ ਸਾਹਿਬ ਦਾ ਆਪਣਾ ਕੋਈ ਪ੍ਰਕਾਸ਼ਨ ਕੇਂਦਰ ਨਹੀ ਸੀ ਅਤੇ ਨਾ ਹੀ ਉਹਨਾਂ ਨੂੰ ਪੁਸਤਕ ਦੀ ਵਿਕਰੀ ਤੋਂ ਕੋਈ ਆਰਥਿਕ ਲਾਭ ਹੋਇਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵਲੋਂ ਕਰਵਾਏ ਗਏ ਸੈਮੀਨਾਰ ਦੀ ਪ੍ਰੋਸੀਡਿੰਗ 'ਭਾਈ ਕਾਨ੍ਹ ਸਿੰਘ ਨਾਭਾ ਦਾ ਸਿੱਖ ਧਰਮ ਅਧਿਐਨ ਲਈ ਯੋਗਦਾਨ' ਵਿੱਚ ਡਾ. ਮਨਵਿੰਦਰ ਸਿੰਘ ਹੋਰਾਂ ਨੇ ਲਿਖਿਆ ਹੈ, "ਭਾਈ ਕਾਨ੍ਹ ਸਿੰਘ ਜੀ ਦੀ ਨਿੱਜੀ ਲਾਇਬ੍ਰੇਰੀ ਉਹਨਾਂ ਦੇ ਵਾਰਸਾਂ ਦੁਆਰਾ ਅੱਜ-ਕੱਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਡੋਨੇਟ ਕੀਤੀ ਗਈ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਈ ਕਾਨ੍ਹ ਸਿੰਘ ਨਾਬਾ ਕੁਲੈਕਸ਼ਨ ਸੈਂਟਰ ਵਿੱਚ ਤਕਰੀਬਨ 58 ਦੁਰਲੱਭ ਹੱਥ ਲਿਖਤਾਂ ਖਰੜੇ ਪਏ ਹੋਏ ਹਨ, ਜਿਨ੍ਹਾਂ ਵਿਚੋਂ 45 ਹੱਥ ਲਿਖਤਾਂ ਖਰੜੇ ਗੁਰਮੁਖੀ ਲਿਪੀ ਅਤੇ 13 ਹੱਥ ਲਿਖਤਾਂ ਅਤੇ ਖਰੜੇ ਦੇਵਨਾਗਰੀ ਲਿਪੀ ਵਿਚ ਹਨ। ਇਸ ਤੋਂ ਇਲਾਵਾ 200 ਦੇ ਕਰੀਬ ਦੁਰਲੱਭ ਪੁਸਤਕਾਂ ਸਾਂਭੀਆ ਹੋਈਆ ਹਨ ਜਿਹੜੀਆਂ ਕਿ ਵੱਖੋਂ ਵੱਖਰੇ ਵਿਸ਼ੇ ਜਿਵੇਂ ਕਿ ਗੁਰਬਾਣੀ, ਦਸਮ ਗ੍ਰੰਥ, ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ, ਭਾਈ ਗੁਰਦਾਸ ਜੀ ਦੀ ਰਚਨਾ ਸੰਬੰਧੀ, ਸਿੱਖ ਧਰਮ ਸੰਸਕਾਰ ਸੰਬੰਧੀ, ਗੁਰਦੁਆਰਿਆਂ ਬਾਰੇ, ਸਿੱਖ ਸੰਪ੍ਰਦਾਵਾਂ ਬਾਰੇ, ਪੰਜਾਬੀ ਸਾਹਿਤ ਬਾਰੇ, ਹਿੰਦੂ ਧਰਮ ਬਾਰੇ, ਇਸਾਈ ਧਰਮ ਬਾਰੇ, ਐਜੂਕੇਸ਼ਨ ਬਾਰੇ, ਭੂਗੋਲ ਤੇ ਇਤਿਹਾਸ ਬਾਰੇ, ਪੰਜਾਬ ਦੇ ਇਤਿਹਾਸ ਬਾਰੇ, ਰਾਜਨੀਤੀ ਬਾਰੇ, ਅਰਥ ਸ਼ਾਸ਼ਤਰ ਬਾਰੇ, ਵਿਗਿਆਨ ਬਾਰੇ ਆਦਿ ਵਿਸ਼ਿਆਂ ਨਾਲ ਸੰਬੰਧਿਤ ਹਨ।"

## 3.5 ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਸ਼ਖ਼ਸ਼ੀਅਤ

ਡਾ. ਦੇਵਿੰਦਰ ਸਿੰਘ ਵਿਦਿਆਰਥੀ ਅਨੁਸਾਰ, "ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਸ਼ਖ਼ਸ਼ੀਅਤ ਬੜੀ ਨਿਖਰਵੀਂ ਸੀ। ਇਨ੍ਹਾਂ ਦੇ ਨਿਕਟਵਰਤੀ ਇਨ੍ਹਾਂ ਨੂੰ ਪੂਜਣ ਦੀ ਹੱਦ ਤੱਕ ਸਤਿਕਾਰਦੇ ਸਨ। ਉਹ ਇੱਕ ਨੇਕ ਇਨਸਾਨ, ਸਫ਼ਲ ਅਧਿਆਪਕ, ਸੁਜਾਨ ਗ੍ਰਹਿਸਤੀ, ਸੁਚੱਜੇ ਬੁਲਾਰੇ, ਸੂਝਵਾਨ ਸਿੱਖ, ਵਿਦਵਾਨ ਖੋਜੀ ਤੇ ਬਹੁਪੱਖੀ ਸਾਹਿਤਕਾਰ ਸਨ। ਉਨ੍ਹਾਂ ਵਿਚ ਵਿਚਾਰਕ ਵਾਲੀ ਉਤਸੁਕਤਾ, ਖੋਜੀ ਵਾਲੀ ਨਿਰਪੱਖਤਾ, ਚੰਗੇ ਅਹਿਲਕਾਰ ਵਾਲੀ ਨਿਧੜਕ-ਕਥਨੀ, ਵਿਗਿਆਨੀ ਵਾਲੀ ਨਿਖੇੜਕ ਸਪੱਸ਼ਟਤਾ ਆਦਿ ਦੇ ਵੱਡਮੁੱਲੇ ਗੁਣ ਮੌਜੂਦ ਸਨ।" ਭਾਈ ਸਾਹਿਬ ਨਾਮ ਦੇ ਅਭਿਆਸੀ, ਪੱਕੇ ਨਿਤਨੇਮੀ ਸਨ। ਪਰਮਾਤਮਾ ਦੀ ਭਗਤੀ, ਗੁਰੂ ਮਹਿਮਾ ਅਤੇ ਗੁਰਬਾਣੀ ਵਿੱਚ ਪੂਰੀ ਆਸਥਾ ਰੱਖਦੇ ਸਨ। ਭਾਈ ਸਾਹਿਬ ਦਾ ਖਾਣਾ, ਪੀਣਾ ਅਤੇ ਪਹਿਨਣਾ ਬਹੁਤ ਸਾਦਾ ਸੀ। ਉਹਨਾਂ ਆਪਣੇ ਜੀਵਨ ਵਿੱਚ ਆਤਮਿਕ ਗੁਣਾਂ ਨੂੰ ਤਰਜੀਹ ਦੇ ਕੇ ਵਿਵਹਾਰਕ ਰੂਪ ਵਿੱਚ ਗੁਜਾਰਿਆਂ। ਸੱਚ ਦੇ ਰਸਤੇ ਚਲਦਿਆਂ ਉਨ੍ਹਾਂ ਹਰ ਅਹੁਦੇ ਦਾ ਮਾਨ ਰੱਖਿਆ। ਹਰ ਇੱਕ ਨਾਲ ਮਿੱਠਾ ਬੋਲਣਾ ਉਨ੍ਹਾਂ ਦੀ ਸੱਜਣਤਾ ਨੂੰ ਦਰਸਾਉਂਦੀ ਹੈ। ਭਾਈ ਸਾਹਿਬ ਵਕਤ ਅਤੇ ਨਿਯਮ ਦੇ ਬਹੁਤ ਪਾਬੰਧ ਸਨ। ਅੰਮ੍ਰਿਤ ਵੇਲੇ ਤਾਂ ਜਾਗਦੇ ਹੀ ਸਨ ਪਰ ਉਨ੍ਹਾਂ ਦੇ ਹਰ ਕੰਮ (ਪੜਨ-ਲਿਖਣ, ਤੁਰਨ-ਫਿਰਨ ਆਦਿ) ਦਾ ਸਮਾਂ ਮੁਕੱਰਰ ਹੁੰਦਾ ਸੀ। ਆਪਣੀ ਜ਼ਿੰਦਗੀ ਨੂੰ ਗੁਰੂ ਪੰਥ ਦੀ ਅਮਾਨਤ ਸਮਝਦਿਆਂ ਇੱਕ ਪਲ ਵੀ ਵਿਅਰਥ ਨਹੀ ਗੁਆਉਂਦੇ ਸਨ। ਭਾਈ ਕਾਨ੍ਹ ਸਿੰਘ ਨਾਭਾ ਦੀ ਬਾਹਰੀ ਦਿੱਖ ਵਿੱਚ ਗੋਰੇ ਰੰਗ ਦਾ ਚੌੜਾ ਮੱਥਾ, ਸੁੰਦਰ ਚਿਹਰਾ, ਦਰਮਿਆ ਕੱਦ ਤੇ ਸੁਡੋਲ ਭਰਵਾਂ ਸਰੀਰ ਸੀ। ਉਨ੍ਹਾਂ ਕੋਲ ਬੈਠਣ ਨਾਲ ਹੀ ਮਨੁੱਖ ਸ਼ਾਂਤੀ ਦਾ ਅਨੁਭਵ ਕਰਦਾ ਸੀ। ਆਪਣੇ ਭੈਣ-ਭਰਾਵਾਂ ਨਾਲ ਵੀ ਬਹੁਤ ਪਿਆਰ ਕਰਦੇ ਸਨ। ਸਭ ਤੋਂ ਛੋਟੇ ਭਰਾ ਬਿਸ਼ਨ ਸਿੰਘ ਦਾ ਅਕਾਲ ਚਲਾਣਾ 1936ਈ. ਵਿੱਚ ਹੋਇਆ।

ਉਸ ਤੋਂ 7 ਮਹੀਨੇ ਬਾਅਦ ਦੂਸਰੇ ਭਰਾ ਮੀਹਾਂ ਸਿੰਘ ਵੀ ਤਪਦਿਕ ਨਾਲ ਅਕਾਲ ਚਲਾਣਾ ਕਰ ਗਏ। ਭਾਈ ਸਾਹਿਬ ਨੇ ਇਸ ਸਭ ਨੂੰ ਪਰਮਾਤਮਾ ਦਾ ਭਾਣਾ ਮੰਨ ਕੇ ਸਵੀਕਾਰਿਆਂ। ਭਾਈ ਸਾਹਿਬ ਦੇ ਸਪੁੱਤਰ ਭਗਵੰਤ ਸਿੰਘ (ਹਰਿ ਜੀ) ਜਦੋਂ ਯੂਰਪ ਤੋਂ ਵਾਪਿਸ ਆਏ ਤਾਂ ਉਹਨਾਂ ਨੂੰ ਬਾਬਾ ਅਜਾਪਾਲ ਸਿੰਘ ਗੁਰਦੁਆਰਾ ਦਾ ਸ੍ਰੀ ਮਹੰਤ ਥਾਪਿਆ।

## 3.6 ਅਕਾਲ ਚਲਾਣਾ

ਭਾਈ ਸਾਹਿਬ ਰੋਜ ਸਵੇਰੇ ਆਪਣੇ ਨਿਕਟਵਰਤੀ ਪ੍ਰੇਮੀ ਭਾਈ ਸਾਹਿਬ ਸਿੰਘ ਜੀ ਨਾਲ ਸੈਰ ਕਰਨ ਜਾਂਦੇ ਸਨ। 22 ਨਵੰਬਰ 1938 ਨੂੰ ਸੈਰ ਤੋਂ ਵਾਪਿਸ ਆਉਂਦੇ ਸਮੇਂ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਭਾਈ ਸਾਹਿਬ ਸਿੰਘ ਨੂੰ ਕਿਹਾ ਅੱਜ ਤੋਂ ਤੁਹਾਨੂੰ ਸਾਡਾ ਸਾਥ ਕਰਨ ਦੀ ਲੋੜ ਨਹੀ। ਪਰਮਾਤਮਾ ਦੇ ਭਾਣੇ ਨੂੰ ਮੰਨਦਿਆਂ ਬਿਨਾਂ ਕਿਸੇ ਬੀਮਾਰੀ ਦੇ 78 ਸਾਲ ਦੀ ਅਣਥੱਕ ਜ਼ਿੰਦਗੀ ਗੁਜ਼ਾਰਦੇ ਹੋਏ ਦੁਪਹਿਰ 1:20 ਵਜੇ ਅਕਾਲ ਚਲਾਣਾ ਕਰ ਗਏ।

## 3.7 ਸਾਰ

ਸਿੱਖ ਧਰਮ ਅਧਿਐਨ ਦੇ ਜਗਿਆਸੂਆਂ ਅਤੇ ਖੋਜੀਆਂ ਲਈ ਭਾਈ ਸਾਹਿਬ ਦਾ ਯੋਗਦਾਨ ਪੱਥ ਪ੍ਰਦਰਸ਼ਕ ਦਾ ਕੰਮ ਕਰਦਾ ਹੈ। ਭਾਈ ਸਾਹਿਬ ਗੁਰਮਤਿ ਦੇ ਪੱਕੇ ਧਾਰਣੀ ਸਨ, ਇਸ ਕਰਕੇ ਉਹ ਗੁਰਮਤਿ ਵਿਰੋਧੀ ਵਿਚਾਰਾਂ ਨੂੰ ਗੁਰਬਾਣੀ ਦੇ ਪ੍ਰਮਾਣ ਦੇ ਕੇ ਸਮਝਾਉਂਦੇ ਹਨ। ਗੁਰਮਤ ਮਾਰਤੰਡ ਦੇ ਪੰਨਾ ਨੰ. 422 ਵਿੱਚ ਅਖੰਡ ਪਾਠਾਂ ਦੇ ਪ੍ਰਚਲਨ ਦਾ ਵਿਰੋਧ ਅਤੇ ਪਾਠ ਦੀ ਸਮਾਪਤੀ ਸਮੇਂ ਰੁਮਾਲਾ ਚੜਾਉਣ ਦੀ ਥਾਂ ਗਰੀਬ/ਯਤੀਮ ਨੂੰ ਕੱਪੜਾ ਦੇਣ ਦੀ ਵਕਾਲਤ ਕਰਦੇ ਹਨ। ਪਾਠਾਂ ਉੱਪਰ ਧਨ ਖਰਚਣ ਦੀ ਥਾਂ ਗੁਰਬਾਣੀ ਦਾ ਉਲਥਾ ਵੱਖ-ਵੱਖ ਭਾਸ਼ਾਵਾਂ ਵਿੱਚ ਕਰਕੇ ਸਿੱਖੀ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਪੰਨਾ ਨੰ. 559 ਉਪਰ, ਮੇਲਿਆਂ ਉੱਪਰ ਧਨ ਖਰਚਣ ਦੀ ਥਾਂ ਵਿਦਿਆ ਦੇ ਪ੍ਰਚਾਰ ਪਸਾਰ ਲਈ ਧਨ ਖਰਚ ਕੀਤਾ ਜਾਣਾ ਚਾਹੀਦਾ ਹੈ। ਇਹ ਵਿਚਾਰ ਹੀ ਭਾਈ ਕਾਨ੍ਹ ਸਿੰਘ ਨਾਭਾ ਨੂੰ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਬਣਾਉਂਦੇ ਹਨ। ਇਹ ਬਹੁਪੱਖੀ ਸ਼ਖ਼ਸੀਅਤ ਅੱਜ ਸਿੱਖ ਕੌਮ ਹੀ ਨਹੀ ਸੰਪੂਰਨ ਮਾਨਵ ਜਾਤੀ ਲਈ ਪ੍ਰੇਰਨਾ ਦਾ ਸ੍ਰੋਤ ਹੈ।

## 3.8 ਸਹਾਇਕ ਪੁਸਤਕਾਂ


1. ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਈ ਕਾਨ੍ਹ ਸਿੰਘ ਨਾਭਾ
2. ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ਡਾ. ਸਮਸ਼ੇਰ ਸਿੰਘ ਅਸ਼ੋਕ
3. ਭਾਈ ਕਾਨ੍ਹ ਸਿੰਘ ਨਾਭਾ : ਪਿਛੋਕੜ ਰਚਨਾ ਤੇ ਮੁਲੰਕਣ, ਪ੍ਰੋ. ਪ੍ਰੀਤਮ ਸਿੰਘ
4. ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ, ਦੇਵਿੰਦਰ ਸਿੰਘ ਵਿਦਿਆਰਥੀ
5. ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ, ਸੁਖਜੀਤ ਕੌਰ
6. ਭਾਈ ਕਾਨ੍ਹ ਸਿੰਘ ਨਾਭਾ -ਇਕ ਅਧਿਐਨ, ਅਮਰਜੀਤ ਸਿੰਘ
7. ਯੁੱਗ ਪੁਰਸ਼ ਭਾਈ ਕਾਨ੍ਹ ਸਿੰਘ ਜੀ ਨਾਭਾ, ਜਗਮੇਲ ਸਿੰਘ ਭਾਠੂਆਂ
8. ਭਾਈ ਕਾਨ੍ਹ ਸਿੰਘ ਨਾਭਾ ਦਾ ਗੱਦ ਸਾਹਿਤ, ਪਿਆਰ ਸਿੰਘ
9. ਕਲਮ ਦੇ ਧਨੀ, ਪਿਆਰਾ ਸਿੰਘ ਪਦਮ
10. ਭਾਈ ਕਾਨ੍ਹ ਸਿੰਘ ਨਾਭਾ ਦਾ ਸਿੱਖ ਧਰਮ ਅਧਿਐਨ ਲਈ ਯੋਗਦਾਨ, ਸੈਮੀਨਾਰ ਪ੍ਰੋਸੀਡਿੰਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

# ONE YEAR DIPLOMA IN SIKH THEOLOGY

**SEMESTER-II**

**COURSE: SIKH THEOLOGIAN**

**UNIT -4 BHAI JODH SINGH**

**STRUCTURE**

4.0 ਉਦੇਸ਼

4.1 ਜੀਵਨ ਅਤੇ ਸ਼ਖ਼ਸੀਅਤ

4.2 ਸਿੱਖਿਆ

4.3 ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰੋਫੈਸਰ

4.4 ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰਿੰਸੀਪਲ

4.5 ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪਹਿਲੇ ਉਪ-ਕੁਲਪਤੀ

4.6 ਅਕਾਲ ਚਲਾਣੇ ਦੀ ਖਬਰ

4.7 ਹਵਾਲਾ ਪੁਸਤਕਾਂ

## 4.0 ਉਦੇਸ਼

ਸਿਰੋਮਣੀ ਸ਼ਖ਼ਸ਼ੀਅਤ ਦੇ ਸਿਤਾਰਿਆਂ ਨੂੰ ਉਸਦਾ ਪਰਿਵਾਰ ਹੀ ਨਹੀਂ, ਨਗਰ, ਪ੍ਰਦੇਸ਼, ਦੇਸ਼ ਅਤੇ ਵਿਦੇਸ਼ ਵਿਚ ਵੀ ਯਾਦ ਕੀਤਾ ਜਾਂਦਾ ਹੈ। ਹਰ ਮਨੁੱਖ ਦੀ ਆਪਣੀ ਸ਼ਖ਼ਸ਼ੀਅਤ ਹੈ ਪਰ ਜੋ ਸ਼ਖ਼ਸ਼ੀਅਤਾਂ ਧਰਮ ਅਤੇ ਸਮਾਜ ਲਈ ਆਪਣਾ ਜੀਵਨ ਕੁਰਬਾਨ ਕਰਦਿਆਂ ਹਨ, ਉਹ ਸਾਡਾ ਅਮੁੱਲ ਵਿਰਸਾ ਬਣ ਜਾਂਦੀਆਂ ਹਨ। ਇਨ੍ਹਾਂ ਸ਼ਖ਼ਸ਼ੀਅਤਾਂ ਦੀ ਸੋਚ ਆਪਣੇ ਸਮੇਂ ਨਾਲੋਂ ਬਹੁਤ ਅੱਗੇ ਹੁੰਦੀ ਹੈ। ਇਹ ਸ਼ਖ਼ਸ਼ੀਅਤਾਂ ਜਿਸ ਵੀ ਖੇਤਰ ਵਿਚ ਕੰਮ ਕਰਦੀਆਂ ਹਨ। ਅਨੁਸ਼ਾਸ਼ਨ- ਪ੍ਰਿਯ ਹੋਣ ਕਰਕੇ ਉਸ ਖੇਤਰ ਨੂੰ ਸਫਲਤਾ ਦੇ ਸਿਖਰ ਤੇ ਪਹੁੰਚਾ ਦਿੰਦੀਆਂ ਹਨ। ਇਹਨਾਂ ਸ਼ਖ਼ਸ਼ੀਅਤਾਂ ਵਿਚੋਂ ਇੱਕ ਹੈ ਭਾਈ ਜੋਧ ਸਿੰਘ ਜੀ ਜੋ ਵੀਹਵੀਂ ਸਦੀ ਦੀਆਂ ਪ੍ਰਮੁੱਖ ਸ਼ਖ਼ਸ਼ੀਅਤਾਂ ਵਿਚੋਂ ਵਿਦਵਾਨ, ਧਰਮ ਸ਼ਾਸ਼ਤਰੀ, ਵਿਆਖਿਆਕਾਰ, ਦਾਰਸ਼ਨਿਕ ਅਤੇ ਪ੍ਰਬੰਧਕ ਦਾ ਸੁਮੇਲ ਸਨ। ਸਿੱਖ ਕੌਮ ਅਤੇ ਦੇਸ਼ ਦੀ ਨਿਗਰ ਸੇਵਾ ਕਰਨ ਵਿੱਚ ਆਪ ਜੀ ਦਾ ਬਹੁਤ ਉੱਚਾ ਸਥਾਨ ਹੈ। ਦੁਨੀਆਂ ਵਿਚ ਕਿਸੇ ਵੀ ਦੇਸ਼ ਦੀ ਉੱਨਤੀ ਦਾ ਕਾਰਣ ਉੱਥੋਂ ਦੀ ਸਭਿਆਚਾਰਕ, ਰਾਜਸੀ ਅਤੇ ਵਿਦਿਅਕ ਉੱਨਤੀ ਹੁੰਦੀ ਹੈ। ਇਸ ਵਿਚ ਜਿੰਨ੍ਹਾਂ ਸੁਧਾਰ ਹੋਵੇਗਾ ਦੇਸ਼ ਉਨ੍ਹੀ ਉੱਨਤੀ ਕਰੇਗਾ। ਭਾਈ ਜੋਧ ਸਿੰਘ ਜੀ ਨੇ ਆਪਣਾ ਪੂਰਾ ਜੀਵਨ ਇਨ੍ਹਾਂ ਸੇਵਾਵਾਂ ਲਈ ਸਮਰਪਿਤ ਕੀਤਾ ਸੀ।

## 4.1 ਜੀਵਨ ਅਤੇ ਸ਼ਖਸ਼ੀਅਤ

ਭਾਈ ਜੋਧ ਸਿੰਘ ਜੀ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਰਾਵਲਪਿੰਡੀ (ਜੋ ਅੱਜਕਲ ਪਾਕਿਸਤਾਨ ਵਿੱਚ ਹੈ) ਤਹਿਸੀਲ ਗੁਜਰਖਾਨ ਦੇ ਪਿੰਡ ਘੰਗਰੀਲੇ ਵਿਖੇ ਬਖ਼ਸਿਆ ਦੇ ਪ੍ਰਸਿੱਧ ਘਰਾਣੇ ਵਿਚ 31 ਮਈ ਸੰਨ 1882 ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਬਖਸ਼ੀ ਰਾਮ ਸਿੰਘ ਸੀ। ਆਪ ਜੀ ਦੇ ਪਿਤਾ ਨੇ ਆਪ ਦਾ ਨਾਂ ਰਣਧੀਰ ਸਿੰਘ ਰਖਿਆ। ਘਰ ਦੇ ਬਾਕੀ ਬਜ਼ੁਰਗ ਰਛਪਾਲ ਸਿੰਘ ਕਹਿ ਕੇ ਬੁਲਾਉਂਦੇ ਸਨ। ਭਾਈ ਸਾਹਿਬ ਦੀ ਦਾਦੀ ਲਈ ਇਹ ਦੋਵੇਂ ਨਾਂ ਬੋਲਣੇ ਔਖੇ ਲੱਗਦੇ ਸਨ। ਇਸ ਲਈ ਆਪ ਦੀ ਦਾਦੀ ਨੇ ਸੌਖਾ ਨਾਂ ਸੰਤ ਸਿੰਘ ਰੱਖਿਆ ਅਤੇ ਏਹੀ ਨਾਂ ਭਾਈ ਸਾਹਿਬ ਦੀ ਮੁੱਢਲੀ ਉਮਰ (16ਸਾਲ) ਤੱਕ ਚਲਦਾ ਰਿਹਾ। ਬਾਲਕ ਸੰਤ ਸਿੰਘ (ਭਾਈ ਜੋਧ ਸਿੰਘ) ਜਦੋਂ ਦੋ ਸਾਲ ਦਾ ਹੋਇਆ ਤਾਂ ਪਿਤਾ ਦਾ ਅਕਾਲ ਚਲਾਣਾ ਹੋ ਗਿਆ। ਆਪ ਜੀ ਦੇ ਦਾਦਾ ਬਖ਼ਸ਼ੀ ਤੇਜ਼ਾ ਸਿੰਘ ਨੇ ਆਪ ਦਾ ਪਾਲਣ ਪੋਸ਼ਣ ਕੀਤਾ। ਆਪ ਜੀ ਦੇ ਖਾਨਦਾਨ ਵਿਚੋਂ ਕਿਸੇ ਵੱਡੇ ਬਜ਼ੁਰਗ ਬਖਸ਼ੀ ਨਿਹਾਲ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਅੰਮ੍ਰਿਤਸਰ ਦੇ ਚੁੰਗੀ ਮਹਿਕਮੇ ਵਿੱਚ ਕਿਸੇ ਅਫ਼ਸਰ ਦੇ ਅਹੁਦੇ ਤੇ ਨਿਯੁਕਤ ਸਨ। ਮਹਿਕਮੇ ਦੇ ਲੋਕ ਉਹਨਾਂ ਨੂੰ ਬਖਸ਼ੀ ਨਾਮ ਨਾਲ ਪੁਕਾਰਦੇ ਸਨ। ਉਥੋਂ ਹੀ ਭਾਈ ਸਾਹਿਬ ਦੇ ਪਰਿਵਾਰ ਦੇ ਨਾਂ ਨਾਲ ਬਖਸ਼ੀ ਸ਼ਬਦ ਜੁੜ ਗਿਆ।

## 4.2 ਸਿੱਖਿਆ

5 ਸਾਲਾਂ ਦੀ ਉਮਰ ਵਿਚ ਬਾਲਕ ਸੰਤ ਸਿੰਘ (ਭਾਈ ਜੋਧ ਸਿੰਘ) ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ। ਬਾਲਕ ਸੰਤ ਸਿੰਘ ਪੜਾਈ ਵਿੱਚ ਹੋਣਹਾਰ ਸੀ ਜਿਸ ਕਰਕੇ ਪ੍ਰਾਇਮਰੀ (ਪੰਜਵੀ ਜਮਾਤ) ਵਿੱਚ ਜ਼ਿਲ੍ਹਾ ਰਾਵਲਪਿੰਡੀ ਵਿੱਚ ਅੱਵਲ ਆਇਆ। ਸਰਕਾਰੀ ਤੌਰ ਤੇ 2 ਰੁਪਏ ਮਹੀਨਾ ਵਜੀਫਾ ਲੱਗਿਆ। ਪੰਜਵੀਂ ਜਮਾਤ ਤੋਂ ਬਾਅਦ ਰਾਵਲਪਿੰਡੀ ਦੇ ਮਿਸ਼ਨ ਹਾਈ ਸਕੂਲ ਵਿੱਚ ਦਾਖਲਾ ਲਿਆ। ਉਥੇ ਵੀ ਸੰਤ ਸਿੰਘ ਨੇ ਅੱਵਲ ਰਹਿਣ ਦੀ ਪਰੰਪਰਾ ਜਾਰੀ ਰੱਖੀ, ਬਾਲਕ ਸੰਤ ਸਿੰਘ ਦੀ ਇੱਕ ਵੱਖਰੀ ਪਹਿਚਾਣ ਇੱਥੋਂ ਹੀ ਬਣਨੀ ਸ਼ੁਰੂ ਹੋ ਗਈ ਸੀ। 14 ਸਾਲਾਂ ਦੀ ਉਮਰ ਵਿਚ ਅੱਠਵੀ ਜਮਾਤ ਪਾਸ ਕਰਕੇ 16 ਸਾਲਾਂ ਦੀ ਉਮਰ ਵਿੱਚ ਦਸਵੀਂ ਜਮਾਤ ਪਾਸ ਕੀਤੀ। ਇਸ ਵਾਰ 12 ਰੁਪਏ ਮਹੀਨਾ ਵਜੀਫਾ ਲੱਗਿਆ। ਜਿਸ ਕਰਕੇ ਸੰਤ ਸਿੰਘ ਕਾਲਜ ਵਿਚ ਦਾਖਲਾ ਲੈਣ ਦੇ ਸਮਰੱਥ ਹੋ ਗਿਆ ਸੀ।

ਉਹਨਾਂ ਦਿਨਾਂ ਵਿੱਚ ਸਿੰਘ ਸਭਾ ਲਹਿਰ ਦਾ ਬੜਾ ਜ਼ੋਰ ਸੀ, ਜਿਸਦਾ ਮੁਖ ਮੰਤਵ ਸਿੱਖੀ ਸ਼ਾਨ ਅਤੇ ਸਿੱਖੀ ਰਹਿਤ ਨੂੰ ਮੁੜ ਸੁਰਜੀਤ ਕਰਨਾ ਸੀ। ਇਸ ਲਈ 'ਸਿੰਘ ਸਜੋ' ਲਹਿਰ ਜ਼ੋਰਾਂ ਤੇ ਸੀ। ਘਰ ਵਿਚ ਬਚਪਨ ਤੋਂ ਹੀ ਸਿੱਖੀ ਦੇ ਬੜੇ ਪੱਕੇ ਸੰਸਕਾਰ ਸੰਤ ਸਿੰਘ ਦੇ ਹਿਰਦੇ ਵਿੱਚ ਘਰ ਕਰ ਚੁੱਕੇ ਸਨ। ਇਹਨਾਂ ਸੰਸਕਾਰਾਂ ਦੀ ਬਦੌਲਤ ਸੰਤ ਸਿੰਘ ਨੂੰ ਜਿੱਥੋਂ ਵੀ ਧਾਰਮਿਕ ਵਿਦਿਆ ਗ੍ਰਹਿਣ ਕਰਣ ਦਾ ਮੌਕਾ ਮਿਲਦਾ, ਉਹ ਹੱਥੋਂ ਨਾ ਜਾਣ ਦਿੰਦਾ। ਸੰਤ ਸਿੰਘ, ਗਿਆਨੀ ਠਾਕੁਰ ਸਿੰਘ ਜੀ ਦੇ ਲੈਕਚਰਾਂ ਤੋਂ ਬਹੁਤ ਪ੍ਰਭਾਵਿਤ ਸੀ, ਇਸ ਲਈ ਸੰਤ ਸਿੰਘ ਨੇ ਸੰਨ 1898ਈ. ਵਿੱਚ ਪ੍ਰਸਿੱਧ ਪ੍ਰਚਾਰਕ ਗਿਆਨੀ ਠਾਕਰ ਸਿੰਘ ਜੀ ਕੋਲੋਂ ਅੰਮ੍ਰਿਤ ਪਾਨ ਕਰਕੇ ਸੰਤ ਸਿੰਘ ਤੋਂ ਜੋਧ ਸਿੰਘ ਬਣ ਗਏ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਭਾਈ ਜੋਧ ਸਿੰਘ ਹੁਰਾਂ ਦੇ ਪਹਿਲੇ ਨਾਂ ਰਣਧੀਰ ਸਿੰਘ, ਰਛਪਾਲ ਸਿੰਘ ਅਤੇ ਜੋਧ ਸਿੰਘ ਇਕ ਦੂਜੇ ਦੇ ਪਰਯਾਇਵਾਚੀ ਹਨ। ਇਸਦੇ ਨਾਲ-ਨਾਲ ਸੰਤਾਂ ਵਾਲੇ ਗੁਣ ਵੀ ਆਪ ਜੀ ਦੇ ਜੀਵਨ ਵਿੱਚੋਂ ਝਲਕਦੇ ਹਨ। ਗੁਰ ਮਰਯਾਦਾ ਅਨੁਸਾਰ ਅੰਮ੍ਰਿਤਪਾਨ ਤੋਂ ਬਾਅਦ ਭਾਈ ਸਾਹਿਬ ਨੇ ਆਪਣੇ ਖਾਨਦਾਨ ਦੀ ਉਪਾਧੀ ਬਖਸ਼ੀ ਆਪਣੇ ਨਾਂ ਨਾਲ ਕਦੇ ਨਹੀ ਲਗਾਈ। ਉਹ ਲਾਂਬਾ ਜਾਤ ਦੇ ਖੜ੍ਹੀ ਸਨ ਪਰ ਉਹਨਾਂ ਆਪਣੀ ਜਾਤ ਨੂੰ ਕਦੇ ਆਪਣੇ ਨਾਂ ਨਾਲ ਨਹੀ ਜੋੜਿਆ। ਉਸ ਵੇਲੇ ਲੋਕ ਜਾਤਾਂ-ਪਾਤਾਂ ਵਿਚੋਂ ਨਿਕਲਣ ਲਈ ਆਪਣੇ ਪਿੰਡ ਦਾ ਨਾਂ ਨਾਲ ਲਗਾਉਂਦੇ ਸਨ ਜਿਵੇਂ ਤੇਜਾ ਸਿੰਘ ਸਮੁੰਦ੍ਰੀ, ਤੇਜਾ ਸਿੰਘ ਝੱਬਰ, ਤੇਜਾ ਸਿੰਘ ਭੱਚੋ ਆਦਿ ਉਸ ਸਮੇਂ ਦੀ ਯਾਦ ਦਿਲਾਉਂਦੇ ਹਨ। ਭਾਈ ਸਾਹਿਬ ਨੇ ਆਪਣੇ ਪਿੰਡ ਦਾ ਨਾਂ ਵੀ ਆਪਣੇ ਨਾਲ ਨਹੀ ਲਗਾਇਆ। ਸਰਕਾਰ ਵਲੋਂ ਦਿੱਤੀ ਉਪਾਧੀ ਸਰਦਾਰ ਬਹਾਦੁਰ ਅਤੇ ਪਦਮ ਭੂਸ਼ਣ ਨੂੰ ਵੀ ਆਪਣੇ ਨਾਂ ਤੇ ਭਾਰੀ ਨਹੀ ਹੋਣ ਦਿੱਤੀ। ਉਹਨਾਂ ਨੇ ਇਹਨਾਂ ਸਭ ਨਾਲੋਂ ਭਾਈ ਅਖਵਾਉਣਾ ਠੀਕ ਸਮਝਿਆ। ਇਸ ਤੋਂ ਵੱਧ ਸਿੱਖੀ-ਭਾਵਨਾ ਦਾ ਹੋਰ ਕਿ ਸਬੂਤ ਹੋ ਸਕਦਾ ਹੈ?

ਭਾਈ ਸਾਹਿਬ ਨੇ ਮਿਸ਼ਨ ਕਾਲਜ, ਰਾਵਲਪਿੰਡੀ ਵਿੱਚ ਦਾਖਲਾ ਟੈਸਟ ਪਾਸ ਕਰਕੇ ਸਾਇੰਸ ਫੈਕਲਟੀ ਵਿੱਚ ਦਾਖਲਾ ਲਿਆ ਪਰ ਕਾਲਜ ਵਿਚ ਸਾਇੰਸ ਫੈਕਲਟੀ ਦਾ ਸਮਾਨ ਨਾ ਆਉਣ ਕਰਕੇ 12ਵੀਂ ਕਲਾਸ ਵਿਚ ਆਰਟਸ ਵਿੱਚ ਦਾਖਲਾ ਲਿਆ ਅਤੇ ਸੰਨ 1900 ਵਿਚ ਐਫ.ਏ. ਪਾਸ ਕੀਤੀ। ਮਿਸ਼ਨ ਕਾਲਜ ਵਿੱਚ ਐਫ.ਏ. ਤੱਕ ਦੀ ਪੜ੍ਹਾਈ ਦਾ ਪ੍ਰਬੰਧ ਸੀ। ਅੱਗੇ ਪੜ੍ਹਨ ਵਾਸਤੇ ਲਾਹੌਰ ਜਾਣਾ ਪੈਣਾ ਸੀ। ਭਾਈ ਜੋਧ ਸਿੰਘ ਦੇ ਪਿਤਾ ਅਤੇ ਚਾਚਾ ਅਕਾਲ ਚਲਣਾ ਕਰ ਚੁੱਕੇ ਸਨ। ਜਿਸ ਕਰਕੇ ਘਰ ਦੀ ਮਾਲੀ ਹਾਲਤ ਬਹੁਤੀ ਚੰਗੀ ਨਹੀ ਸੀ। ਘਰ ਦੇ ਨਿਰਬਾਹ ਲਈ ਜੋਧ ਸਿੰਘ ਨੂੰ ਰੁਜ਼ਗਾਰ ਲੱਭਣ ਦਾ ਉਪਰਾਲਾ ਕਰਨਾ ਪਿਆ। ਵਿਦਿਆ ਦੀ ਤੀਬਰ ਇੱਛਾ ਹੁੰਦਿਆਂ ਵੀ ਵਿਦਿਆ ਤਿਆਗਣੀ ਪਈ। ਕੁਝ ਸਮਾਂ ਕਹੂਟੇ ਮਿਡਲ ਸਕੂਲ ਵਿੱਚ ਹੈਡ ਮਾਸਟਰ ਰਹੇ। ਫਿਰ ਸ਼.ਰੁ.ਣ ਮਹਿਕਮੇ ਦੇ ਅਕਾਊਟੈਂਟ ਦੇ ਚੌਥੇ ਦਰਜੇ ਦਾ ਇਮਤਿਹਾਨ ਪਾਸ ਕੀਤਾ, ਪਰ ਸਿਫਾਰਿਸ਼ ਨਾ ਹੋਣ ਕਰਕੇ ਕੋਈ ਨੌਕਰੀ ਨਾ ਮਿਲੀ। ਡਾਕਖਾਨੇ ਵਿਚ 15 ਰੁਪਏ ਪ੍ਰਤੀ ਮਹੀਨਾ ਐਪਰੈਂਟਸ ਤੇ ਕਲਰਕ ਦੇ ਰੂਪ ਵਿਚ ਸਿਖਲਾਈ ਲੈਣੀ ਸ਼ੁਰੂ ਕੀਤੀ। ਜਦੋਂ ਨੌਕਰੀ ਕੋਹਾਟ ਵਿਚ ਲੱਗੀ ਤਾਂ ਦਾਦੀ ਨੇ ਜਾਣ ਤੋਂ ਮਨ੍ਹਾ ਕਰ ਦਿੱਤਾ। ਇਸ ਤੋਂ ਬਾਅਦ ਜੋਧ ਸਿੰਘ ਫੌਜ ਦੇ ਮਹਿਕਮੇ ਵਿਚ ਜਾ ਲੱਗਾ। ਰਿਸ਼ਵਤ ਵਾਲੇ ਮਹੌਲ ਕਾਰਣ ਜੋਧ ਸਿੰਘ ਦਾ ਮਨ ਉੱਥੇ ਘੁਟਨ ਮਹਿਸੂਸ ਕਰਨ ਲੱਗਾ। ਇਸ ਦੌਰਾਨ ਜਿਸ ਦਾਦੀ ਨੇ ਜੋਧ ਸਿੰਘ ਦੀ ਪਾਲਨਾ ਕੀਤੀ ਉਹ ਅਕਾਲ ਚਲਾਣਾ ਕਰ ਗਈ ਪਰ ਜੋਧ ਸਿੰਘ ਨੂੰ ਘਰ ਜਾਣ ਲਈ ਛੁੱਟੀ ਨਾ ਮਿਲੀ। ਜਿਸ ਕਰਕੇ ਜੋਧ ਸਿੰਘ ਦਾ ਮਨ ਹੋਰ ਨਿਰਾਸ਼ ਹੋਇਆ। ਉਨ੍ਹਾਂ ਦਿਨਾਂ ਵਿੱਚ ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਆਪਣੇ ਦੋ ਪੁੱਤਰਾਂ ਨੂੰ ਪੜਾਉਣ ਵਾਸਤੇ ਇਕ ਟਿਊਟਰ ਦੀ ਲੋੜ ਸੀ। ਇਸ ਲਈ ਉਹ ਇੱਕ ਏਸੇ ਟਿਊਟਰ ਦੀ ਭਾਲ ਵਿਚ ਸਨ ਜੋ ਸਿੱਖ ਰਹਿਤ ਮਰਯਾਦਾ ਵਾਲਾ ਹੋਵੇ। ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਰਾਵਲਪਿੰਡੀ ਦੇ ਪ੍ਰਸਿੱਧ ਪ੍ਰਚਾਰਕ ਤੇਜਾ ਸਿੰਘ ਮਙੈਣਵਾਲੇ ਨੂੰ ਲਿਖਿਆ। ਤੇਜਾ ਸਿੰਘ ਨੇ ਜਦੋਂ ਜੋਧ ਸਿੰਘ ਨਾਲ ਗੱਲ ਕੀਤੀ ਤਾਂ ਜੋਧ ਸਿੰਘ ਨੂੰ ਘੁਟਨ ਭਰੇ ਮਹਿਕਮੇ ਵਿਚੋਂ ਨਿਕਲਣ ਦਾ ਅਵਸਰ ਮਿਲਿਆ। ਜੋਧ ਸਿੰਘ ਨੇ ਨੌਕਰੀ ਛੱਡ ਕੇ ਸਰਦਾਰ ਸੁੰਦਰ ਸਿੰਘ ਮਜੀਠੀਆ ਦੇ ਬੱਚਿਆਂ ਨੂੰ ਟਿਊਸ਼ਨ ਪੜਾਉਣਾ ਸਵੀਕਾਰ ਕਰ ਲਿਆ। ਜੋਧ ਸਿੰਘ 6ਮਈ 1902 ਨੂੰ ਅੰਮ੍ਰਿਤਸਰ ਪਹੁੰਚ ਕੇ ਆਪਣੇ ਦੋ ਸ਼ਿਸ਼ਾ, ਕਿਰਪਾਲ ਸਿੰਘ ਮਜੀਠੀਆ ਤੇ ਸੁਰਿੰਦਰ ਸਿੰਘ ਮਜੀਠੀਆ ਨੂੰ ਪੜਾਉਣਾ ਸ਼ੁਰੂ ਕਰ ਦਿੱਤਾ। ਬੱਚੇ ਕਾਲਜ ਵਿੱਚ ਪੜਦੇ ਸਨ। ਉਹਨਾਂ ਦੇ ਪੜਨ ਦਾ ਸਮਾਂ ਕਾਲਜ ਦੇ ਸਮੇਂ ਤੋਂ ਬਾਅਦ ਦਾ ਸੀ। ਇਸ ਲਈ ਸਰਦਾਰ ਹਰਬੰਸ ਸਿੰਘ ਅਟਾਰੀ ਦੇ ਕਹਿਣ ਤੇ ਭਾਈ ਜੋਧ ਸਿੰਘ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਦਾਖਲਾ ਮਿਲ ਗਿਆ। ਉਹਨਾਂ ਦੀ ਬੀ.ਏ. ਦੀ ਪੜਾਈ ਵੀ ਸ਼ੁਰੂ ਹੋ ਗਈ। 1904ਵਿੱਚ ਭਾਈ ਜੋਧ ਸਿੰਘ ਨੇ ਬੀ.ਏ. ਸਾਰੇ ਪੰਜਾਬ ਵਿੱਚ ਪਹਿਲੇ ਦਰਜੇ ਵਿਚ ਪਾਸ ਕਰਨ ਦਾ ਮਾਨ ਹਾਸਲ ਕੀਤਾ। ਇਸ ਤੋਂ ਬਾਅਦ ਭਾਈ ਜੋਧ ਸਿੰਘ ਲਾਹੌਰ ਦੇ FC (ਫਾਰਮਨ ਕ੍ਰਿਸ਼ਚੀਅਨ) ਕਾਲਜ, ਲਾਹੌਰ ਵਿੱਚ ਐਮ.ਏ. (ਗਣਿਤ) ਵਿੱਚ ਦਾਖਲਾ ਲੈ ਲਿਆ। ਜਦੋਂ ਇਮਤਿਹਾਨ ਦਾ ਸਮਾਂ ਆਇਆ ਤਾਂ ਭਾਈ ਜੋਧ ਸਿੰਘ ਬੀਮਾਰ ਹੋ ਗਏ ਅਤੇ ਇਮਤਿਹਾਨ ਨਾ ਦੇ ਸਕੇ। ਅਗਲੇ ਸਾਲ 1906ਈ. ਵਿੱਚ ਪ੍ਰਾਈਵੇਟ ਪ੍ਰੀਆਰਥੀ ਵਜੋਂ ਇਮਤਿਹਾਨ ਯੂਨੀਵਰਸਿਟੀ ਵਿੱਚ ਪਹਿਲੇ ਦਰਜੇ ਵਿੱਚ ਪਾਸ ਕੀਤਾ। ਇਸ ਤਰ੍ਹਾਂ ਭਾਈ ਜੋਧ ਸਿੰਘ ਨੇ ਸਾਰੀ ਪੜਾਈ ਪਹਿਲੇ ਦਰਜੇ ਵਿੱਚ ਹੀ ਪਾਸ ਕੀਤੀ।

## 4.3 ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰੋਫੈਸਰ

ਸਮਾਜ ਸੇਵੀ ਅਤੇ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਸਰਦਾਰ ਸ਼ਰਧਾ ਸਿੰਘ ਦੀ ਸਪੁੱਤਰੀ ਦਯਾ ਕੌਰ ਨਾਲ 5 ਮਈ 1905 ਨੂੰ ਆਪ ਜੀ ਦਾ ਆਨੰਦ-ਕਾਰਜ ਸੰਪੰਨ ਹੋਇਆ। ਇਸੇ ਸਾਲ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਗਣਿਤ ਦੇ ਪ੍ਰੋਫੈਸਰ ਦੀ ਲੋੜ ਪਈ। ਭਾਈ ਜੋਧ ਸਿੰਘ ਨੇ ਵੀ ਦਰਖ਼ਾਸਤ ਦਿੱਤੀ ਹੋਈ ਸੀ। ਕਾਲਜ ਦੇ ਅਧਿਕਾਰੀਆਂ ਨੇ ਗਣਿਤ ਪੜਾਉਣ ਲਈ ਪਰ ਮੁਖ ਰੂਪ ਵਿੱਚ ਧਰਮ ਵਿਦਿਆ ਦੇ ਪ੍ਰੋਫੈਸਰ 150ਰੁਪਏ ਮਹੀਨਾ ਵਿਚ ਰੱਖ ਲਿਆ। 1 ਜੂਨ 1905ਨੂੰ ਭਾਈ ਜੋਧ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਧਰਮ ਦੇ ਪ੍ਰੋਫੈਸਰ ਵਜੋਂ ਪ੍ਰਵੇਸ਼ ਕੀਤਾ। ਪ੍ਰੋਫੈਸਰ ਲੱਗਣ ਤੋਂ ਬਾਅਦ ਵੀ ਭਾਈ ਜੋਧ ਸਿੰਘ ਦਾ ਜੀਵਨ ਸਾਦਗੀ ਭਰਿਆ ਰਿਹਾ। ਉਹ ਅੱਧੀ ਤਨਖਾਹ 75 ਰੁਪਏ ਆਪਣੇ ਕੋਲ ਰੱਖਦੇ ਬਾਕੀ ਕਾਲਜ ਦੇ ਅਧਿਕਾਰੀਆਂ ਨੂੰ ਧਰਮ-ਅਰਥ ਲਈ ਵਾਪਿਸ ਮੋੜ ਦੇਂਦੇ ਸਨ। ਸਿੱਖ ਫਲਸਫੇ ਅਤੇ ਸਿੱਖ

ਪਰੰਪਰਾਵਾਂ ਤੋਂ ਤਾਂ ਭਾਈ ਸਾਹਿਬ ਪਹਿਲਾਂ ਹੀ ਜਾਣੂ ਸਨ। ਉਹਨਾਂ ਦੀ ਸੋਚ ਸਿੱਖ ਧਰਮ ਦੀ ਗਹਿਰਾਈ ਨਾਲ ਖੋਜ ਕਰਨ ਵਾਲੀ ਸੀ, ਇਸ ਲਈ ਭਾਈ ਸਾਹਿਬ ਅੰਮ੍ਰਿਤਸਰ ਵਿੱਚ ਮੌਜੂਦ ਸੰਪ੍ਰਦਾਈ ਟਕਸਾਲਾਂ, ਨਿਰਮਲ ਸੰਪ੍ਰਦਾ, ਉਦਾਸੀ ਸੰਪ੍ਰਦਾ ਅਤੇ ਉਦਾਸੀ ਸਾਧੂਆਂ ਦੇ ਡੇਰੇ ਸਨ। ਜੋ ਖਾਲਸਾ ਕਾਲਜ ਅੰਮ੍ਰਿਤਸਰ ਤੋਂ 3 ਮੀਲ ਦੀ ਦੂਰੀ ਤੇ ਸਨ। ਇਥੇ ਰਿਕਸ਼ਾ, ਟਾਂਗਾ ਆਦਿ ਦੀ ਸਹੂਲਤ ਪ੍ਰਾਪਤ ਨਹੀ ਸੀ। ਭਾਈ ਸਾਹਿਬ ਨੇ ਗਿਆਨੀ ਬਿਬੇਕਾ ਸਿੰਘ ਜੀ ਦੇ ਡੇਰੇ ਜੋ ਕਿ ਚੌਕ ਕਰੋੜੀ ਤੇ ਸੀ ਜਾਣਾ ਸ਼ੁਰੂ ਕਰ ਦਿੱਤਾ। ਰੋਜ ਪੈਦਲ ਜਾਂਦੇ ਅਤੇ ਸੰਥਾ ਲੈ ਕੇ ਵਾਪਸ ਆਉਂਦੇ ਸਨ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਭਾਈ ਸਾਹਿਬ ਨੇ ਕੁਦਰਤੀ ਆਫਤਾਂ ਮੀਂਹ, ਹਨ੍ਹੇਰੀ ਆਦਿ ਦੀ ਕਦੇ ਪਰਵਾਹ ਨਾ ਕਰਦਿਆਂ ਸੰਥਾ ਲੈਣ ਲਈ ਜਾਣਾ ਜ਼ਰੂਰੀ ਸਮਝਿਆ। ਆਪ ਜੀ ਨੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜੇ ਫੇਰ ਦਸ਼ਮ ਗ੍ਰੰਥ ਦੇ, ਭਾਈ ਗੁਰਦਾਸ ਦੇ ਕਬਿਤ ਸ੍ਵੱਯੇ ਅਤੇ ਵਾਰਾਂ ਦੇ ਅਰਥ ਪੜੇ। ਇਸਦਾ ਪਰਿਣਾਮ ਇਹ ਹੋਇਆ ਕਿ ਭਾਈ ਜੋਧ ਸਿੰਘ ਦੀ ਗਿਣਤੀ ਉਹਨਾਂ ਲੋਕਾਂ ਵਿੱਚ ਹੋਣ ਲੱਗੀ ਜੋ ਗੁਰਬਣੀ ਦੇ ਗੁਣੀ-ਗਿਆਨੀ ਸਨ। ਵੇਦ-ਉਪਨਿਸ਼ਦ ਅਤੇ ਪੁਰਾਣ ਪੜਨ ਦਾ ਮੌਕਾ ਮਿਲਿਆ। ਭਾਈ ਜੋਧ ਸਿੰਘ ਦਾ ਸੰਪਰਕ ਸੁੰਦਰ ਸਿੰਘ ਮਜੀਠੀਆ ਦੇ ਵੱਡੇ ਭਰਾ ਸਰਦਾਰ ਉਮਰਾਉ ਸਿੰਘ ਸ਼ੇਰਗਿੱਲ ਨਾਲ ਹੋਇਆ। ਉਹ ਅੰਗਰੇਜ਼ੀ ਅਤੇ ਸੰਸਕ੍ਰਿਤ ਦੇ ਵਿਦਵਾਨ ਹੋਣ ਨਾਲ ਹਰ ਅਧਿਆਤਮਿਕ ਸਮੱਸਿਆ ਨੂੰ ਅਧਿਕਾਰ ਸਹਿਤ ਹੱਲ ਕਰਦੇ ਸਨ। ਉਮਰਾਓ ਸਿੰਘ ਲਾਹੌਰ ਰਹਿੰਦੇ ਸਨ, ਜਿਸ ਕਰਕੇ ਭਾਈ ਜੋਧ ਸਿੰਘ ਹੁਰਾਂ ਦੀ ਗੋਸ਼ਟਿ ਚਿੱਠੀਆਂ-ਪਤਰਾਂ ਰਾਹੀ ਚਲਦੀ ਰਹਿੰਦੀ ਸੀ। ਭਾਈ ਜੋਧ ਸਿੰਘ ਨੇ ਗੁਰਬਾਣੀ ਵਿਆਖਿਆ ਨੂੰ ਨਵੀਂ ਸੋਚ ਅਤੇ ਨਵੇਂ ਮੁਹਾਵਰੇ ਵਿਚ ਪੇਸ਼ ਕੀਤਾ ਜੋ ਆਮ ਜਨਤਾ ਨੂੰ ਬਹੁਤ ਵਧੀਆ ਲੱਗਾ। ਉਸ ਸਮੇਂ ਭਾਈ ਹੀਰਾ ਸਿੰਘ ਜੀ ਦਾ ਕੀਰਤਨ ਅਤੇ ਭਾਈ ਜੋਧ ਸਿੰਘ ਜੀ ਦੀ ਸ਼ਬਦ ਵਿਆਖਿਆ ਸੁਣਨ ਲਈ ਕਾਨਫਰੰਸ ਵਿੱਚ ਸੰਗਤ ਦੂਰ-ਦੂਰ ਤੋਂ ਆਉਂਦੀ ਅਤੇ ਨਿਹਾਲ ਹੁੰਦੀ ਸੀ। ਉਹਨਾਂ ਦਿਨਾਂ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਦੀ ਉਸਾਰੀ ਦਾ ਕੰਮ ਚਲ ਰਿਹਾ ਸੀ। ਸਰਦਾਰ ਧਰਮ ਸਿੰਘ ਗਰਜਾਖਿਆ ਇੰਜੀਨੀਅਰ ਸਨ ਅਤੇ ਉਹ ਇਸ ਕੰਮ ਨੂੰ ਬਿਨਾਂ ਤਨਖਾਹ ਤੋਂ ਸੇਵਾ ਰੂਪ ਵਿਚ ਰਹੇ ਸਨ। ਉਸਾਰੀ ਕਮੇਟੀ ਦੀ ਇੱਕ ਮੀਟਿੰਗ ਵਿਚ, ਮੀਟਿੰਗ ਦੇ ਇੱਕ ਅੰਗਰੇਜ਼ ਮੈਂਬਰ ਮੇਜਰ ਹਿੱਲ ਨੇ ਕਿਹਾ Labour of Love is Nonsense (ਪਿਆਰ ਸੇਵਾ ਇਕ ਵਾਹਿਯਾਤ ਗੱਲ ਹੈ) ਇਸ ਗੱਲ ਨੂੰ ਮੈਨੇਜਿੰਗ ਕਮੇਟੀ ਦੇ ਸਿੱਖ ਮੈਂਬਰਾਂ ਨੇ ਬਹੁਤ ਬੁਰਾ ਮਨਾਇਆ। ਵਿਦਿਆਰਥੀਆਂ ਨੇ ਤਾਂ ਕਾਲੇ ਬਿੱਲੇ ਲਗਾ ਕੇ ਵਿਰੋਧ ਕੀਤਾ। ਧਰਮ ਅਧਿਐਨ ਦੇ ਪ੍ਰੋਫੈਸਰ ਹੋਣ ਕਾਰਣ ਭਾਈ ਜੋਧ ਸਿੰਘ ਨੂੰ ਵੀ ਇਸ ਅੰਦੋਲਨ ਵਿਚ ਸ਼ਾਮਿਲ ਹੋਣਾ ਪਿਆ। ਜਿਸਦੇ ਕਾਰਣ ਉਹ ਅੰਗਰੇਜ਼ਾਂ ਦੀਆਂ ਅੱਖਾਂ ਵਿੱਚ ਰੜਕਣ ਲੱਗੇ। ਇਸੇ ਦੌਰਾਨ ਇੱਕ ਹੋਰ ਘਟਨਾ ਘੱਟੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ੳ.ਐਫ ਲਮਸਡਨ ਅਤੇ ਭਾਈ ਜੋਧ ਸਿੰਘ ਦੀਆਂ ਬਘੀਆਂ ਆਪਸ ਵਿੱਚ ਟਕਰਾ ਗਈਆ। ਡਿਪਟੀ ਕਮਿਸ਼ਨਰ ਦੀ ਬਘੀ ਦਾ ਲੈਂਪ ਟੁੱਟ ਗਿਆ ਅਤੇ ਹੋਰ ਨੁਕਸਾਨ ਵੀ ਹੋਇਆ। ਇਸ ਮਾਮੂਲੀ ਘਟਨਾ ਨੂੰ ਵਧਾ ਚੜਾ ਕੇ ਦੱਸਿਆ ਗਿਆ ਅਤੇ ਇੱਕ ਅੰਗਰੇਜ਼ ਨੂੰ ਮਾਰਨ ਦੀ ਸ਼ਾਜਿਸ਼ ਦੱਸਿਆ। ਸਰਦਾਰ ਉਮਰਾਊ ਸਿੰਘ ਸ਼ੇਰਗਿੱਲ ਨੇ ਵਿਚ ਪੈ ਕੇ ਬੜੇ ਵਧੀਆ ਤਰੀਕੇ ਨਾਲ ਡਿਪਟੀ ਕਮਿਸ਼ਨਰ ਨੂੰ ਸਮਝਾ-ਬੁਝਾ ਕੇ ਮਾਮਲੇ ਨੂੰ ਹੱਲ ਕਰਵਾਇਆ। ਮਸਲੇ ਦਾ ਹੱਲ ਤਾਂ ਹੋ ਗਿਆ ਸੀ ਪਰ ਭਾਈ ਜੋਧ ਸਿੰਘ ਨੂੰ ਕਿਸੇ ਨਾ ਕਿਸੇ ਮਾਮਲੇ ਵਿਚ ਫਸਾਉਣ ਦੀ ਤਰਕੀਬ ਲੱਭਦੇ ਰਹੇ। 1908 ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਸੰਵਿਧਾਨ ਵਿਚ ਜੋ ਤਬਦੀਲੀਆਂ ਕੀਤੀਆ, ਉਸ ਤੋਂ ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਮੈਨੇਜ਼ਿੰਗ ਕਮੇਟੀ ਦੇ ਸਕੱਤਰ ਪਦ ਤੋਂ ਇਸਤੀਫਾ ਦੇ ਦਿੱਤਾ। ਨਵੰਬਰ 1912 ਵਿਚ ਹਿੰਦੁਸਤਾਨ ਦੇ ਮਹਾਨ ਆਗੂ ਸ੍ਰੀ ਗੋਪਾਲ ਕ੍ਰਿਸ਼ਨ ਗੋਖਲੇ ਅੰਮ੍ਰਿਤਸਰ ਪਹੁੰਚੇ ਤਾਂ ਖਾਲਸਾ ਕਾਲਜ ਦੇ ਵਿਦਿਆਥੀ ਭਾਈ ਜੋਧ ਸਿੰਘ ਦੀ ਸਰਪਰਸਤੀ ਹੇਠ ਉਨ੍ਹਾਂ ਦੀ ਅਗਵਾਈ ਲਈ ਰੇਲਵੇ ਸਟੇਸ਼ਨ ਪਹੁੰਚੇ। ਕੁਝ ਵਿਦਿਆਰਥੀਆਂ ਨੇ ਮਹਾਨ ਨੇਤਾ ਦੀ ਬਘੀ ਦੇ ਘੋੜੇ ਖੋਲ ਕੇ ਉਸ ਬਘੀ ਨੂੰ ਆਪ ਖਿੱਚਣਾ ਸ਼ੁਰੂ ਕੀਤਾ, ਇਹ ਗੱਲ ਅੰਗਰੇਜ਼ਾਂ ਨੂੰ ਬਹੁਤ ਚੁੱਭੀ। ਏਸੇ ਦੌਰਾਨ ਇੱਕ ਘਟਨਾ ਹੋਰ ਘਟੀ ਕਿ ਭਾਈ ਜੋਧ ਸਿੰਘ ਅੰਦਰ ਸਿੱਖੀ ਦੇ ਪ੍ਰਤੀ ਪਿਆਰ ਅਤੇ ਦੇਸ਼ ਦੀ ਆਜ਼ਾਦੀ ਦੀ ਬੜੀ ਲਗਨ ਸੀ। ਜਿਸ ਕਰਕੇ ਭਾਈ ਸਾਹਿਬ ਕਾਲਜ ਦਾ ਪ੍ਰਬੰਧ ਅੰਗਰੇਜ਼ਾਂ ਕੋਲੋਂ ਲੈ ਕੇ ਸਿੱਖਾਂ ਨੂੰ ਦੇਣਾ ਚਾਹੁੰਦੇ ਸਨ। ਭਾਈ ਸਾਹਿਬ ਨੇ ਦੂਰ ਦ੍ਰਿਸ਼ਟੀ ਨਾਲ ਸੋਚਿਆ ਕਿ ਜੇ ਇੰਝ ਹੋਇਆ ਤਾਂ ਪੰਜਾਬ ਸਰਕਾਰ ਸਿੱਖ ਰਿਆਸਤਾਂ ਵਲੋਂ ਕਾਲਜ ਨੂੰ ਮਿਲ ਰਹੀ ਮਾਲੀ ਸਹਾਇਤਾ ਬੰਦ ਨਾ ਕਰਵਾ ਦੇਵੇ ਅਤੇ ਕਾਲਜ ਬੰਦ ਹੋਣ ਦੀ ਕਗਾਰ ਤੇ ਨਾ ਪਹੁੰਚ ਜਾਏ। ਇਸ ਲਈ ਭਾਈ ਸਾਹਿਬ ਨੇ ਇਕ ਸਥਾਨਕ

ਸਭਾ 'ਜੀਵਨ ਸੇਵਾ ਸੁਸਾਇਟੀ' ਬਣਾਈ। ਇਸ ਸੁਸਾਇਟੀ ਦਾ ਮੁਖ ਮੰਤਵ ਜਵਾਨਾਂ ਵਿਚ ਥੋੜੀ ਤਨਖਾਹ ਉੱਤੇ ਕੌਮੀ ਕੰਮ ਕਰਨਾ ਸੀ ਤਾਂ ਜੋ ਕਾਲਜ ਅੰਗਰੇਜ਼ੀ ਪ੍ਰਬੰਧ ਤੋਂ ਬਗੈਰ ਆਪਣੇ ਪੈਰਾਂ ਤੇ ਖੜੋ ਸਕੇ। ਇਸ ਸੁਸਾਇਟੀ ਵਿਚ ਦੋ ਹੋਰ ਜਵਾਨ ਊਧਮ ਸਿੰਘ ਅਤੇ ਬਾਬੂ ਸ਼ਾਮ ਸਿੰਘ ਨੇ 75 ਰੁਪਏ ਮਹੀਨਾ ਤਨਖਾਹ ਅਤੇ 15 ਰੁਪਏ ਬੀਮੇ ਲਈ ਲੈ ਕੇ ਸਾਰੀ ਉਮਰ ਕਾਲਜ ਦੀ ਸੇਵਾ ਨੂੰ ਪਰਵਾਨ ਕਰ ਲਿਆ। ਇਹ ਗੱਲ ਵੀ ਅੰਗਰੇਜ਼ੀ ਹਕੂਮਤ ਨੂੰ ਬੜੀ ਖਤਰਨਾਕ ਲੱਗੀ ਕਿਉਂਕਿ ਉਹ ਤਾਂ ਸਿੱਖਾਂ ਨੂੰ ਵਿਦਿਆ ਰਾਹੀਂ ਅੰਗਰੇਜ਼ ਹਕੂਮਤ ਦੇ ਵਫਾਦਾਰ ਬਣਾਈ ਰੱਖਣਾ ਚਾਹੁੰਦੇ ਸਨ। ਖਾਲਸਾ ਕਾਲਜ ਦੀ ਇਮਾਰਤ ਦੇ ਇਨਚਾਰਜ ਅਤੇ ਇੰਜੀਨੀਅਰ ਧਰਮ ਸਿੰਘ ਹੁਰਾਂ ਨੇ ਵੀ ਇਸਤੀਫਾ ਦੇ ਦਿੱਤਾ। ਜੋ ਨਵਾਂ ਅੰਗਰੇਜ਼ ਇੰਜੀਨੀਅਰ ਆਇਆ ਵਿਦਿਆਰਥੀਆਂ ਨੇ ਉਸਦਾ ਮਜ਼ਾਕ ਉਡਾਇਆ। ਇਹ ਸਾਰੀਆਂ ਗੱਲਾਂ ਭਾਈ ਜੋਧ ਸਿੰਘ ਦੇ ਸਿਰ ਤੇ ਮੜ ਦਿੱਤੀਆਂ ਅਤੇ ਸਰਕਾਰ ਦੀਆਂ ਅੱਖਾਂ ਵਿੱਚ ਰੜਕਣ ਲੱਗੇ।

30 ਨਵੰਬਰ 1912 ਨੂੰ ਖਾਲਸਾ ਕਾਲਜ ਦੇ ਅੰਗਰੇਜ਼ ਪ੍ਰਿੰਸੀਪਲ 'ਰਾਈਟ' ਨੇ ਆਪਣੇ ਕਮਰੇ ਵਿੱਚ ਬੁਲਾ ਕੇ ਭਾਈ ਜੋਧ ਸਿੰਘ ਨੂੰ ਕਾਲਜ ਦੀ ਨੌਕਰੀ ਛੱਡਣ ਦੀ ਆਪਣੀ ਇੱਛਾ ਜ਼ਾਹਿਰ ਕੀਤੀ। ਭਾਈ ਜੋਧ ਸਿੰਘ ਨੇ ਉਸੇ ਵੇਲੇ ਇਸਤੀਫਾ ਲਿਖ ਦਿੱਤਾ। ਇਹ ਦੇਖ ਕੇ ਪ੍ਰਿੰਸੀਪਲ ਬਹੁਤ ਹੈਰਾਨ ਹੋਇਆ। ਭਾਈ ਸਾਹਿਬ ਨੂੰ ਅੱਧੀ ਤਨਖਾਹ ਤੇ ਛੇ ਮਹੀਨੇ ਦੀ ਛੁੱਟੀ ਦੇ ਕੇ ਤੌਰ ਦਿੱਤਾ ਗਿਆ। 1 ਜੂਨ 1913 ਤੋਂ ਕਾਲਜ ਦੀ ਸੇਵਾ ਤੋਂ ਮੁਕਤ ਕਰ ਦਿੱਤਾ ਗਿਆ। ਇਸ ਤਰ੍ਹਾਂ 9 ਸਾਲਾਂ ਤੋਂ ਚਲੇ ਆ ਰਹੇ ਕਾਲਜ ਨਾਲ ਸੰਬੰਧ ਖ਼ਤਮ ਹੋ ਗਏ।

ਕਾਲਜ ਵਿੱਚੋਂ ਸੇਵਾਵਾਂ ਦੇ ਸਮਾਪਤ ਹੋਣ ਤੋਂ ਬਾਅਦ 12ਸਾਲ ਵੱਖ-ਵੱਖ ਵਿਦਿਅਕ ਸੰਸਥਾਵਾਂ ਤੇ ਕੰਮ ਕਰਦੇ ਹੋਏ ਆਪਣੀ ਸੂਖਮ ਬੁੱਧ ਨਾਲ ਗੁਰ-ਸਿੱਖ ਰਹਿਣੀ ਬਹਿਣੀ ਦਾ ਪ੍ਰਭਾਵ ਪਾਇਆ। ਪੰਜਾਬ ਸਰਕਾਰ ਦੀ ਸੀ.ਆਈ.ਡੀ ਭਾਈ ਜੋਧ ਸਿੰਘ ਜੀ ਦੇ ਮਗਰ ਪਰਛਾਵੇਂ ਵਾਂਗ ਲੱਗੀ ਰਹੀ। ਆਪ ਦੇ ਮਿੱਤਰ ਸਰਦਾਰ ਹਰਬੰਸ ਸਿੰਘ ਅਟਾਰੀ ਨੇ ਆਪਣੇ ਸਹੁਰੇ ਘਰ ਮੇਰਠ ਵਿੱਚ ਦੋ ਮੁੰਡਿਆਂ ਨੂੰ ਟਿਊਸ਼ਨ ਪੜਾਉਣ ਤੇ ਲਗਾ ਦਿੱਤਾ। ਪਰ ਸੀ.ਆਈ.ਡੀ ਇਥੇ ਵੀ ਪਹੁੰਚ ਗਈ ਅਤੇ ਆਪ ਜੀ ਨੂੰ ਖਤਰਨਾਕ ਵਿਅਕਤੀ ਕਰਾਰ ਦੇ ਕੇ ਉੱਥੋਂ ਕੱਢਣ ਦੀ ਮੰਗ ਕੀਤੀ। ਭਾਈ ਸਾਹਿਬ ਨੂੰ ਇਹ ਮਹਿਸੂਸ ਹੋਇਆ ਕਿ ਮੇਰੇ ਕਾਰਣ ਕਿਸੇ ਨੂੰ ਪਰੇਸ਼ਾਨ ਨਾ ਹੋਣਾ ਪਵੇ ਇਸ ਲਈ ਉੱਥੋਂ ਨਿਕਲਣ ਯੋਗ ਸਮਝਿਆ। ਇਕ ਸਾਲ ਪਿੱਛੋਂ ਜਦੋਂ ਭਾਈ ਸਾਹਿਬ ਮੇਰਠ ਤੋਂ ਵਾਪਿਸ ਆਏ ਤਾਂ ਪਤਾ ਲੱਗਾ ਕਿ ਖਾਲਸਾ ਦੀਵਾਨ ਨੂੰ ਹੈਡਮਾਸਟਰ ਦੀ ਅਸਾਮੀ ਲਈ ਯੋਗ ਵਿਅਕਤੀ ਦੀ ਲੋੜ ਹੈ। ਕਿਉਂਕਿ ਮਾਸਟਰ ਤਾਰਾ ਸਿੰਘ, ਖਾਲਸਾ ਹਾਈ ਸਕੂਲ, ਲਾਇਲਪੁਰ ਤੋਂ ਹੈਡਮਾਸਟਰ ਦੀ ਨੌਕਰੀ ਛੱਡ ਗਏ ਸਨ। ਸੰਸਥਾ ਨੇ ਆਪ ਅੱਗੇ ਇਸ ਅਸਾਮੀ ਲਈ ਆਪ ਅੱਗੇ ਬੇਨਤੀ ਕੀਤੀ ਅਤੇ ਆਪ ਨੇ ਪਰਵਾਨ ਕਰ ਲਈ। ਸਤੰਬਰ 1914 ਤੋਂ ਫਰਵਰੀ 1920 ਤੱਕ ਖਾਲਸਾ ਹਾਈ ਸਕੂਲ ਦੇ ਹੈਡਮਾਸਟਰ ਦੇ ਅਹੁਦੇ ਤੇ ਰਹੇ। ਭਾਈ ਸਾਹਿਬ ਨੂੰ ਵਿਦਿਅਕ ਸੰਸਥਾ ਦਾ ਬੜਾ ਯੋਗ ਤਜ਼ਰਬਾ ਹਾਸਲ ਹੋਇਆ। ਜੋ ਬਾਅਦ ਵਿਚ ਆਪ ਨੂੰ ਬੜਾ ਲਾਭਦਾਇਕ ਸਿੱਧ ਹੋਇਆ। ਲਾਇਲਪੁਰ ਵਿਖੇ ਰਹਿੰਦਿਆਂ ਭਾਈ ਸਾਹਿਬ ਨੇ ਉੱਥੋਂ ਦੇ ਲੋਕਾਂ ਵਿਚ ਆਪਸੀ ਮੇਲ-ਮਿਲਾਪ ਵਧਾਇਆ। ਜਦੋਂ ਭਾਈ ਸਾਹਿਬ ਨੇ ਇਸਤੀਫਾ ਦਿੱਤਾ ਤਾਂ ਸ਼ਹਿਰ ਦੇ ਸਾਰੇ ਪਤਵੰਤੇ ਸੱਜਣਾਂ ਨੇ ਆਪ ਜੀ ਦੇ ਕੰਮਾਂ ਦੀ ਸਰਾਹਣਾ ਕਰਦਿਆਂ ਆਪ ਜੀ ਨੂੰ ਸਰੋਪੇ ਭੇਂਟ ਕੀਤੇ। ਇਸ ਤੋਂ ਬਾਅਦ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਵਿੱਚ ਪ੍ਰਿੰਸੀਪਲ ਦੇ ਅਹੁਦੇ ਤੇ ਬਿਰਾਜਮਾਨ ਹੋਏ। ਏਥੋਂ ਦੀ ਕਮੇਟੀ ਨੇ ਭਾਈ ਸਾਹਿਬ ਨੂੰ ਉਚੇਰੀ ਬੇਨਤੀ ਕਰਕੇ ਕਾਲਜ ਲਿਆਂਦਾ ਸੀ। ਭਾਈ ਨੇ ਕਾਲਜ ਆ ਕੇ ਬੜੀ ਲਗਨ ਨਾਲ ਆਪਣਾ ਕੰਮ ਕਰਨਾ ਸ਼ੁਰੂ ਕੀਤਾ। ਕਾਲਜ ਦਾ ਹਿਸਾਬ-ਕਿਤਾਬ, ਸਟਾਫ ਦੇ ਗ੍ਰੇਡ ਬਣਾਉਣੇ, ਪੜ੍ਹਾਈ ਦੀ ਸਥਿਤੀ ਨੂੰ ਉੱਚਾ ਚੁੱਕਣ ਦੇ ਉੱਦਮ ਸ਼ੁਰੂ ਕਰ ਦਿੱਤੇ। ਪਰ ਪਰਮਾਤਮਾ ਨੂੰ ਕੁਝ ਹੋਰ ਮਨਜ਼ੂਰ ਸੀ। ਮਹਾਤਮਾ ਗਾਂਧੀ ਜੀ ਦੀ ਨਾ-ਮਿਲਵਰਤਨ ਲਹਿਰ ਕਾਰਨ ਕਾਲਜ ਦੇ ਪ੍ਰਬੰਧਕ ਸਰਕਾਰ ਨਾਲ ਸੰਬੰਧ ਵਿਛੇਦ ਦੇ ਹੱਕ ਵਿੱਚ ਸਨ, ਪਰ ਭਾਈ ਜੋਧ ਸਿੰਘ ਪ੍ਰਬੰਧਕਾਂ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਸਨ। ਜਿਸ ਕਰਕੇ ਭਾਈ ਜੋਧ ਸਿੰਘ ਜੀ ਨੇ ਅਕਤੂਬਰ 1921 ਨੂੰ ਪ੍ਰਿੰਸੀਪਲ ਦੇ ਅਹੁਦੇ ਤੋਂ ਇਸਤੀਫਾ ਦੇ ਦਿੱਤਾ। ਇਸ ਤੋਂ ਬਾਅਦ ਭਾਈ ਸਾਹਿਬ ਅੰਮ੍ਰਿਤਸਰ ਆ ਗਏ। ਅੰਮ੍ਰਿਤਸਰ ਵਿੱਚ ਆਪ ਜੀ ਦੇ ਮਿੱਤਰ ਸਰਦਾਰ ਹਰਬੰਸ ਸਿੰਘ ਅਟਾਰੀ ਅਤੇ ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਮਿਲ ਕੇ ਭਾਈ ਜੋਧ ਸਿੰਘ ਨੂੰ ਚੀਫ ਖਾਲਸਾ ਦੀਵਾਨ ਵਲੋਂ ਕੱਢੇ

ਜਾਂਦੇ ਰੋਜ਼ਾਨਾ 'ਖਾਲਸਾ' ਅਤੇ ਸਪਤਾਹਿਕ 'ਖਾਲਸਾ ਐਡਵੋਕੇਟ' (ਅੰਗ੍ਰੇਜ਼ੀ) ਦਾ ਐਡੀਟਰ ਲੱਗਾ ਦਿੱਤਾ। ਅਗਲੇ ਸਾਲ ਭਾਈ ਸਾਹਿਬ ਚੀਫ ਖਾਲਸਾ ਦੀਵਾਨ ਦੇ ਐਜੂਕੇਸ਼ਨ ਇੰਸਪੈਕਟਰ ਬਣ ਗਏ। ਡਾ. ਪਿਆਰ ਸਿੰਘ ਆਪਣੀ ਪੁਸਤਕ, "ਭਾਈ ਜੋਧ ਸਿੰਘ ਜੀਵਨ ਤੇ ਰਚਨਾ" ਵਿੱਚ ਲਿਖਦੇ ਹਨ, "13 ਅਕਤੂਬਰ 1923 ਨੂੰ ਸਰਕਾਰ ਨੇ ਪ੍ਰੋਫੈਸਰ ਤੇਜਾ ਸਿੰਘ, ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰੋ. ਨਿਰੰਜਨ ਸਿੰਘ ਤੇ ਪ੍ਰੋ. ਸਾਹਿਬ ਸਿੰਘ ਨੂੰ ਸ਼੍ਰਿਮੋਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੁਕਨ ਹੋਣ ਕਾਰਣ ਫੜ ਲਿਆ।" ਸਿੱਖਾਂ ਵਿਚ ਪਹਿਲਾਂ ਤੋਂ ਹੀ ਨਾਭਾ ਦੇ ਮਹਾਰਾਜਾ ਨੂੰ ਗੱਦੀਓ ਲਾਹੁਣ ਦਾ ਬੜਾ ਰੋਸ਼ ਸੀ। ਅੰਗਰੇਜ਼ ਸਰਕਾਰ ਨੇ ਇੱਕ ਹੋਰ ਜ਼ੁਲਮ ਕੀਤਾ ਕਿ ਗੁਰਦੁਆਰਾ ਗੰਗਸਰ ਵਿੱਚ ਰੱਖੇ ਅਖੰਡ ਪਾਠ ਨੂੰ ਖੰਡਿਤ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਰਚਾ ਲਾਉਣ ਬਾਰੇ ਸੋਚ ਲਿਆ। ਇਸਦੇ ਵਿਰੁੱਧ ਅੰਗਰੇਜ਼ ਸਰਕਾਰ ਨੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਅਤੇ ਖਾਲਸਾ ਕਾਲਜ ਦੇ ਪ੍ਰੋਫੈਸਰਾਂ ਨੂੰ ਸਰਕਾਰ ਵਿਰੁੱਧ ਵਿਦ੍ਰੋਹ ਦੇ ਮਾਮਲੇ ਵਿੱਚ ਫੜ ਲਿਆ। ਹੁਣ ਤੱਕ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਬੰਧ ਦੁਬਾਰਾ ਤੋਂ ਸਿੱਖਾਂ ਦੇ ਹੱਥ ਆ ਚੁੱਕਾ ਸੀ ਅਤੇ ਸਰਦਾਰ ਸੁੰਦਰ ਸਿੰਘ ਮਜੀਠੀਆ ਇਸ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਸਨ। ਕਮੇਟੀ ਨੂੰ ਜਦੋਂ ਇਹ ਪਤਾ ਲੱਗਿਆ ਕਿ ਗ੍ਰਿਫਤਾਰ ਹੋਏ ਪ੍ਰੋਫੈਸਰਾਂ ਨੂੰ ਜਲਦੀ ਰਿਹਾ ਨਹੀ ਕੀਤਾ ਜਾ ਰਿਹਾ ਤਾਂ ਕਮੇਟੀ ਨੇ ਨਵੇਂ ਪ੍ਰੋਫੈਸਰਾਂ ਦੀ ਨਿਯੁਕਤੀ ਦਾ ਫੈਸਲਾ ਲਿਆ। 24ਮਈ 1924ਨੂੰ ਦੁਬਾਰਾ ਭਾਈ ਜੋਧ ਸਿੰਘ ਜੀ ਦੀ ਨਿਯੁਕਤੀ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਗਣਿਤ ਅਤੇ ਧਰਮ ਦੇ ਪ੍ਰੋਫੈਸਰ ਦੇ ਤੌਰ ਤੇ ਹੋਈ। ਕਾਲਜ ਦੇ ਵਿਦਿਆਰਥੀਆਂ ਨੇ ਨਵੀਆਂ ਨਿਯੁਕਤੀਆਂ ਵਿਰੁੱਧ ਬਹੁਤ ਰੋਸ ਪ੍ਰਗਟਾਇਆ, ਜਿਸ ਕਰਕੇ ਪ੍ਰਿੰਸੀਪਲ ਡਾ. ਬਲਬੀਰ ਸਿੰਘ ਜੋ ਪ੍ਰਿੰਸੀਪਲ ਨਿਰੰਜਨ ਸਿੰਘ ਦੀ ਥਾਂ ਨਿਯੁਕਤ ਕੀਤਾ ਸੀ ਨੇ ਇਸਤੀਫਾ ਦੇ ਦਿੱਤਾ। ਇਸ ਘਟਨਾ ਉਪਰੰਤ ਵੀ ਭਾਈ ਜੋਧ ਸਿੰਘ ਠਰੰਮੇ ਅਤੇ ਅਡੋਲ ਚਿਤ ਨਾਲ ਡਟੇ ਰਹੇ। ਬਹੁਤ ਮੁਸ਼ਕਲ ਨਾਲ ਭਾਈ ਜੋਧ ਸਿੰਘ ਨੇ ਸਰਦਾਰ ਸੁੰਦਰ ਸਿੰਘ ਮਜੀਠੀਆ ਹੋਰਾਂ ਦੀ ਸਹਾਇਤਾ ਨਾਲ ਪ੍ਰੋਫੈਸਰ ਤੇਜਾ ਸਿੰਘ ਜੀ ਨੂੰ 23 ਦਿਸੰਬਰ 1924 ਨੂੰ ਪੱਕੇ ਤੌਰ ਤੇ ਰਿਹਾ ਕਰਵਾ ਲਿਆ ਗਿਆ। ਡਾ. ਪਿਆਰ ਸਿੰਘ ਅਨੁਸਾਰ, "ਜਨਰਲ ਬਰਡਵੁੱਡ ਨਾਲ ਰਲ ਕੇ ਗੁਰਦੁਆਰਾ ਬਿਲ ਬਣਾਉਣ ਦਾ ਭਾਈ ਸਾਹਿਬ ਦਾ ਕਾਰਜ ਤਾਂ ਸਿਰੇ ਨਾ ਚੜ੍ਹਿਆ, ਪਰ ਇਨ੍ਹਾਂ ਆਪਣੇ ਸੁਭਾ ਅਨੁਸਾਰ ਕੰਮ ਜਾਰੀ ਰੱਖਿਆ। ਕਈ ਮਹੀਨੇ ਦੇ ਸਲਾਹ-ਮਸ਼ਵਰੇ ਅਤੇ ਖਿਚ-ਧੂਹ ਪਿੱਛੋਂ 10 ਅਪਰੈਲ 1925 ਨੂੰ ਗੁਰਦੁਆਰਾ ਬਿੱਲ ਦਾ ਖਰੜਾ ਤਿਆਰ ਕੀਤਾ ਗਿਆ। 7 ਜੁਲਾਈ 1925 ਨੂੰ ਪੰਜਾਬ ਲੈਜਿਸਲੇਟਿਵ ਕੌਂਸ਼ਲ ਵਿਚੋਂ ਪਾਸ ਹੋ ਕੇ ਇਹ 1 ਨਵੰਬਰ 1925 ਨੂੰ ਕੇਂਦਰੀ ਸਰਕਾਰ ਪਾਸੋਂ ਮਨਜ਼ੂਰੀ ਮਿਲਣ ਉਪਰੰਤ ਲਾਗੂ ਕਰ ਦਿੱਤਾ ਗਿਆ। ਇਸ ਵਿਚ ਸਾਰੇ ਸਿੱਖ ਇਤਿਹਾਸਿਕ ਗੁਰਦਵਾਰਿਆਂ ਦਾ ਪ੍ਰਬੰਧ ਸ਼੍ਰਿਮੋਣੀ ਗੁਰਦੁਆਰਾ ਕਮੇਟੀ ਦੇ ਅਧੀਨ ਆਉਣਾ ਮੰਨ ਲਿਆ।" ਭਾਈ ਜੋਧ ਸਿੰਘ ਜੀ ਦਾ ਜੀਵਨ ਜਨ ਸੇਵਾ ਵਾਲੀ ਰਾਜਨੀਤੀ ਵਿੱਚ ਬੀਤਿਆ। ਜਦੋਂ ਚੀਫ ਖਾਲਸਾ ਦੀਵਾਨ ਦਾ ਮੁੱਢ ਬੱਝਾ ਤਾਂ ਉਸ ਸੰਸਥਾ ਦੇ ਮੁੱਢਲੇ ਪੰਜ ਮੈਂਬਰਾਂ ਵਿਚੋਂ, ਸਰਦਾਰ ਸੁੰਦਰ ਸਿੰਘ ਮਜੀਠੀਆ, ਸਰਦਾਰ ਹਰਬੰਸ ਸਿੰਘ ਅਟਾਰੀ ਵਾਲਾ, ਭਾਈ ਵੀਰ ਸਿੰਘ, ਸਰਦਾਰ ਤਰਲੋਚਨ ਸਿੰਘ ਅਤੇ ਭਾਈ ਜੋਧ ਸਿੰਘ ਸਨ। ਇਹਨਾਂ ਪੰਜ ਮੈਂਬਰਾਂ ਵਿੱਚ ਸ਼ਾਮਿਲ ਹੋਣ ਦਾ ਮਾਣ ਭਾਈ ਸਾਹਿਬ ਨੂੰ ਪ੍ਰਾਪਤ ਹੋਇਆ। 1907 ਵਿੱਚ ਚੀਫ ਖਾਲਸਾ ਦੀਵਾਨ ਨੇ ਸਿੱਖ ਐਜੂਕੇਸ਼ਨਲ ਕਾਨਫਰੰਸਾਂ ਦਾ ਜੋ ਸੰਵਿਧਾਨ ਬਣਾਇਆ, ਉਸਦੀ ਤਿਆਰੀ ਵਿੱਚ ਭਾਈ ਜੋਧ ਸਿੰਘ ਜੀ ਦਾ ਅਹਿਮ ਯੋਗਦਾਨ ਸੀ। ਭਾਈ ਸਾਹਿਬ ਨੇ ਇਸ ਸੰਸਥਾ ਵਿੱਚ 1908 ਤੋਂ 1959 ਤੱਕ 51 ਸਾਲ ਮੈਂਬਰ ਰਹੇ। ਇਹਨਾਂ 51ਸਾਲਾਂ ਵਿੱਚ 3 ਵਾਰੀ ਪ੍ਰਧਾਨ ਬਣਨ ਦਾ ਮਾਨ ਪ੍ਰਾਪਤ ਹੋਇਆ। ਭਾਈ ਸਾਹਿਬ ਨੇ ਜਿੱਥੇ ਧਰਮ ਅਤੇ ਵਿਦਿਆ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾਇਆ ਉਥੇ ਰਾਜਨੀਤੀ ਵਿੱਚ ਵੀ ਉਹਨਾਂ ਦਾ ਸ਼ਲਾਘਾਯੋਗ ਯੋਗਦਾਨ ਹੈ। ਜੋ ਸਾਖ ਭਾਈ ਸਾਹਿਬ ਦੀ ਰਾਜਨੀਤਿਕ ਖੇਤਰ ਵਿਚ ਬਣਦੀ ਜਾ ਰਹੀ ਸੀ ਉਸ ਤੋਂ ਕਈ ਸਿੱਖ ਆਗੂ ਈਰਖਾ ਕਰਨ ਲਗ ਪਏ ਸਨ। ਇਸ ਲਈ ਉਹਨਾਂ ਨੇ ਭਾਈ ਸਾਹਿਬ ਨੂੰ ਰਾਜਨੀਤੀ ਦੇ ਖੇਤਰ ਤੋਂ ਰੋਕਣ ਲਈ ਖਾਲਸਾ ਕਾਲਜ ਅੰਮ੍ਰਿਤਸਰ ਮੈਨੇਜਿੰਗ ਕਮੇਟੀ ਤੋਂ ਇਹ ਮਤਾ ਪਾਸ ਕਰਵਾ ਲਿਆ ਕਿ ਕਾਲਜ ਦਾ ਕੋਈ ਵੀ ਕਰਮਚਾਰੀ ਰਾਜੀਨਿਤਕ ਸਭਾ ਦਾ ਮੈਂਬਰ ਨਹੀਂ ਬਣ ਸਕੇਗਾ। ਇਸ ਤਰ੍ਹਾਂ ਭਾਈ ਸਾਹਿਬ ਨੂੰ ਰਾਜਨੀਤਿਕ ਖੇਤਰ ਵਿਚੋਂ ਨਿਕਲ ਜਾਣ ਲਈ ਮਜ਼ਬੂਰ ਕੀਤਾ ਗਿਆ। ਇਸ ਕਰਕੇ ਭਾਈ ਜੋਧ ਸਿੰਘ ਨੇ ਆਪਣੀ ਕਿਰਿਆਸ਼ੀਲਤਾ ਦਾ ਖੇਤਰ ਧਰਮ ਅਤੇ ਵਿਦਿਆ ਨੂੰ ਬਣਾਇਆ। ਸਰਦਾਰ ਸੁੰਦਰ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਧਾਨ ਹੋਣ ਕਾਰਨ ਉਹਨਾਂ ਨਾਲ ਕਈ ਵਾਰ

ਰਾਜਨੀਤਿਕ ਸਭਾਵਾਂ ਤੇ ਜਾਣਾ ਵੀ ਪੈਂਦਾ ਰਿਹਾ। 1935ਵਿਚ ਭਾਈ ਸਾਹਿਬ ਨੇ ਮਹਾਰਾਜਾ ਪਟਿਆਲਾ ਅਤੇ ਅਕਾਲੀਆਂ ਵਿੱਚ ਚਲ ਰਹੇ ਝਗੜੇ ਨੂੰ ਗੱਲਬਾਤ ਰਾਹੀਂ ਨਿਪਟਾਇਆ।"

ਭਾਈ ਜੋਧ ਸਿੰਘ ਜੀ ਦੀ ਇਸ ਘਾਲਣਾ ਨੂੰ ਸਿੱਖ ਜਗਤ ਕਦੇ ਨਹੀਂ ਭੁਲਾ ਸਕਦਾ। ਜੈਤੋ ਦਾ ਮੋਰਚਾ 6 ਅਗਸਤ 1925 ਨੂੰ 101 ਅਖੰਡ ਪਾਠਾਂ ਨਾਲ ਸਮਾਪਤ ਹੋਇਆ ਇਸ ਵਿੱਚ ਵੀ ਭਾਈ ਸਾਹਿਬ ਦੀ ਬਹੁਤ ਵੱਡੀ ਭੂਮਿਕਾ ਰਹੀ। ਦਿਸੰਬਰ 1923 ਵਿੱਚ ਭਾਈ ਜੋਧ ਸਿੰਘ ਜੀ ਨੂੰ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਚੁਣ ਲਿਆ ਗਿਆ। ਬਤੌਰ ਲੈਜਿਸਲੇਟਰ ਵਜੋਂ ਆਪ ਜੀ ਨੇ ਸਿੱਖ ਜਗਤ ਲਈ ਜੋ ਕੰਮ ਕੀਤਾ ਉਸਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਕਠਿਨ ਹੈ। ਇਸ ਕਰਕੇ ਭਾਈ ਸਾਹਿਬ ਦੀ ਅਧਿਆਪਕ ਵਰਗ ਦੇ ਮਨਾਂ ਵਿੱਚ ਇੱਕ ਉੱਚੀ ਅਤੇ ਸੁੱਚੀ ਥਾਂ ਬਣਾ ਲਈ ਸੀ।

ਜਿਸ ਸਦਕਾ 1 ਜਨਵਰੀ 1926 ਨੂੰ ਭਾਈ ਜੋਧ ਸਿੰਘ ਨੂੰ ਪੰਜਾਬ ਯੂਨੀਵਰਸਿਟੀ ਦਾ ਸੈਨੇਟਰ ਨਿਯੁਕਤ ਕੀਤਾ ਗਿਆ। ਸੈਨੇਟਰ ਵਜੋਂ ਭਾਈ ਸਾਹਿਬ ਨੇ ਪੰਜਾਬ ਦੇ ਵਿਦਿਅਕ ਢਾਂਚੇ ਨੂੰ ਸੰਵਾਰਨ ਲਈ ਬਹੁਤ ਘਾਲਣਾ ਘਾਲੀ। ਭਾਈ ਸਾਹਿਬ ਨੇ ਸਿੱਖਾਂ ਦੇ ਹਿੱਤਾਂ ਨੂੰ ਅਤੇ ਪੰਜਾਬੀ ਦੀ ਪੜਾਈ ਨੂੰ ਯੋਗ ਸਥਾਨ ਦਿਵਾਉਣ ਦਾ ਬੀੜਾ ਬੜੀ ਸੰਜ਼ਦਗੀ ਨਾਲ ਚੁੱਕਿਆ।

## 4.4 ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰਿੰਸੀਪਲ

ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ, ਸਰਦਾਰ ਬਹਾਦਰ ਬਿਸ਼ਨ ਸਿੰਘ ਜੀ ਦੇ ਸੇਵਾ ਮੁਕਤ ਹੋਣ ਦਾ ਸਮਾਂ ਨਜ਼ਦੀਕ ਆਇਆ ਤਾਂ 14 ਜੂਨ 1936 ਨੂੰ ਕਾਲਜ ਦੀ ਮੈਨੇਜਿੰਗ ਕਮੇਟੀ ਨੇ ਬਿਸ਼ਨ ਸਿੰਘ ਜੀ ਦੀ ਥਾਂ ਭਾਈ ਜੋਧ ਸਿੰਘ ਜੀ ਨੂੰ ਸਰਬ ਸੰਮਤੀ ਨਾਲ ਪ੍ਰਿੰਸੀਪਲ ਲਗਾਉਣ ਦਾ ਫੈਸਲਾ ਕਰ ਲਿਆ। 28 ਸਤੰਬਰ 1936 ਨੂੰ ਭਾਈ ਜੋਧ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਦੇ ਅਹੁਦੇ ਤੇ ਨਿਯੁਕਤ ਹੋਏ। ਇਹ ਸਮਾਂ ਬਹੁਤ ਔਕੜਾਂ ਭਰਿਆ ਸੀ। ਸਿੱਖ ਦੋ ਧੜਿਆ ਵਿੱਚ ਵੰਡੇ ਜਾ ਚੁੱਕੇ ਸਨ। ਜਨਵਰੀ 1937 ਵਿਚ ਚੋਣਾਂ ਹੋਣ ਵਾਲੀਆਂ ਸਨ। ਇੱਕ ਧੜਾ ਸਰਦਾਰ ਸੁੰਦਰ ਸਿੰਘ ਮਜੀਠੀਆਂ ਦੀ ਸਰਪਰਸਤੀ ਥੱਲੇ ਸਰਕਾਰ ਨਾਲ ਮਿਲ ਕੇ ਚੱਲਣ ਵਾਲਿਆਂ ਦਾ ਸੀ, ਦੂਸਰਾ ਧੜਾ ਅਕਾਲੀਆਂ ਨੇ ਤੇਜਾ ਸਿੰਘ ਅਕਰਪੁਰੀ ਨੂੰ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਵਜੋਂ ਖੜਾ ਕੀਤਾ ਹੋਇਆ ਸੀ। ਸਰਦਾਰ ਸੁੰਦਰ ਸਿੰਘ ਖਾਲਸਾ ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਹੋਣ ਕਾਰਣ ਕਾਲਜ ਦੋਹਾਂ ਧਿਰਾਂ ਦਾ ਅਖਾੜਾ ਬਣਿਆ ਹੋਇਆ ਸੀ। ਇਸ ਕਰਕੇ ਕਾਲਜ ਵਿੱਚ ਹੜਤਾਲਾਂ ਦਾ ਦੌਰ ਜਾਰੀ ਸੀ। ਭਾਈ ਜੋਧ ਸਿੰਘ ਜੀ ਦੇ ਠਰੰਮੇ ਅਤੇ ਅਡੋਲ ਸੁਭਾਅ ਨੇ ਇਸ ਸਭ ਨੂੰ ਬੜੇ ਵਧੀਆ ਤਰੀਕੇ ਨਾਲ ਨਜਿੱਠਿਆ। ਖਾਲਸਾ ਕਾਲਜ ਅੰਮ੍ਰਿਤਸਰ ਲਈ ਭਾਈ ਜੋਧ ਸਿੰਘ ਜੀ ਦਾ ਪ੍ਰਿੰਸੀਪਲ ਬਣਨਾ ਇੱਕ ਵਰਦਾਨ ਸਾਬਤ ਹੋਇਆ। ਭਾਈ ਸਾਹਿਬ ਦੇ ਸਮੇਂ ਕਾਲਜ ਹਰ ਪੱਖੋਂ (ਪੜ੍ਹਾਈ, ਖੇਡਾਂ, ਸਿਵਿਲ ਅਤੇ ਫੌਜੀ ਅਫ਼ਸਰ ਪੈਦਾ ਕਰਨ ਵਿੱਚ) ਚੜ੍ਹਦੀ ਕਲਾ ਵਿਚ ਰਿਹਾ। ਡਾ. ਪਿਆਰ ਸਿੰਘ ਅਨੁਸਾਰ, "ਗੌਰਮਿੰਟ ਕਾਲਜ, ਲਾਹੌਰ ਦੇ ਮੁਕਾਬਲੇ ਤੇ ਇਹ ਕਾਲਜ ਗਰੀਬ ਵਿਦਿਆਰਥੀਆਂ ਦੀ ਓਟ ਤੇ ਨਿਆਸਰਿਆਂ ਦਾ ਆਸਰਾ ਬਣਿਆ ਹੋਇਆ ਸੀ। ਇੱਥੇ ਹਰ ਲੋੜਵੰਦ ਨੂੰ ਬਣਦੀ ਸਹਾਇਤਾ ਮਿਲ ਜਾਂਦੀ ਤੇ ਉਹ ਉੱਚ ਵਿਦਿਆ ਪ੍ਰਾਪਤ ਕਰਨ ਦੇ ਯੋਗ ਹੋ ਜਾਂਦਾ। 1 ਜਨਵਰੀ 1943 ਨੂੰ ਵਿਦਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕਰਨ ਤੇ ਗੌਰਮਿੰਟ ਔਫ ਇੰਡੀਆ ਨੇ ਭਾਈ ਜੋਧ ਸਿੰਘ ਨੂੰ "ਸਰਦਾਰ ਬਹਾਦਰ" ਦਾ ਖਿਤਾਬ ਦਿੱਤਾ ਗਿਆ। ਇਸ ਤਰ੍ਹਾਂ ਕਾਲਜ ਵਿਚ ਪੜ੍ਹੇ ਹੋਏ ਵਿਦਿਆਰਥੀ, ਫੌਜ ਵਿਚ ਸੈਨਿਕ ਅਫ਼ਸਰ ਭਰਤੀ ਹੋਏ। ਇਹ ਕੰਮ ਭਾਵੇਂ ਉਸ ਵੇਲੇ ਕਾਂਗਰਸ ਦੀ ਨੀਤੀ ਦੇ ਵਿਰੁੱਧ ਸੀ ਪਰ ਭਾਈ ਸਾਹਿਬ ਦੀ ਦੂਰਦ੍ਰਿਸ਼ਟੀ ਸੀ। ਅਜ਼ਾਦ ਭਾਰਤ ਵਿੱਚ ਭਾਰਤ ਨੂੰ ਤਜ਼ਰਬੇਕਾਰ, ਜਾਨਬਾਜ ਅਤੇ ਸਿਖਲਾਈ ਪ੍ਰਾਪਤ ਸੈਨਿਕ ਅਫਸਰ ਵੱਡੀ ਗਿਣਤੀ ਵਿੱਚ ਪ੍ਰਾਪਤ ਹੋਏ।

ਸਿੱਖਿਆ ਪ੍ਰਾਪਤ ਲਈ ਜੋ ਸੰਘਰਸ਼ ਭਾਈ ਸਾਹਿਬ ਨੇ ਕੀਤਾ ਉਸ ਤੋਂ ਉਹਨਾਂ ਦਾ ਵਿਦਿਆ ਪ੍ਰਤੀ ਪ੍ਰੇਮ ਪ੍ਰਕਾਸ਼ਿਤ ਹੁੰਦਾ ਹੈ। ਭਾਈ ਸਾਹਿਬ ਕੁੜੀਆਂ ਅਤੇ ਮੁੰਡਿਆਂ ਦੋਹਾਂ ਲਈ ਵਿਦਿਆ ਪ੍ਰਾਪਤੀ ਦੇ ਹੱਕ ਵਿੱਚ ਸਨ। ਉਸ ਸਮੇਂ ਵਿਦਿਆ ਦਾ ਮਾਧਿਅਮ ਅੰਗਰੇਜ਼ੀ ਅਤੇ ਉਰਦੂ ਸੀ। ਪੰਜਾਬੀ ਅਤੇ ਹਿੰਦੀ ਦੀ ਪੜ੍ਹਾਈ ਦਾ ਪ੍ਰਬੰਧ ਹਿੰਦੂ ਅਤੇ ਸਿੱਖ

ਵਿਦਿਆਲੇ ਨਿਜੀ ਤੌਰ ਤੇ ਕਰਦੇ ਸਨ। ਕਚਹਿਰੀਆਂ ਵਿੱਚ ਵੀ ਉਰਦੂ ਜਾਂ ਅੰਗਰੇਜ਼ੀ ਦਾ ਬੋਲ-ਬਾਲਾ ਸੀ। ਸੂਬੇ ਵਿੱਚ ਜਦੋਂ ਹਿੰਦੂ ਅਤੇ ਸਿੱਖ ਸਕੂਲ ਵੱਡੀ ਗਿਣਤੀ ਵਿੱਚ ਖੁੱਲ ਗਏ ਤਾਂ ਹਿੰਦੂਆਂ ਅਤੇ ਸਿੱਖਾਂ ਵਲੋਂ ਮੰਗ ਕਰਨ ਤੇ ਦਸਵੀਂ ਤੱਕ ਹਿੰਦੀ ਅਤੇ ਪੰਜਾਬੀ ਨੂੰ ਵੀ ਚੋਣਵੇਂ ਵਿਸ਼ੇ ਵਜੋਂ ਪੜਾਏ ਜਾਣ ਦੀ ਮਾਨਤਾ ਮਿਲ ਗਈ। ਭਾਈ ਸਾਹਿਬ ਤੇ ਉਹਨਾਂ ਦੇ ਹਮ-ਖਿਆਲੀ ਭਾਸ਼ਾ ਪ੍ਰੇਮੀਆਂ ਦੀ ਇਹ ਮਹਾਨ ਪ੍ਰਾਪਤੀ ਸੀ। ਹਿੰਦੀ, ਪੰਜਾਬੀ ਅਤੇ ਉਰਦੂ ਨੂੰ ਹਰਮਨ ਪਿਆਰਾ ਵਿਸ਼ਾ ਬਣਾਉਣ ਲਈ ਭਾਈ ਸਾਹਿਬ ਨੇ ਜਿਸ ਸੂਝ ਦਾ ਪਰਿਚੈ ਦਿੱਤਾ ਉਹ ਸਲਾਘਾਯੋਗ ਹੈ। ਗਿਆਨੀ, ਪ੍ਰਭਾਕਰ ਤੇ ਅਦੀਬਿ ਫਾਜਿਲ ਵਾਲੇ ਵਿਦਿਆਰਥੀ ਹੁਣ ਅੰਗ੍ਰੇਜ਼ੀ ਪਾਸ ਕਰਨ ਤੇ ਇਕ ਹੋਰ ਵਿਸ਼ੇ ਦੀ ਪਰੀਖਿਆ ਪਾਸ ਕਰਕੇ ਪੂਰੀ ਡਿਗਰੀ ਲੈਣ ਦਾ ਹੱਕਦਾਰ ਬਣ ਸਕਦਾ ਸੀ। ਇਸ ਤਰ੍ਹਾਂ ਅੰਗਰੇਜ਼ੀ ਦੇ ਨਾਲ ਕੋਈ ਵੀ ਚੋਣਵਾਂ ਵਿਸ਼ਾ ਵੱਖ-ਵੱਖ ਸਾਲਾਂ ਵਿਚ ਪਾਸ ਕਰਕੇ ਬੀ.ਏ. ਦੀ ਡਿਗਰੀ ਦਾ ਹੱਕਦਾਰ ਹੋਣ ਲੱਗਾ। ਇਸ ਵਿਵਸਥਾ ਨੂੰ ਸ਼ੁਰੂ ਕਰਵਾਉਣ ਵਿੱਚ ਭਾਈ ਜੋਧ ਸਿੰਘ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਉੱਚ ਸਿੱਖਿਆ ਦੇ ਖੇਤਰ ਵਿੱਚ ਇਹ ਬਹੁਤ ਵੱਡਾ ਮੀਲ ਪੱਥਰ ਸਾਬਤ ਹੋਇਆ। ਜੋ ਵਿਦਿਆਰਥੀ ਕਾਲਜ ਵਿੱਚ ਦਾਖਲਾ ਲੈ ਕੇ ਨਹੀ ਪੜ ਸਕਦੇ ਸਨ ਉਹ ਇਸ ਤਰੀਕੇ ਨਾਲ ਉੱਚ ਵਿਦਿਆ ਪ੍ਰਾਪਤ ਕਰਕੇ ਸਮਾਜ ਵਿੱਚ ਅਹਿਮ ਯੋਗਦਾਨ ਪਾਉਣ ਲੱਗੇ।

ਭਾਰਤ-ਪਾਕਿ ਵੰਡ ਦਾ ਸਮਾਂ ਬਹੁਤ ਖ਼ਤਰਨਾਕ ਸੀ। ਜਦੋਂ ਫਸਾਦਾਂ ਦੀ ਅੱਗ ਭੜਕੀ ਤਾਂ ਭਾਈ ਸਾਹਿਬ ਨੇ ਕਾਲਜ ਅਤੇ ਵਿਦਿਆਰਥੀਆਂ ਦੀ ਰੱਖਿਆ ਲਈ ਯੋਗ ਪ੍ਰਬੰਧ ਕੀਤੇ। ਕਈ ਲੋਕ ਘਰਾਂ ਚੋਂ ਨਿਕਲ ਕੇ ਖਾਲਸਾ ਕਾਲਜ ਆ ਗਏ ਤਾਂ ਭਾਈ ਸਾਹਿਬ ਨੇ ਉਹਨਾਂ ਦੇ ਲਈ ਲੰਗਰ ਅਤੇ ਰਿਹਾਇਸ਼ ਦੀ ਵਿਵਸਥਾ ਕੀਤੀ। 1947 ਵਿੱਚ ਜਿਹੜੇ ਲੋਕ ਪਾਕਿਸਤਾਨ ਤੋਂ ਆਏ ਉਹਨਾਂ ਲਈ ਖਾਲਸਾ ਕਾਲਜ ਅੰਮ੍ਰਿਤਸਰ ਸ਼ਰਨਾਰਥੀ ਕੈਂਪ ਬਣ ਚੁੱਕਾ ਸੀ। ਇਸ ਨਾਜ਼ੁਕ ਸਮੇਂ ਵਿੱਚ ਭਾਈ ਸਾਹਿਬ ਨੇ 2 ਦਸੰਬਰ 1947 ਤੋਂ 3 ਜਨਵਰੀ 1948 ਤੱਕ ਸ਼ਰਨਾਰਥੀ ਕੈਂਪ ਦੇ ਕਮਾਂਡੈਂਟ ਵਜੋਂ ਡਿਊਟੀ ਨਿਭਾਈ। ਹੁਣ ਤੱਕ ਖਾਲਸਾ ਕਾਲਜ ਅੰਮ੍ਰਿਤਸਰ ਦੇ ਇਤਿਹਾਸ ਵਿਚ ਪ੍ਰਿੰਸੀਪਲ ਦੇ ਅਹੁਦੇ ਤੇ ਰਹਿਣ ਦਾ ਸਭ ਤੋਂ ਲੰਬਾ ਸਮਾਂ (16 ਸਾਲ) ਭਾਈ ਜੋਧ ਸਿੰਘ ਹੁਰਾਂ ਦੇ ਹਿੱਸੇ ਆਇਆ ਹੈ। ਸਫਲ ਅਤੇ ਸ਼ਕਤੀਸਾਲੀ ਵਿਅਕਤੀਤਵ ਦੇ ਧਨੀ ਭਾਈ ਜੋਧ ਸਿੰਘ ਫਰਵਰੀ 1952 ਵਿਚ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਸੇਵਾ-ਮੁਕਤ ਹੋਣ ਸਮੇਂ ਭਾਈ ਜੋਧ ਸਿੰਘ ਹੁਰਾਂ ਦੀ ਉਮਰ ਲਗਭਗ 70 ਸਾਲ ਦੀ ਸੀ।

ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਕੇ ਭਾਈ ਜੋਧ ਸਿੰਘ ਲੁਧਿਆਣੇ ਵਿਖੇ ਆਪਣੇ ਘਰ ਰਹਿਣ ਦਾ ਮਨ ਬਣਾ ਚੁੱਕੇ ਸਨ। ਭਾਈ ਜੋਧ ਸਿੰਘ ਜੀ ਦੇ ਚਿਰਕਾਲੀ ਮਿੱਤਰ ਡਾ. ਭਾਈ ਵੀਰ ਸਿੰਘ ਜੀ ਨੇ ਆਪ ਜੀ ਨੂੰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਰਹਿਣ ਦੀ ਪੁਰਜ਼ੋਰ ਅਪੀਲ ਕੀਤੀ ਪਰ ਆਪ ਨੇ ਇਸਨੂੰ ਅਸਵੀਕਾਰ ਕਰ ਦਿੱਤਾ। 31 ਮਈ 1952 ਨੂੰ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਵਿਦਾ ਲੈ ਕੇ ਲੁਧਿਆਣੇ, ਮਾਡਲ ਟਾਊਨ ਕੋਠੀ ਨੰਬਰ 496 ਵਿੱਚ ਚਲੇ ਗਏ। 1952 ਵਿਚ ਹੀ ਪੰਜਾਬ ਵਿਧਾਨ ਪਰਿਸ਼ਦ ਦੀ ਚੋਣ ਭਾਈ ਜੋਧ ਸਿੰਘ ਨੇ ਗ੍ਰੇਜੂਏਟ ਹਲਕੇ ਤੋਂ ਸ਼ੋਸ਼ਿਲਿਸਟ ਟਿਕਟ ਤੇ ਹੀ ਲੜੀ ਅਤੇ ਇਸਨੂੰ ਜਿੱਤਿਆ। "ਪੰਜਾਬੀ ਬੋਲੀ ਅਤੇ ਲਿਪੀ ਦੇ ਡਟਵੇਂ ਰਖਵਾਲੇ ਤੇ ਆਧੁਨਿਕ ਪੰਜਾਬੀ ਸਾਹਿਤ ਦੇ ਉਸਰਈਏ" ਆਦਿ ਵਿਸ਼ੇਸ਼ਣਾਂ ਨਾਲ ਭਾਈ ਸਾਹਿਬ ਨੂੰ ਯਾਦ ਕੀਤਾ ਜਾਂਦਾ ਹੈ। ਸੰਨ 1949 ਵਿਚ ਭਾਈ ਸਾਹਿਬ ਨੇ ਵਿਰੋਧ ਦੇ ਚਲਦਿਆਂ ਵੀ ਪੰਜਾਬ ਯੂਨੀਵਰਸਿਟੀ (ਸੋਲਨ) ਪਾਸੋਂ ਐਮ.ਏ. (ਪੰਜਾਬੀ) ਸ਼ੁਰੂ ਕਰਵਾਈ। ਜਿਸਦਾ ਪਹਿਲਾਂ ਇਮਤਿਹਾਨ 1951 ਵਿੱਚ ਹੋਇਆ। 1951 ਵਿੱਚ ਹੀ ਗੋਰਮਿੰਟ ਕਾਲਜ ਲੁਧਿਆਣਾ ਵਿੱਚ ਐੱਮ.ਏ. (ਪੰਜਾਬੀ) ਦਾ ਪ੍ਰਬੰਧ ਕੀਤਾ, ਉਦੋਂ ਉਥੇ ਡਾ. ਸ਼ੇਰ ਸਿੰਘ ਮੁਖੀ ਸਨ। ਇਨ੍ਹਾਂ ਸਾਰੇ ਯਤਨਾਂ ਦਾ ਨਤੀਜਾ 24 ਅਕਤੂਬਰ 1954 ਨੂੰ ਮਿਲਿਆ ਜਦੋਂ ਭਾਈ ਸਾਹਿਬ ਜੀ ਦੇ ਸਹਿਯੋਗ ਨਾਲ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਹੋਈ। ਦਸੰਬਰ 1967 ਵਿਚ ਜਦੋਂ ਬੰਬਈ ਵਿੱਚ ਪੰਜਾਬੀ ਕਾਨਫਰੰਸ ਹੋਈ ਤਾਂ ਭਾਈ ਜੋਧ ਸਿੰਘ ਜੀ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਲਈ ਕੀਤੀ ਗਈ ਸੇਵਾ ਲਈ ਅਕਾਡਮੀ ਦੀ ਫੈਲੋਸ਼ਿਪ ਪ੍ਰਦਾਨ ਕੀਤੀ ਗਈ।

### 4.5 ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਹਿਲੇ ਉਪ-ਕੁਲਪਤੀ

ਪੰਜਾਬ ਯੂਨੀਵਰਸਿਟੀ ਨੇ ਭਾਈ ਜੋਧ ਸਿੰਘ ਜੀ ਨੂੰ ਪੰਜਾਬੀ ਯੂਨੀਵਰਸਿਟੀ ਦੇ ਸਥਾਪਿਤ ਹੋਣ ਤੋਂ ਪਹਿਲਾਂ 23 ਦਸੰਬਰ 1961 ਨੂੰ ਵਿਦਿਆ ਦੇ ਖੇਤਰ ਵਿਚ ਕੀਤੀ 54 ਸਾਲਾਂ ਦੀ ਅਣਥੱਕ ਮਿਹਨਤ ਨੂੰ ਦੇਖਦਿਆਂ ਡਾਕਟਰ ਔਫ ਫਿਲਾਸਫੀ (ਸ਼ੀ.ਣ) ਦੀ ਸੰਮਾਨ ਸੂਚਕ ਡਿਗਰੀ ਪ੍ਰਦਾਨ ਕਰਦਿਆਂ ਆਪਣੇ ਰਿਣ ਦਾ ਪ੍ਰਗਟਾਵਾ ਜਾਹਿਰ ਕੀਤਾ। ਪੰਜਾਬ ਮਸਲਿਆਂ ਨੂੰ ਹੱਲ ਕਰਨ ਲਈ ਜੋ ਡੈਪੂਟੇਸ਼ਨ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਮਿਲਿਆ ਉਸ ਵਿੱਚ ਭਾਈ ਜੋਧ ਸਿੰਘ ਵੀ ਸਨ। 5 ਅਗਸਤ 1960 ਨੂੰ ਪੰਜਾਬੀ ਨੂੰ ਉੱਚ ਪੱਧਰ ਤੇ ਲਿਜਾਣ ਵਾਸਤੇ ਇੱਕ ਨਵੀਂ ਯੂਨੀਵਰਸਿਟੀ ਦੀ ਹੋਂਦ ਲਈ ਇਕ ਕਮਿਸ਼ਨ ਬਣਾਇਆ ਜਿਸਦੇ ਪ੍ਰਧਾਨ ਮਹਾਰਾਜਾ ਪਟਿਆਲਾ ਯਾਦਵੇਂਦਰ ਸਿੰਘ ਅਤੇ ਮੀਤ ਪ੍ਰਧਾਨ ਅਤੇ ਕਨਵੀਨਰ ਭਾਈ ਜੋਧ ਸਿੰਘ ਸਨ। ਕਮਿਸ਼ਨ ਦੀ ਰਿਪੋਰਟ ਉੱਤੇ 30 ਅਪ੍ਰੈਲ 1962 ਨੂੰ ਪੰਜਾਬੀ ਯੂਨੀਵਰਸਿਟੀ ਸਥਾਪਿਤ ਕਰ ਦਿੱਤੀ ਗਈ। 24 ਜੂਨ 1962 ਨੂੰ ਭਾਰਤ ਦੇ ਦੂਸਰੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਨੇ ਪੰਜਾਬੀ ਯੂਨੀਵਰਸਿਟੀ ਦਾ ਉਦਘਾਟਨ ਕੀਤਾ। ਪੰਜਾਬੀ ਯੂਨੀਵਰਸਿਟੀ ਦਾ ਪਹਿਲਾ ਕੁਲਪਤੀ ਭਾਈ ਜੋਧ ਸਿੰਘ ਜੀ ਨੂੰ ਨਿਯੁਕਤ ਕੀਤਾ ਗਿਆ। ਉਸ ਵੇਲੇ ਭਾਈ ਸਾਹਿਬ ਦੀ ਉਮਰ 80 ਸਾਲ ਸੀ। ਕੁਲਪਤੀ ਵਜੋਂ ਭਾਈ ਸਾਹਿਬ ਨੇ ਯੂਨੀਵਰਸਿਟੀ ਵਿੱਚ 3 ਸਾਲ ਲਈ ਮਾਰਗਦਰਸ਼ਨ ਕੀਤਾ। ਭਾਈ ਸਾਹਿਬ ਦੇ ਲਏ ਗਏ ਮਹੱਤਵਪੂਰਨ ਫੈਸਲਿਆਂ ਵਿਚੋਂ ਯੂਨੀਵਰਸਿਟੀ ਲਈ ਸਥਾਨ ਦੀ ਚੋਣ, ਲੋੜੀਦੀ ਭੂਮੀ ਦੀ ਪ੍ਰਾਪਤੀ, ਇਮਾਰਤਾਂ ਦੀ ਉਸਾਰੀ ਲਈ ਪੂਰਵ ਯੋਜਨਾ, ਪੰਜਾਬੀ ਦੇ ਵਿਕਾਸ ਲਈ ਮਹੱਤਵਪੂਰਨ ਵਿਭਾਗਾਂ ਦੀ ਸਥਾਪਨਾ ਆਂਤਰਿਕ ਮੁਲਾਂਕਣ ਦੀ ਪ੍ਰਣਾਲੀ ਚਲਾਉਣਾ ਆਦਿ ਸੀ। ਇਹਨਾਂ ਯੋਜਨਾਵਾਂ ਨੂੰ ਸਿਰੇ ਚੜਾਇਆ ਅਤੇ ਹੋਰ ਵੀ ਬਹੁਤ ਮਹੱਤਵਪੂਰਨ ਫੈਸਲੇ ਜੋ ਯੂਨੀਵਰਸਿਟੀ ਦੇ ਹਿੱਤ ਵਿੱਚ ਲਏ ਸਨ। 30 ਅਪ੍ਰੈਲ 1965 ਨੂੰ ਤਿੰਨ ਸਾਲ, ਪੰਜਾਬੀ ਯੂਨੀਵਰਸਿਟੀ ਦੇ ਸੇਵਾ ਕਰਨ ਉਪਰੰਤ ਸੇਵਾ ਮੁਕਤ ਹੋ ਕੇ ਆਪਣੇ ਘਰ 496, ਮਾਡਲ ਟਾਊਨ ਲੁਧਿਆਣਾ ਵਿਖੇ ਆ ਗਏ। ਆਪਣੀ ਦਿਨਚਰਯਾ ਵਿੱਚ ਕੋਈ ਫਰਕ ਨਹੀ ਆਉਣ ਦਿੱਤਾ। ਪੰਜਾਬੀ ਯੂਨੀਵਰਸਿਟੀ ਭਾਈ ਸਾਹਿਬ ਦੇ ਸੇਵਾ ਮੁਕਤ ਹੋਣ ਤੋਂ ਬਾਅਦ ਵੀ ਇਹਨਾਂ ਦੀਆਂ ਸੇਵਾਵਾਂ ਦਾ ਲਾਭ ਉਠਾਉਂਦੀ ਰਹੀ। 1967 ਵਿਚ ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਦੋ ਸਾਲ ਔਨਰੇਰੀ ਪ੍ਰੋਫੈਸਰਸ਼ਿਪ ਮਿਲੀ।

## 4.6 ਸਾਹਿਤਕ ਰਚਨਾ

ਭਾਈ ਜੋਧ ਸਿੰਘ ਜੀ ਦੇ ਵਿਅਕਤੀਤਵ ਅਤੇ ਵਿਦਿਆ ਦੇ ਖੇਤਰ ਵਿੱਚ ਕੀਤੇ ਕੰਮਾਂ ਨੂੰ ਧਿਆਨ ਵਿਚ ਰੱਖਦਿਆਂ ਉਸ ਸਮੇਂ ਭਾਰਤ ਦੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਨੇ ਭਾਈ ਸਾਹਿਬ ਨੂੰ "ਪਦਮ ਭੂਸ਼ਣ" ਨਾਲ ਸੁਸ਼ੋਭਿਤ ਕੀਤਾ।

ਭਾਈ ਸਾਹਿਬ ਸੇਵਾ-ਮੁਕਤ ਜੀਵਨ ਵਿੱਚ ਵੀ ਕਿਰਿਆਸ਼ੀਲ ਰਹੇ। ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਲੋਕਾਂ ਦੇ ਪ੍ਰਸ਼ਨਾਂ ਦੇ ਉੱਤਰ ਅਤੇ ਸਮੱਸਿਆਵਾਂ ਦੇ ਹੱਲ ਲਈ ਤਤਪਰ ਰਹਿੰਦੇ ਸਨ। ਡਾ. ਲੇਲਿਨ ਅਤੇ ਡਾ. ਮੈਕਲਊਡ ਤੇ ਕਦੀ ਸ. ਉੱਜਲ ਸਿੰਘ ਜਾਂ ਕਿਸੇ ਵੀ ਸੱਜਣ ਵੱਲੋਂ ਕੋਈ ਪ੍ਰਸ਼ਨ ਹੁੰਦਾ ਉਸਨੂੰ ਹੱਲ ਕਰਦੇ।

ਜਨਵਰੀ 1910 ਵਿੱਚ ਭਾਈ ਸਾਹਿਬ ਦੀ ਸਭ ਤੋਂ ਪਹਿਲੀ ਰਚਨਾ ਜੱਥੇਬੰਦੀ ਹੈ ਜੋ 42 ਪੰਨਿਆਂ ਦੀ ਹੈ। ਭਾਈ ਸਾਹਿਬ ਦਾ ਲੇਖ "ਸਿੱਖੀ ਪੁਰ ਵਯਾਖਯਾਨ" 1910 ਵਿੱਚ ਛੱਪਿਆ। 'ਸਿੱਖੀ ਕੀ ਹੈ' ਇਹ ਪੁਸਤਕ 1911 ਵਿਚ ਛਪੀ। 'ਗੁਰੂ ਸਾਹਿਬ ਅਤੇ ਵੇਦ' ਪੁਸਤਕ 6 ਜੂਨ 1911 ਨੂੰ ਪ੍ਰਕਾਸ਼ਿਤ ਹੋਈ।

'ਟੀਕਾ ਜਪੁਜੀ ਸਾਹਿਬ' 30 ਅਕਤੂਬਰ 1911 ਨੂੰ ਪ੍ਰਕਾਸ਼ਿਤ ਹੋਇਆ। 'ਭਗਤੀ ਰਤਨਾਕਰ' (ਭਗਤ ਬਾਣੀ ਸਟੀਕ) ਲਗਭਗ 500 ਪੰਨਿਆਂ ਦੀ ਇਹ ਪੁਸਤਕ 3 ਨਵੰਬਰ 1913 ਨੂੰ ਪੂਰੀ ਹੋਈ, 1957 ਵਿੱਚ ਇਸਦਾ ਚੌਥਾ ਸੰਸਕਰਣ ਛਪਿਆ। 'ਗੁਰਮਤਿ ਨਿਰਣਯ' ਸਭ ਤੋਂ ਮਾਨਤਾ ਪ੍ਰਾਪਤ ਇਸ ਪੁਸਤਕ ਦਾ ਪਹਿਲਾਂ ਸੰਸਕਰਣ ਅਕਤੂਬਰ 1932 ਵਿੱਚ ਪ੍ਰਕਾਸ਼ਿਤ ਹੋਇਆ। ਭਾਈ ਸਾਹਿਬ ਦਾ ਹੋਰ ਵੀ ਬਹੁਤ ਸਾਰੀਆਂ ਪੁਸਤਕਾਂ ਹਨ ਜਿੰਨ੍ਹਾਂ ਵਿਚੋਂ 'ਪ੍ਰਾਚੀਨ ਬੀੜਾ ਬਾਰੇ ਭੁਲਾਂ ਦੀ ਸੋਧਨ', 'ਸਿੱਖ ਗੁਰੂ ਸਾਹਿਬਾਨ ਦੇ ਭਾਈਚਾਰਕ ਲਕਸ਼', 'ਗੁਰੂ ਨਾਨਕ ਸਿਮਰਤੀ ਵਿਆਖਿਆਨ',

'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ', 'ਗੁਰੂ ਨਾਨਕ ਜੀ ਦੀ ਸਿੱਖਿਆ', 'ਸੁਲਤਾਨਪੁਰ ਦਾ ਸੰਦੇਸ਼', 'ਗੁਰੂ ਨਾਨਕ ਮਤ ਦਰਪਣ', 'ਗੁਰੂ ਨਾਨਕ ਬਾਣੀ', 'ਕਬੀਰ-ਜੀਵਨ ਤੇ ਸਿਖਿਆ', 'ਸਿੱਧ ਗੋਸਟਿ-ਇਕ ਅਧਿਐਨ', 'ਭਗਤ ਰਵਿਦਾਸ-ਜੀਵਨੀ ਤੇ ਰਚਨਾ', 'ਭਗਤ ਨਾਮਦੇਵ ਤਥਾ ਹੋਰ ਭਗਤ', 'ਬਾਣੀ ਭਗਤ ਕਬੀਰ ਜੀ ਸਟੀਕ' ਆਦਿ ਹੋਰ ਵੀ ਕਈ ਰਚਨਾਵਾਂ ਸੰਪਾਦਿਤ ਪੁਸਤਕਾਂ ਅਤੇ ਲੇਖ ਹਨ। ਕੁਝ ਰਚਨਾਵਾਂ ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਹਨ।

## 4.7 ਅਕਾਲ ਚਲਾਣੇ ਦੀ ਸੂਚਨਾ

4 ਦਸੰਬਰ 1981 ਨੂੰ ਸਵੇਰੇ 2 ਵਜੇ ਭਾਈ ਜੋਧ ਸਿੰਘ ਜੀ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਅਕਾਲ ਚਲਾਣੇ ਦੀ ਖਬਰ ਸਵੇਰੇ ਆਲ ਇੰਡੀਆ ਰੇਡੀਓ ਦੇ ਜਲੰਧਰ ਸਟੇਸ਼ਨ ਤੋਂ ਪ੍ਰਸਾਰਿਤ ਹੋਈ। ਵਿਦਿਅਕ, ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਦੇ ਨੁਮਾਇੰਦੇ ਭਾਈ ਸਾਹਿਬ ਨੂੰ ਸਰਧਾਂਜ਼ਲੀ ਦੇਣ ਵਾਸਤੇ ਲੁਧਿਆਣੇ ਪਹੁੰਚੇ। ਪੰਜਾਬ ਸਰਕਾਰ ਨੇ ਪੂਰੇ ਸਰਕਾਰੀ ਸਨਮਾਨ ਨਾਲ ਦੁਪਹਿਰ ਢਾਈ ਵਜੇ ਲੁਧਿਆਣੇ ਦੇ ਮਾਡਲ ਟਾਊਨ ਸ਼ਮਸ਼ਾਨ ਘਾਟ ਵਿਚ ਅੰਤਿਮ ਸੰਸਕਾਰ ਕੀਤਾ ਗਿਆ।

ਭਾਈ ਸਾਹਿਬ ਜੀ ਦੇ ਦੋ ਸਪੁੱਤਰਾਂ ਵਿਚੋਂ ਛੋਟਾ ਹਰਬੰਸ ਸਿੰਘ ਐਮ.ਐਸ.ਸੀ ਕਰਦਾ ਹੋਇਆ 22 ਸਾਲ ਦੀ ਉਮਰ ਵਿਚ 1938 ਨੂੰ ਅਕਾਲ ਚਲਾਣਾ ਕਰ ਗਿਆ ਸੀ। ਵੱਡਾ ਪੁੱਤਰ ਸਰਦਾਰ ਸੁੰਦਰ ਸਿੰਘ ਐਮ.ਏ.ਐਲ.ਐਲ.ਬੀ. ਕਈ ਅਹੁਦਿਆਂ ਤੇ ਰਹੇ। ਉਹ ਤਹਸੀਲਦਾਰ, ਮਾਲ ਅਫਸਰ, ਡਿਪਟੀ ਕਮਿਸ਼ਨਰ ਅਤੇ ਉੱਚ-ਪਾਇ ਦੇ ਸਕੱਤਰ ਰਹੇ। ਪਰ ਭਾਈ ਸਾਹਿਬ ਨੇ ਕਦੇ ਕਿਸੇ ਅਯੋਗ ਢੰਗ ਨਾਲ ਮਾਇਆ ਇਕੱਠੀ ਕਰਨ ਦਾ ਯਤਨ ਨਹੀ ਕੀਤਾ ਅਤੇ ਨਾ ਹੀ ਉਹਨਾਂ ਦੇ ਸਪੁੱਤਰ ਨੇ ਹੀ ਇਹ ਕੰਮ ਕੀਤਾ। ਭਾਈ ਸਾਹਿਬ ਦੇ ਪੋਤਰੇ ਤੇ ਤੇਜਇੰਦਰ ਸਿੰਘ ਅਤੇ ਤੇਜਵੀਰ ਸਿੰਘ ਉਹਨਾਂ ਦੀ ਰਾਹ ਤੇ ਹੀ ਤੁਰਦੇ ਦਿਸਦੇ ਹਨ।

ਭਾਈ ਸਾਹਿਬ ਪੰਜਾਬੀ ਯੂਨੀਵਰਸਿਟੀ ਦੇ ਕੁਲਪਤੀ ਵਜੋਂ ਜਦੋਂ ਅਹੁਦਾ ਸੰਭਾਲਿਆ ਤਾਂ ਉਹਨਾਂ ਦੀ ਤਨਖਾਹ 2500/ਰੁਪਏ ਮਹੀਨਾ ਸੀ। ਉਹਨਾਂ ਨੂੰ ਇਹ ਜ਼ਿਆਦਾ ਲੱਗਿਆ ਤਾਂ ਇੱਕ ਕਮੇਟੀ ਬਣਾ ਕੇ ਅੱਧੀ ਤਨਖਾਹ ਗਰੀਬ ਵਿਦਿਆਰਥੀਆਂ ਦੇ ਵਜ਼ੀਫੇ ਲਈ ਖਰਚਣ ਦਾ ਫੈਸਲਾ ਕੀਤਾ। ਭਾਈ ਸਾਹਿਬ ਉਹ ਵਿਅਕਤੀਤਵ ਸਨ ਜੋ ਯਥਾਰਥਵਾਦੀ, ਬਿਬੇਕਵਾਦੀ, ਸਮੇਂ ਦੇ ਪਾਬੰਦ, ਸੰਜਮ ਆਦਿ ਗੁਣਾਂ ਦੇ ਧਨੀ ਹੋਣ ਦੇ ਬਾਵਜੂਦ ਹਉਮੈ ਉਹਨਾਂ ਨੂੰ ਛੂ ਨਾ ਸਕੀ। ਆਸਤਿਕ ਵਿਚਾਰਧਾਰਾ ਵਾਲੇ ਭਾਈ ਸਾਹਿਬ ਨੂੰ ਪਰਮਾਤਮਾ ਉੱਪਰ ਪੱਕਾ ਵਿਸ਼ਵਾਸ਼ ਸੀ। ਭਾਈ ਸਾਹਿਬ ਉਸ ਸਮਾਜ ਲਈ ਯਤਨਸ਼ੀਲ ਸਨ ਜਿੱਥੇ ਸਭ ਦੇ ਹੱਕ ਬਰਾਬਰ ਹੋਣ ਅਤੇ ਉਹਨਾਂ ਦੀ ਕਦਰ ਉਹਨਾਂ ਦੀ ਯੋਗਤਾ ਅਨੁਸਾਰ ਹੋਵੇ। ਅਜਿਹੇ ਗੁਣਾਂ ਦਾ ਹੋਣਾ ਜਿੱਥੇ ਬਹੁਤ ਕਠਿਨ ਹੈ ਉੱਥੇ ਸਫਲਤਾ ਦੇ ਸਿਖਰ ਤੇ ਪਹੁੰਚਣ ਲਈ ਜ਼ਰੂਰੀ ਵੀ ਹੈ। ਭਾਈ ਸਾਹਿਬ ਜਿੰਨੇ ਹਾਂ ਕਹਿਣ ਵਿੱਚ ਤੱਤਪਰ ਸਨ ਉਨੇ ਹੀ ਨਾਂਹ ਕਹਿਣ ਵਿਚ ਵੀ ਤੱਤਪਰ ਸਨ ਤੇ ਇਹ ਆਪ ਜੀ ਦੇ ਜੀਵਨ ਦੀ ਸਫਲਤਾ ਦੀ ਕੁੰਜੀ ਸੀ।

## 4.8 ਸਹਾਇਕ ਪੁਸਤਕਾਂ


1. ਭਾਈ ਜੋਧ ਸਿੰਘ ਜੀਵਨ ਤੇ ਰਚਨਾ, ਪਿਆਰ ਸਿੰਘ
2. ਸਿੱਖ ਕੌਮ ਦੇ ਵਿਦਿਅਕ ਵਿਅਕਤੀ........, ਪੰਜਾਬੀ ਸਭਾ ਖਾਲਸਾ ਕਾਲਜ..........,
3. ਡਾ. ਭਾਈ ਜੋਧ ਸਿੰਘ, ਗੰਡਾ ਸਿੰਘ
4. 'ਖੋਜ ਪਤ੍ਰਿਕਾ' ਪੰਜਾਬੀ ਯੂਨੀਵਰਸਿਟੀ, ਸਤੰਬਰ 1982, ਭਾਈ ਜੋਧ ਸਿੰਘ ਸਮ੍ਰਿਤੀ ਅੰਕ।
5. ਪੰਜ ਸਾਹਿਤ ਰਤਨ, ਗਿਆਨੀ ਲਾਲ ਸਿੰਘ

## ONE YEAR DIPLOMA IN SIKH THEOLOGY

### SEMESTER- II

### COURSE: SIKH THEOLOGIAN

### UNIT- 5 PROF. SAHIB SINGH

**STRUCTURE**

5.0 ਉਦੇਸ਼

5.1 ਜਾਣ-ਪਛਾਣ

5.2 ਜਨਮ ਅਤੇ ਮਾਤਾ-ਪਿਤਾ

5.3 ਮੁੱਢਲੀ ਵਿਦਿਆ

5.4 ਵਿਆਹ ਅਤੇ ਸੰਤਾਨ

5.5 ਅੰਮ੍ਰਿਤ ਛੱਕ ਕੇ ਸਿੰਘ ਸਜਣਾ: ਨੱਥੂ ਰਾਮ ਤੋਂ ਸਾਹਿਬ ਸਿੰਘ

5.6 ਨੌਕਰੀ ਅਤੇ ਅਗਲੇਰੀ ਪੜ੍ਹਾਈ

5.7 ਗੁਰਬਾਣੀ ਵਿਆਕਰਣ ਸੰਬੰਧੀ ਖੋਜ ਕਰਨ ਦੀ ਆਰੰਭਤਾ

5.8 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਅਤੇ ਅਕਾਲੀ ਮੋਰਚਿਆਂ ਵਿਚ ਗ੍ਰਿਫਤਾਰੀ

5.9 ਖਾਲਸਾ ਕਾਲਜ, ਗੁਜਰਾਂਵਾਲਾ ਵਿਚ ਦੁਬਾਰਾ ਨੌਕਰੀ ਅਤੇ ਗੁਰਬਾਣੀ ਵਿਆਕਰਣ ਦੀ ਡੂੰਘੀ ਖੋਜ

5.10 ਬੇਰੁਜ਼ਗਾਰੀ ਦਾ ਬਿਪਤਾ ਭਰਿਆ ਸਮਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੁੜ ਨੌਕਰੀ

5.11 ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਵਜੋਂ ਅਧਿਆਪਨ ਦਾ ਕਾਰਜ

5.12 ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਵਜੋਂ

5.13 ਗੁਰਮਤਿ ਕਾਲਜ ਪਟਿਆਲਾ ਵਿਚ

5.14 ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਡੀ. ਲਿਟ. ਦੀ ਉਪਾਧੀ ਨਾਲ ਸਨਮਾਨ

5.15 ਅਕਾਲ ਚਲਾਣਾ

5.16 ਪ੍ਰੋ. ਸਾਹਿਬ ਸਿੰਘ ਦੀਆਂ ਰਚਨਾਵਾਂ

5.17 ਮਾਨ ਸਨਮਾਨ

5.18 ਪ੍ਰੋ. ਸਾਹਿਬ ਸਿੰਘ ਦੀ ਗੁਰਬਾਣੀ ਦੀ ਵਿਆਖਿਆਕਾਰੀ/ਟੀਕਾਕਾਰੀ ਦੀਆਂ ਮੁੱਖ ਵਿਸ਼ੇਸ਼ਤਾਵਾਂ

5.19 ਪ੍ਰੋ. ਸਾਹਿਬ ਸਿੰਘ ਦੀ ਸ਼ਖ਼ਸੀਅਤ

5.19.1. ਗੁਰਬਾਣੀ ਅਧਿਐਨ ਨੂੰ ਸਮਰਪਿਤ ਸੱਚੇ ਸੁੱਚੇ ਗੁਰਸਿੱਖ

5.19.2 ਮਿਹਨਤੀ ਅਤੇ ਹੌਂਸਲੇ ਨਾਲ ਭਰਪੂਰ ਸ਼ਖ਼ਸੀਅਤ

5.19.3 ਸਾਦਾ ਜੀਵਨ ਬਤੀਤ ਕਰਨ ਵਾਲੇ

5.19.4 ਗੁਰਬਾਣੀ ਦੇ ਸੁਚੱਜੇ ਟੀਕਾਕਾਰ

5.19.5 ਉੱਚ ਕੋਟੀ ਦੇ ਵਿਦਵਾਨ

5.19.6 ਇਤਿਹਾਸਕਾਰ ਵਜੋਂ

5.19.7 ਨਿਡਰਤਾ ਵਾਲੇ ਗੁਣਾਂ ਦੇ ਧਾਰਨੀ

5.20 ਸਾਰ

5.21 ਪੜ੍ਹਣਯੋਗ ਪੁਸਤਕਾਂ

## 5.0 ਉਦੇਸ਼

ਪ੍ਰਸਤੁਤ ਵਿਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟੀਕਾਕਾਰ ਵਜੋਂ ਪ੍ਰਸਿੱਧ, ਪ੍ਰੋ. ਸਾਹਿਬ ਸਿੰਘ ਨਾਲ ਸੰਬੰਧਿਤ ਹੈ ਜਿਸ ਦਾ ਉਦੇਸ਼ ਉਨ੍ਹਾਂ ਦੇ ਗੁਰਬਾਣੀ ਖੋਜ ਨੂੰ ਸਮਰਪਿਤ ਮਿਹਨਤੀ ਅਤੇ ਹੌਂਸਲੇ ਨਾਲ ਭਰਪੂਰ ਜੀਵਨ ਨੂੰ ਸਾਹਮਣੇ ਲਿਆ ਕੇ ਉਨ੍ਹਾਂ ਦੀਆਂ ਰਚਨਾਵਾਂ ਅਤੇ ਸਖ਼ਸ਼ੀਅਤ ਬਾਰੇ ਪਾਠਕ੍ਰਮ ਦੇ ਰੂਪ ਵਿਚ ਜਾਣਕਾਰੀ ਪ੍ਰਦਾਨ ਕਰਨਾ ਹੈ।

## 5.1 ਜਾਣ-ਪਛਾਣ

ਗੁਰਬਾਣੀ ਦੀ ਵਿਆਖਿਆਕਾਰੀ ਅਤੇ ਟੀਕਾਕਾਰੀ ਦੇ ਖੇਤਰ ਵਿਚ ਪ੍ਰੋ. ਸਾਹਿਬ ਸਿੰਘ ਦਾ ਨਾਮ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਸਿੱਖ ਜਗਤ ਵਿਚ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਕੀਤੇ ਗਏ ਟੀਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਲਈ ਵਿਸ਼ੇਸ਼ ਤੌਰ 'ਤੇ ਜਾਣੇ ਜਾਂਦੇ ਹਨ। ਸਮੁੱਚੀ ਗੁਰਬਾਣੀ ਦਾ ਵਿਆਕਰਣਿਕ ਨਿਯਮਾਂ ਅਨੁਸਾਰ ਵਿਧੀਵਤ ਢੰਗ ਨਾਲ ਟੀਕਾ ਕਰਨ ਵਾਲੇ ਉਹ ਪਹਿਲੇ ਟੀਕਾਕਾਰ ਹਨ। ਉਨ੍ਹਾਂ ਦੁਆਰਾ ਸਿੱਖੀ ਸਿਧਾਂਤਾਂ ਦੀ ਕਸਵੱਟੀ ਅਨੁਸਾਰ ਕੀਤਾ ਗਿਆ ਭਗਤ ਬਾਣੀ ਸਟੀਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਸਾਹਿਬਾਨਾ ਦੀ ਬਾਣੀ ਸੰਬੰਧੀ ਇਕ ਮੀਲ ਦਾ ਪੱਥਰ ਸਾਬਤ ਹੋ ਰਿਹਾ ਹੈ ਜਿਸ ਨੇ ਉਸ ਸਮੇਂ ਭਗਤ ਬਾਣੀ ਉਪਰ ਕੀਤੇ ਜਾ ਰਹੇ ਸ਼ੰਕਿਆਂ ਉੱਪਰ ਸਦਾ ਲਈ ਵਿਰਾਮ ਲਗਾ ਦਿੱਤਾ। ਪ੍ਰੋ. ਸਾਹਿਬ ਸਿੰਘ ਨੇ ਆਪਣੀ ਅਣਥੱਕ ਮਿਹਨਤ, ਸਿਰੜ ਅਤੇ ਸਿੱਖੀ ਜਜ਼ਬੇ ਸਦਕਾ ਗੁਰਬਾਣੀ ਟੀਕਾਕਾਰੀ, ਗੁਰਬਾਣੀ ਵਿਆਖਿਆਕਾਰੀ ਅਤੇ ਗੁਰ ਇਤਿਹਾਸ ਨਾਲ ਸੰਬੰਧਿਤ ਉੱਚ ਪੱਧਰ ਦੀਆਂ ਮਿਆਰੀ ਰਚਨਾਵਾਂ ਸਿੱਖ ਜਗਤ ਨੂੰ ਭੇਟਾ ਕੀਤੀਆਂ। ਪ੍ਰਸਤੁਤ ਵਿਸ਼ਾ ਪ੍ਰੋ. ਸਾਹਿਬ ਸਿੰਘ ਦੇ ਜੀਵਨ, ਰਚਨਾਵਾਂ ਅਤੇ ਸ਼ਖ਼ਸੀਅਤ ਨਾਲ ਸੰਬੰਧਿਤ ਹੈ।

## 5.2 ਜਨਮ ਅਤੇ ਮਾਤਾ-ਪਿਤਾ

ਪ੍ਰੋ. ਸਾਹਿਬ ਸਿੰਘ ਦਾ ਜਨਮ 16 ਫਰਵਰੀ, 1892 ਈ. ਨੂੰ ਇਕ ਛੋਟੇ ਜਿਹੇ ਪਿੰਡ ਫੱਤੇਵਾਲੀ, ਤਹਿਸੀਲ ਪਸਰੂਰ, ਜਿਲਾ ਸਿਆਲਕੋਟ (ਮੌਜੂਦਾ ਪਾਕਿਸਤਾਨ) ਵਿਚ, ਇਕ ਹਿੰਦੂ ਖੱਤਰੀ ਪਰਿਵਾਰ ਵਿਚ ਪਿਤਾ ਹੀਰਾਨੰਦ ਦੇ ਘਰ ਮਾਤਾ ਨਿਹਾਲ ਦੇਈ ਦੀ ਕੁੱਖੋਂ ਹੋਇਆ। ਵਿਆਹ ਤੋਂ ਪਹਿਲਾਂ ਇਨ੍ਹਾਂ ਦੀ ਮਾਤਾ ਦਾ ਪੇਕੇ ਘਰ ਦਾ ਨਾਮ ਜਮਨਾ ਸੀ। ਪ੍ਰੋ. ਸਾਹਿਬ ਸਿੰਘ ਤੋਂ ਪਹਿਲਾਂ ਇਨ੍ਹਾਂ ਦੇ ਮਾਤਾ-ਪਿਤਾ ਦੇ ਜਿੰਨੇ ਵੀ ਬੱਚੇ ਪੈਦਾ ਹੁੰਦੇ, ਉਹ ਪੈਦਾ ਹੋਣ ਤੋਂ ਕੁਝ ਸਮੇਂ ਬਾਅਦ ਹੀ ਮਰ ਜਾਂਦੇ ਸਨ। ਇਸ ਲਈ ਹਿੰਦੂ ਵਿਸ਼ਵਾਸ ਮੁਤਾਬਕ ਮਾਤਾ-ਪਿਤਾ ਨੇ ਆਪਣੇ ਪੁੱਤਰ ਦੇ ਨੱਕ ਵਿਚ ਨੱਥ ਪਾ ਕੇ, ਆਪਣੇ ਬੱਚੇ ਦਾ ਨਾਮ ਨੱਥੂ ਰਾਮ ਰੱਖਿਆ। ਇਹੀ ਨੱਥੂ ਰਾਮ, ਪ੍ਰੋ. ਸਾਹਿਬ ਸਿੰਘ ਦਾ ਮੁੱਢਲਾ ਨਾਮ ਸੀ।

ਇਨ੍ਹਾਂ ਦੇ ਪਿਤਾ ਫੱਤੇਵਾਲੀ ਪਿੰਡ ਵਿਚ ਛੋਟੀ ਜਿਹੀ ਹੱਟੀ ਪਾ ਕੇ ਦੁਕਾਨਦਾਰੀ ਦਾ ਕੰਮ ਕਰਦੇ ਸਨ। ਪ੍ਰੋ. ਸਾਹਿਬ ਸਿੰਘ ਦੇ ਜਨਮ ਤੋਂ ਕੁਝ ਦਿਨਾਂ ਬਾਅਦ ਉਨ੍ਹਾਂ ਨੇ ਫੱਤੇਵਾਲੀ ਪਿੰਡ ਛੱਡ ਕੇ ਥਰਪਾਲ ਨਾਮਕ ਪਿੰਡ ਵਿਚ ਹੱਟੀ ਪਾ ਕੇ ਇਥੇ ਹੀ ਪੱਕੀ ਰਿਹਾਇਸ਼ ਰੱਖ ਲਈ। ਆਰਥਿਕ ਪੱਖ ਤੋਂ ਘਰ ਦੇ ਹਾਲਾਤ ਠੀਕ ਨਾ ਹੋਣ ਕਾਰਨ ਪ੍ਰੋ. ਸਾਹਿਬ ਸਿੰਘ ਦਾ ਮੁੱਢਲਾ ਜੀਵਨ ਆਰਥਿਕ ਤੰਗੀਆਂ ਵਿਚ ਹੀ ਸੰਘਰਸ਼ ਕਰਦੇ ਹੋਏ ਗੁਜ਼ਰਿਆ।

## 5.3 ਮੁੱਢਲੀ ਵਿਦਿਆ

ਭਾਵੇਂ ਘਰ ਵਿਚ ਗਰੀਬੀ ਦੇ ਹਾਲਾਤ ਸਨ ਪ੍ਰੰਤੂ ਪ੍ਰੋ. ਸਾਹਿਬ ਸਿੰਘ ਦੇ ਪਿਤਾ ਇਨ੍ਹਾਂ ਨੂੰ ਵਧੀਆ ਅਤੇ ਉੱਚ ਵਿਦਿਆ ਦਿਵਾਉਣ ਦੇ ਇੱਛਕ ਸਨ। ਆਪਣੀ ਇਸ ਇੱਛਾ ਦੀ ਪੂਰਤੀ ਲਈ ਉਨ੍ਹਾਂ ਨੇ ਹਰ ਪ੍ਰਕਾਰ ਦੇ ਯਤਨ ਕੀਤੇ। ਪ੍ਰੋ. ਸਾਹਿਬ ਸਿੰਘ ਦੀ ਮੁੱਢਲੀ ਵਿੱਦਿਆ ਸਾਢੇ ਚਾਰ ਸਾਲ ਦੀ ਉਮਰ ਵਿਚ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਕਵੀ ਹਾਸ਼ਮ ਸ਼ਾਹ ਦੇ ਪੁੱਤਰ ਮੀਆਂ ਹਯਾਤ ਸ਼ਾਹ ਤੋਂ ਅਰੰਭ ਹੋਈ। ਪ੍ਰਾਇਮਰੀ ਵਿਦਿਆ ਰਈਏ ਤਹਿਸੀਲ ਦੇ ਪ੍ਰਾਇਮਰੀ ਸਕੂਲ ਵਿਚ ਅਤੇ ਮਿਡਲ ਸਕੂਲ ਦੀ ਪੜ੍ਹਾਈ ਗੋਤਾ ਫਤੇਗੜ੍ਹ ਨਾਮਕ ਕਸਬੇ ਦੇ ਵਰਨੈਕੂਲਰ ਮਿਡਲ ਸਕੂਲ ਵਿਚ ਪੂਰੀ ਕੀਤੀ। ਮਿਡਲ ਸਕੂਲ ਦੀ ਪ੍ਰੀਖਿਆ ਵਧੀਆ ਅੰਕ ਲੈ ਕੇ ਪਾਸ ਕਰਨ ’ਤੇ ਉਨ੍ਹਾਂ ਨੂੰ ਹਾਈ ਸਕੂਲ ਦੀ ਪੜ੍ਹਾਈ ਲਈ ਛੇ ਰੁਪਏ ਮਹੀਨਾ ਵਜ਼ੀਫ਼ਾ ਪ੍ਰਾਪਤ ਹੁੰਦਾ ਰਿਹਾ। ਹਾਈ ਸਕੂਲ ਦੀ ਪੜ੍ਹਾਈ ਉਨ੍ਹਾਂ ਨੇ ਪਸਰੂਰ ਦੇ ਸਕੂਲ ਤੋਂ ਪ੍ਰਾਪਤ ਕੀਤੀ। ਇਸ ਪੜ੍ਹਾਈ ਦੌਰਾਨ ਹੀ ਉਨ੍ਹਾਂ ਨੇ ਆਪਣੀ ਮਿਹਨਤ ਰਾਹੀਂ ਸੰਸਕ੍ਰਿਤ ਭਾਸ਼ਾ ਦਾ ਵਿਸ਼ਾ ਪਹਿਲੇ ਸਥਾਨ ਤੇ ਰਹਿ ਕੇ ਪਾਸ ਕੀਤਾ। ਸੰਸਕ੍ਰਿਤ ਭਾਸ਼ਾ ਉੱਪਰ ਸੁਚੱਜੀ ਪਕੜ ਵਾਲੇ ਇਸ ਗੁਣ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਸਮੇਂ ਉਨ੍ਹਾਂ ਨੂੰ ਵੱਡੇ ਪੱਧਰ ’ਤੇ ਸਹਿਯੋਗ ਪ੍ਰਦਾਨ ਕੀਤਾ।

## 5.4 ਵਿਆਹ ਅਤੇ ਸੰਤਾਨ

25 ਜਨਵਰੀ, 1905 ਈਸਵੀ ਨੂੰ ਅੱਠਵੀਂ ਜਮਾਤ ਦੀ ਪ੍ਰੀਖਿਆ ਦੇਣ ਤੋਂ ਬਾਅਦ 13 ਸਾਲ ਦੀ ਉਮਰ ਵਿਚ ਪ੍ਰੋ. ਸਾਹਿਬ ਸਿੰਘ ਦਾ ਵਿਆਹ ਦੁਰਗਾ ਦੇਵੀ ਨਾਲ ਹੋਇਆ ਜਿਨ੍ਹਾਂ ਦਾ ਨਾਮ ਵਿਆਹ ਤੋਂ ਬਾਅਦ ਆਗਿਆ ਕੌਰ ਰੱਖਿਆ ਗਿਆ। ਇਸ ਵਿਆਹ ਤੋਂ ਲਗਭਗ ਢਾਈ ਸਾਲ ਬਾਅਦ ਮੁਕਲਾਵੇ ਦੀ ਰਸਮ ਅਦਾ ਕੀਤੀ ਗਈ। 28 ਦਸੰਬਰ 1932 ਵਿਚ ਉਨ੍ਹਾਂ ਨੇ ਆਪਣੀ ਪਤਨੀ ਆਗਿਆ ਕੋਰ ਦੇ ਸਦੀਵੀ ਵਿਛੋੜੇ ਤੋਂ ਬਾਅਦ, ਪ੍ਰਿੰਸੀਪਲ ਜੋਧ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਜੋਰ ਦੇਣ ਤੇ 31 ਦਸੰਬਰ 1934 ਨੂੰ ਰਤਨ ਕੌਰ ਨਾਲ ਦੂਜਾ ਵਿਆਹ ਕੀਤਾ। ਉਨ੍ਹਾਂ ਦੇ ਸੰਤਾਨ ਰੂਪ ਵਿਚ ਛੇ ਲੜਕੇ- ਸ. ਕਰਤਾਰ ਸਿੰਘ, ਸ. ਪਰਤਾਪ ਸਿੰਘ, ਸ. ਹਰਦਿਆਲ ਸਿੰਘ, ਸ. ਅਮਰੀਕ ਸਿੰਘ, ਸ. ਕੁਲਵੰਤ ਸਿੰਘ, ਡਾਕਟਰ ਦਲਜੀਤ ਸਿੰਘ ਅਤੇ ਦੋ ਲੜਕੀਆਂ ਨਰਿੰਦਰ ਕੌਰ ਅਤੇ ਭੁਪਿੰਦਰ ਕੌਰ ਪੈਦਾ ਹੋਏ।

## 5.5 ਅੰਮ੍ਰਿਤ ਛੱਕ ਕੇ ਸਿੰਘ ਸਜਣਾ: ਨੱਥੂ ਰਾਮ ਤੋਂ ਸਾਹਿਬ ਸਿੰਘ

ਹਾਈ ਸਕੂਲ ਦੀ ਪੜ੍ਹਾਈ ਦੌਰਾਨ 9ਵੀਂ ਜਮਾਤ ਵਿਚ ਪੜ੍ਹਦਿਆਂ ਪ੍ਰੋ. ਸਾਹਿਬ ਸਿੰਘ ਨੇ ਸਿੱਖ ਫੌਜੀਆਂ ਦੇ ਸਿੱਖੀ ਸਰੂਪ ਤੋਂ ਪ੍ਰਭਾਵਿਤ ਹੋ ਕੇ ਸਿੰਘ ਸਭਾ, ਕਲਾਸਵਾਲਾ ਵਿਚ ਅੰਮ੍ਰਿਤ ਛਕਿਆ ਅਤੇ ਸਿੰਘ ਸਜ ਗਏ। ਸਿੰਘ ਸੱਜਣ ਤੋਂ ਬਾਅਦ ਉਨ੍ਹਾਂ ਦੀ ਇੱਛਾ ਅਨੁਸਾਰ ਪੰਜ ਪਿਆਰਿਆਂ ਨੇ ਉਨ੍ਹਾਂ ਦਾ ਨੱਥੂ ਰਾਮ ਤੋਂ ਬਦਲ ਕੇ ਸਾਹਿਬ ਸਿੰਘ ਰੱਖਿਆ। ਨੱਥੂ ਰਾਮ ਤੋਂ ਸਾਹਿਬ ਸਿੰਘ ਬਣ ਕੇ ਉਨ੍ਹਾਂ ਨੇ ਨਾ ਸਿਰਫ ਸਿੱਖੀ ਅਨੁਸਾਰ ਆਪਣਾ ਜੀਵਨ ਢਾਲਿਆ ਸਗੋਂ ਗੁਰਬਾਣੀ ਵਿਆਖਿਆ/ਟੀਕਾਕਾਰੀ ਅਤੇ ਗੁਰ ਇਤਿਹਾਸ ਰਾਹੀਂ ਦੂਸਰਿਆਂ ਨੂੰ ਵੀ ਸਿੱਖੀ ਜੀਵਨ ਦੀ ਜਾਚ ਦੱਸੀ।

## 5.6 ਨੌਕਰੀ ਅਤੇ ਅਗਲੇਰੀ ਪੜ੍ਹਾਈ

ਪ੍ਰੋ. ਸਾਹਿਬ ਸਿੰਘ ਆਪਣੀਆਂ ਅਕਾਦਮਿਕ ਰੁਚੀਆਂ ਦੇ ਕਾਰਨ ਅਗਲੇਰੀ ਪੜ੍ਹਾਈ ਕਰਨ ਦੇ ਇੱਛੁਕ ਹਨ ਪ੍ਰੰਤੂ ਘਰ ਦੀ ਗਰੀਬੀ ਦੇ ਹਾਲਾਤਾਂ ਕਾਰਣ ਉਹ ਇਸ ਵਕਤ ਪੜ੍ਹਾਈ ਜਾਰੀ ਨਾ ਰੱਖ ਸਕੇ। 1907 ਵਿਚ ਉਨ੍ਹਾਂ ਦੇ ਪਿਤਾ ਦੇ ਚਲਾਣੇ ਤੋਂ ਬਾਅਦ ਘਰ ਦੇ ਆਰਥਿਕ ਹਾਲਾਤ ਹੋਰ ਵੀ ਮਾੜੇ ਹੋ ਗਏ। ਇਨ੍ਹਾਂ ਹਲਾਤਾਂ ਵਿਚ ਪ੍ਰੋ. ਸਾਹਿਬ ਸਿੰਘ ਨੇ

1909 ਵਿਚ ਪੰਦਰਾਂ ਰੁਪਏ ਮਹੀਨੇ 'ਤੇ ਮਿਡਲ ਸਕੂਲ ਸਾਂਗਲਾ (ਜਿਲਾ ਲਾਇਲਪੁਰ) ਵਿਚ ਸੈਕਿੰਡ ਮਾਸਟਰ ਵਜੋਂ ਨੌਕਰੀ ਦੀ ਸੁਰੂਆਤ ਕੀਤੀ। 1910 ਵਿਚ ਨੌਕਰੀ ਤੋਂ ਜਵਾਬ ਮਿਲਣ ਤੋਂ ਬਾਅਦ ਦੁਬਾਰਾ ਨੌਕਰੀ ਦੀ ਭਾਲ ਸੁਰੂ ਕੀਤੀ ਅਤੇ ਮਹਿਕਮਾ ਡਾਕਖਾਨਾ ਵਿਚ ਕਲਰਕ ਨੌਕਰੀ ਲਈ ਦਰਖਾਸਤ ਭੇਜੀ। ਇੰਟਰਵੀਊ ਦੀ ਚਿੱਠੀ ਆ ਗਈ ਪਰ ਗਰੀਬੀ ਦੇ ਹਾਲਾਤਾਂ ਕਾਰਨ ਘਰ ਵਿਚ ਸਿਆਲਕੋਟ ਇੰਟਰਵਿਊ ਲਈ ਜਾਣ ਲਈ ਕਿਰਾਏ ਜੋਗੇ ਪੈਸੇ ਵੀ ਨਹੀਂ ਸਨ। ਕਿਸੇ ਤੋਂ ਪੈਸੇ ਉਧਾਰ ਮੰਗ ਕੇ ਇਹ ਇੰਟਰਵਿਊ ਦਿੱਤੀ ਅਤੇ ਪਾਸ ਹੋਣ ਤੋਂ ਬਾਅਦ ਮਹਿਕਮਾ ਡਾਕਖਾਨਾ ਵਿਚ 1910 ਈ. ਤੋਂ ਨੌਕਰੀ ਕਰਨ ਲੱਗ ਪਏ। ਘਰ ਦੇ ਹਾਲਾਤਾਂ ਤੋਂ ਮਜਬੂਰ ਹੋ ਕੇ ਉਹ ਡਾਕਖਾਨੇ ਦੀ ਇਹ ਨੌਕਰੀ ਕਰਦੇ ਰਹੇ ਪ੍ਰੰਤੂ ਉਨ੍ਹਾਂ ਦੀ ਦਿਲੀ ਇੱਛਾ ਅਗਲੇਰੀ ਪੜ੍ਹਾਈ ਕਰਨ ਦੀ ਸੀ। ਉਨ੍ਹਾਂ ਨੇ ਆਪਣੀ ਇੱਛਾ ਦਾ ਪ੍ਰਗਟਾਵਾ ਆਪਣੇ ਉਸਤਾਦ ਪੰਡਤ ਵਿਤਸਤਾ ਪ੍ਰਸ਼ਾਦ ਕੋਲ ਕੀਤਾ ਜੋ ਉਨ੍ਹਾਂ ਦੀ ਲਿਆਕਤ ਦੀ ਕਦਰ ਕਰਨ ਵਾਲੇ ਉਸਤਾਦ ਸਨ। ਪੰਡਿਤ ਵਿਤਸਤਾ ਪ੍ਰਸਾਦ ਨੇ ਉਨ੍ਹਾਂ ਦੀ ਪੜ੍ਹਾਈ ਦੇ ਖਰਚ ਦੀ ਜ਼ਿੰਮਿਵਾਰੀ ਚੁੱਕਦੇ ਹੋਏ ਉਨ੍ਹਾਂ ਦਾ ਦਾਖਲਾ ਐਫ. ਏ. ਦੀ ਪੜ੍ਹਾਈ ਲਈ ਦਿਆਲ ਸਿੰਘ ਕਾਲਜ, ਲਾਹੌਰ ਵਿਚ ਕਰਵਾ ਦਿੱਤਾ। ਡਾਕਖਾਨੇ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਉਨ੍ਹਾਂ ਨੇ ਦਿਆਲ ਸਿੰਘ ਕਾਲਜ ਤੋਂ ਸਾਰੀ ਯੂਨੀਵਰਸਿਟੀ ਵਿਚ ਸੱਤਵੇਂ ਨੰਬਰ ਤੇ ਰਹਿ ਕੇ ਐਫ.ਏ. ਪਾਸ ਕੀਤੀ। ਇਸ ਪ੍ਰਾਪਤੀ ਲਈ ਉਨ੍ਹਾਂ ਨੂੰ ਬੀ. ਏ. ਦੀ ਅਗਲੀ ਪੜ੍ਹਾਈ ਲਈ 10 ਰੁਪਏ ਮਹੀਨਾ ਸਰਕਾਰੀ ਵਜੀਫਾ ਵਜ਼ੀਫ਼ਾ ਪ੍ਰਾਪਤ ਹੋਇਆ ਅਤੇ ਕਾਲਜ ਦੀ ਫੀਸ ਵੀ ਸਰਕਾਰ ਵੱਲੋਂ ਭਰੀ ਗਈ। 1915 ਵਿਚ ਬੀ.ਏ. ਦਾ ਇਮਤਿਹਾਨ ਗੌਰਮਿੰਟ ਕਾਲਜ, ਲਾਹੌਰ ਤੋਂ ਸਮੁੱਚੀ ਯੂਨੀਵਰਸਿਟੀ ਵਿਚ ਤੇਰ੍ਹਵੇਂ ਨੰਬਰ ਤੇ ਰਹਿ ਕੇ ਪਾਸ ਕੀਤਾ। ਉਹ ਸੰਸਕ੍ਰਿਤ ਦੇ ਵਿਸ਼ੇ ਵਿਚ ਕਾਲਜ ਵਿੱਚੋ ਅੱਵਲ ਰਹੇ ਅਤੇ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਇੱਕ ਚਾਂਦੀ ਦਾ ਮੈਡਲ ਪ੍ਰਦਾਨ ਕੀਤਾ ਗਿਆ।

ਬੀ. ਏ. ਕਰਨ ਤੋਂ ਬਾਅਦ ਉਨ੍ਹਾਂ ਨੇ ਖਾਲਸਾ ਹਾਈ ਸਕੂਲ, ਫਰੂਕਾ ਵਿਚ ਬਤੌਰ ਥਰਡ ਮਾਸਟਰ ਡਿਊਟੀ ਕੀਤੀ। ਇਸੇ ਸਕੂਲ ਵਿਚ ਹੀ ਉਨ੍ਹਾਂ ਦਾ ਮੇਲ ਮਾਸਟਰ ਤਾਰਾ ਸਿੰਘ ਨਾਲ ਹੋਇਆ। 1917 ਈ. ਉਨ੍ਹਾਂ ਨੇ ਖਾਲਸਾ ਕਾਲਜ, ਗੁਜਰਾਂਵਾਲਾ ਵਿਚ ਸੰਸਕ੍ਰਿਤ ਅਤੇ ਗੁਰਬਾਣੀ ਲੈਕਚਰਾਰ ਵਜੋਂ 70 ਰੁਪਏ ਮਹੀਨੇ ਉਤੇ ਨੌਕਰੀ ਕੀਤੀ।

## 5.7 ਗੁਰਬਾਣੀ ਵਿਆਕਰਣ ਸੰਬੰਧੀ ਖੋਜ ਕਰਨ ਦੀ ਆਰੰਭਤਾ

ਦਸੰਬਰ 1920 ਵਿਚ ਖਾਲਸਾ ਸਕੂਲ, ਗੁਜਰਾਂਵਾਲਾ ਵਿਖੇ ਅਖੰਡ ਪਾਠ ਸਾਹਿਬ ਕਰਨ ਦੌਰਾਨ ਪ੍ਰੋ. ਸਾਹਿਬ ਸਿੰਘ ਦੇ ਸਾਹਮਣੇ ਗੁਰਬਾਣੀ ਦੇ ਇੱਕ ਹੀ ਲਫਜ਼ ਦੇ ਲਗਾਂ ਮਾਤਰਾ ਪੱਖੋਂ ਵੱਖ-ਵੱਖ ਰੂਪ ਸਾਹਮਣੇ ਆਏ। ਘਰ ਜਾ ਕੇ ਉਨ੍ਹਾਂ ਨੇ ਲਫਜ਼ ਦੇ ਇਨ੍ਹਾਂ ਭੇਦਾਂ ਨੂੰ ਗੁਰਬਾਣੀ ਦੀਆਂ ਸੈਂਚੀਆਂ ਰਾਹੀਂ ਜਾਨਣ ਦੀ ਕੋਸ਼ਿਸ਼ ਕੀਤੀ। ਇਥੋਂ ਹੀ ਉਨ੍ਹਾਂ ਦੀ ਗੁਰਬਾਣੀ ਵਿਆਕਰਣ ਸੰਬੰਧੀ ਖੋਜ ਦਾ ਮੁੱਢ ਬੱਝਿਆ ਜਿਸ ਨੂੰ ਉਨ੍ਹਾਂ ਨੇ ਭਵਿੱਖ ਵਿਚ ਵਿਵਸਥਿਤ ਰੂਪ ਦੇ ਕੇ 1932 ਈ. ਵਿਚ ਗੁਰਬਾਣੀ ਵਿਆਕਰਣ ਨਾਮਕ ਪੁਸਤਕ ਦੀ ਰਚਨਾ ਕੀਤੀ। ਗੁਰਬਾਣੀ ਵਿਆਕਰਣ ਦੇ ਇਹ ਨਿਯਮ, ਉਨ੍ਹਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਬਾਣੀ ਟੀਕੇ ਦਾ ਮੁੱਖ ਆਧਾਰ ਬਣੇ। ਇਸ ਘਟਨਾ ਤੋਂ ਪਹਿਲਾਂ ਪ੍ਰੋ. ਸਾਹਿਬ ਸਿੰਘ ਗੁਰਬਾਣੀ ਦੇ ਇਨ੍ਹਾਂ ਸ਼ਬਦਾਂ ਦੀਆਂ ਲਗਾਂ ਮਾਤਰਾਵਾਂ ਨੂੰ ਬੇਲੋੜਾ ਸਮਝਦੇ ਸਨ। ਪ੍ਰੋ. ਸਾਹਿਬ ਸਿੰਘ ਦੇ ਸ਼ਬਦਾਂ ਵਿਚ ਇਸ ਘਟਨਾ ਤੋਂ ਬਾਅਦ ਉਨ੍ਹਾਂ ਦੀ ਨੀਂਦਰ ਖੁੱਲ੍ਹ ਗਈ।

## 5.8 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਅਤੇ ਅਕਾਲੀ ਮੋਰਚਿਆਂ ਵਿਚ ਗ੍ਰਿਫਤਾਰੀ

ਲਗਭਗ 4 ਸਾਲ ਖਾਲਸਾ ਕਾਲਜ, ਗੁਜਰਾਂਵਾਲਾ ਵਿਚ ਅਧਿਆਪਨ ਦਾ ਕਾਰਜ ਕਰਨ ਤੋਂ ਬਾਅਦ 30 ਜੁਲਾਈ, 1921 ਈਸਵੀ ਨੂੰ ਪ੍ਰੋ. ਸਾਹਿਬ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਬਣੇ। ਉਨ੍ਹਾਂ ਦੇ ਇੱਥੇ ਹੁੰਦਿਆਂ ਹੀ ਚਾਬੀਆਂ ਦਾ ਮੋਰਚਾ, ਕਿਰਪਾਨ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ ਅਤੇ ਜੈਤੋਂ ਦੇ ਮੋਰਚੇ ਲੱਗੇ। ਗੁਰੂ ਕੇ ਬਾਗ ਦੇ ਮੋਰਚੇ ਦੌਰਾਨ 26 ਅਗਸਤ, 1922 ਨੂੰ ਉਨ੍ਹਾਂ ਦੀ ਗ੍ਰਿਫ਼ਤਾਰੀ ਹੋਈ ਅਤੇ ਉਹ 26 ਅਗਸਤ, 1923 ਈਸਵੀ ਤੱਕ ਜੇਲ੍ਹ ਵਿਚ ਰਹੇ। 11 ਅਕਤੂਬਰ, 1923 ਨੂੰ ਜੈਤੋ ਦੇ ਮੋਰਚੇ ਦੌਰਾਨ ਉਨ੍ਹਾਂ ਦੀ ਦੂਸਰੀ ਗ੍ਰਿਫਤਾਰੀ ਹੋਈ। ਇਸ ਦੌਰਾਨ ਉਹ ਜਨਵਰੀ, 1926 ਤੱਕ ਅੰਮ੍ਰਿਤਸਰ ਅਤੇ ਲਾਹੌਰ ਜੇਲ੍ਹ ਵਿਚ ਰਹੇ। ਆਪਣੇ ਇਸ ਜੇਲ੍ਹ ਯਾਤਰਾ ਦੌਰਾਨ ਉਹ

ਗੁਰਬਾਣੀ ਵਿਆਕਰਣ ਸੰਬੰਧੀ ਕਾਰਜ ਕਰਦੇ ਰਹੇ। ਜੇਲ੍ਹ ਤੋਂ ਬਾਹਰ ਆ ਕੇ 13 ਸਤੰਬਰ, 1927 ਈ. ਤੱਕ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਵਜੋਂ ਕਾਰਜ ਕਰਦੇ ਰਹੇ।

## 5.9 ਖਾਲਸਾ ਕਾਲਜ, ਗੁਜਰਾਂਵਾਲਾ ਵਿਚ ਦੁਬਾਰਾ ਨੌਕਰੀ ਅਤੇ ਗੁਰਬਾਣੀ ਵਿਆਕਰਣ ਦੀ ਡੂੰਘੀ ਖੋਜ

1926 ਈ. ਵਿਚ ਬਾਵਾ ਹਰਕਿਸ਼ਨ ਸਿੰਘ ਖਾਲਸਾ ਕਾਲਜ ਗੁਜਰਾਂਵਾਲਾ ਦੇ ਪ੍ਰਿੰਸੀਪਲ ਬਣੇ। ਉਹ ਜੈਤੋ ਦੇ ਮੋਰਚੇ ਸਮੇਂ ਪ੍ਰੋ. ਸਾਹਿਬ ਸਿੰਘ ਨਾਲ ਜੇਲ੍ਹ ਵਿਚ ਇਕੱਠੇ ਹੀ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫਤਰੀ ਕੰਮ ਪ੍ਰੋ. ਸਾਹਿਬ ਸਿੰਘ ਨੂੰ ਪਸੰਦ ਨਹੀਂ ਸੀ ਕਿਉਂਕਿ ਉਨ੍ਹਾਂ ਦੀ ਰੁਚੀ ਪੜ੍ਹਨ-ਪੜ੍ਹਾਉਣ ਦੀ ਸੀ। ਇਸ ਲਈ ਉਨ੍ਹਾਂ ਨੇ ਬਾਵਾ ਹਰਕਿਸ਼ਨ ਸਿੰਘ ਨੂੰ ਕਹਿ ਕੇ ਖਾਲਸਾ ਕਾਲਜ ਗੁਜਰਾਂਵਾਲਾ ਵਿਖੇ ਅਧਿਆਪਨ ਦੀ ਨੌਕਰੀ ਦੁਬਾਰਾ ਆਰੰਭ ਕੀਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਛੱਡ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਨਖਾਹ (250/- ਪ੍ਰਤੀ ਮਹੀਨਾ) ਨਾਲੋਂ ਇਸ ਕਾਲਜ ਦੀ ਤਨਖਾਹ ਘੱਟ (150/-ਪ੍ਰਤੀ ਮਹੀਨਾ) ਹੋਣ ਦੇ ਬਾਵਜੂਦ ਵੀ ਪ੍ਰੋ. ਸਾਹਿਬ ਸਿੰਘ ਨੇ ਅਧਿਆਪਨ ਦੀ ਨੌਕਰੀ ਨੂੰ ਚੁਣਿਆ ਕਿਉਂਕਿ ਇਹ ਉਨ੍ਹਾਂ ਦੀ ਦਿਲਚਸਪੀ ਦੇ ਅਨੁਕੂਲ ਸੀ। ਇਸ ਕਾਲਜ ਵਿਚ ਉਹ ਸੰਸਕ੍ਰਿਤ, ਗੁਰਬਾਣੀ, ਪੰਜਾਬੀ ਅਤੇ ਹਿੰਦੀ ਦੇ ਵਿਸ਼ੇ ਪੜ੍ਹਾਉਂਦੇ ਸਨ। ਅਧਿਆਪਨ-ਕਾਰਜ ਦੌਰਾਨ ਉਨ੍ਹਾਂ ਨੇ ਗੁਰਬਾਣੀ ਵਿਆਕਰਨ ਦੀ ਡੂੰਘੀ ਖੋਜ ਕੀਤੀ। ਇਸ ਖੋਜ ਦਾ ਸਬੱਬ ਖਾਲਸਾ ਯਤੀਮਖਾਨਾ ਆਸ਼ਰਮ ਦੇ ਹੈਡਮਾਸਟਰ ਛਹਿਬਰ ਸਿੰਘ ਦੇ ਰਾਹੀਂ ਬਣਿਆ ਜੋ ਹਰ ਰੋਜ਼ ਸਵੇਰੇ ਆਸ਼ਰਮ ਵਿਖੇ ਗੁਰਬਾਣੀ ਦੇ ਸ਼ਬਦ ਦੀ ਵਿਚਾਰ ਕਰਦੇ ਸਨ। ਇਸੇ ਸਥਾਨ ਤੇ ਪ੍ਰੋ. ਸਾਹਿਬ ਸਿੰਘ ਅਤੇ ਮਾਸਟਰ ਛਹਿਬਰ ਸਿੰਘ ਵਿਚਕਾਰ ਸਵੇਰ ਦੀ ਕਥਾ ਸੰਬੰਧੀ ਹੋਣ ਵਾਲੀਆਂ ਗੁਰਮਤਿ ਵਿਚਾਰਾਂ, ਹੌਲੀ-ਹੌਲੀ ਵਿਦਵਾਨਾਂ ਦੀ ਸਤਿਸੰਗਤ ਦੇ ਰੂਪ ਵਿਚ ਹੋਣ ਲੱਗੀਆਂ। ਪ੍ਰੋ. ਸਾਹਿਬ ਸਿੰਘ, ਪ੍ਰੋ. ਨਰੈਣ ਸਿੰਘ, ਪ੍ਰੋ. ਸ਼ੇਰ ਸਿੰਘ, ਪ੍ਰੋ. ਸੁੰਦਰ ਸਿੰਘ, ਡਾਕਟਰ ਰਣ ਸਿੰਘ (ਸਪੁੱਤਰ ਬਾਬੂ ਤੇਜਾ ਸਿੰਘ ਭਸੌੜ), ਬਾਬਾ ਤੇਜਾ ਸਿੰਘ, ਮਾਸਟਰ ਛਹਿਬਰ ਸਿੰਘ, ਭਾਈ ਹਿੰਮਤ ਸਿੰਘ (ਸੰਪ੍ਰਦਾਈ ਵਿਦਵਾਨ), ਆਦਿ ਬਾਣੀ ਦੇ ਰਸੀਏ, ਖੋਜੀ ਤੇ ਵਿਦਵਾਨ ਸ਼ਾਮ ਦੇ ਸਮੇਂ ਇੱਕ ਸਭਾ ਦੇ ਰੂਪ ਵਿਚ ਇਕੱਠੇ ਹੋਣ ਲੱਗੇ। ਇਹ ਸਭਾ ਰੋਜ਼ਾਨਾ, ਗੁਰਬਾਣੀ ਦੇ ਹੋ ਚੁਕੇ ਟੀਕਿਆਂ, ਪ੍ਰਯਾਵਾਂ, ਕੋਸ਼ਾਂ ਆਦਿ ਦੀ ਸਹਾਇਤਾ ਨਾਲ ਵਿਆਕਰਣਿਕ ਨਿਯਮਾਂ ਦੀ ਬਣ ਚੁਕੀ ਸੂਝ ਅਨੁਸਾਰ ਗੁਰਬਾਣੀ ਨੂੰ ਸਮਝਣ ਦਾ ਯਤਨ ਕਰਦੀ। ਇਸ ਪ੍ਰਕਾਰ 1927 ਤੋਂ ਸ਼ੁਰੂ ਕਰਕੇ 1928 ਤੱਕ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕ ਵਾਰ ਵਿਆਕਰਣ ਅਨੁਸਾਰ ਅਰਥ ਕਰ ਲਏ ਗਏ।

## 5.10 ਬੇਰੁਜ਼ਗਾਰੀ ਦਾ ਬਿਪਤਾ ਭਰਿਆ ਸਮਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੁੜ ਨੌਕਰੀ

ਗੁਜਰਾਂਵਾਲਾ ਕਾਲਜ ਵਿਚ ਅਧਿਆਪਨ ਦੇ ਕਾਰਜ ਦੌਰਾਨ ਮਈ 1929 ਵਿਚ ਸਰਦਾਰ ਜੋਧ ਸਿੰਘ ਰਾਹੀ ਪ੍ਰੋ. ਸਾਹਿਬ ਸਿੰਘ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਪੰਜਾਬੀ ਵਿਸ਼ੇ ਦੀ ਖਾਲੀ ਪਈ ਆਸਾਮੀ ਉੱਪਰ ਉਨ੍ਹਾਂ ਦੀ ਨਿਯੁਕਤੀ ਸੰਬੰਧੀ ਚਿੱਠੀ ਆਈ। ਖਾਲਸਾ ਕਾਲਜ ਵਿਚ ਉਨ੍ਹਾਂ ਨੇ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਪਹੁੰਚਣਾ ਸੀ। ਗੁਜਰਾਂਵਾਲਾ ਕਾਲਜ ਦੀ ਕਮੇਟੀ ਨੇ ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਹੀ ਜੂਨ ਮਹੀਨੇ ਪ੍ਰੋ. ਸਾਹਿਬ ਸਿੰਘ ਨੂੰ ਕਾਲਜ ਦੇ ਕੰਮ ਤੋਂ ਵਿਹਲਾ ਕਰ ਦਿੱਤਾ ਪ੍ਰੰਤੂ ਛੁਟੀਆਂ ਖਤਮ ਹੋਣ ਤੋਂ ਪਹਿਲਾਂ ਹੀ ਗੁਜਰਾਂਵਾਲਾ ਕਾਲਜ ਦੇ ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਨੂੰ ਖਾਲਸਾ ਕਾਲਜ ਵੱਲੋਂ ਚਿੱਠੀ ਆਈ ਕਿ ਪ੍ਰੋ. ਸਾਹਿਬ ਸਿੰਘ ਨੂੰ ਉੱਥੇ ਨਹੀਂ ਰੱਖਿਆ ਜਾ ਸਕਦਾ। ਬਾਅਦ ਵਿਚ ਇਸ ਦਾ ਇਹ ਕਾਰਨ ਸਾਹਮਣੇ ਆਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੀਤ ਸਕੱਤਰ ਦੇ ਅਹੁਦੇ ਦੌਰਾਨ ਪ੍ਰੋ. ਸਾਹਿਬ ਸਿੰਘ ਨੇ ਅੰਗਰੇਜ਼ੀ ਸਰਕਾਰ ਦੇ ਖ਼ਿਲਾਫ਼ ਅਕਾਲੀ ਮੋਰਚਿਆਂ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ ਸੀ।

ਪ੍ਰੋ. ਸਾਹਿਬ ਸਿੰਘ ਲਈ ਇਹ ਬਹੁਤ ਬਿਪਤਾ ਭਰਿਆ ਸਮਾਂ ਸੀ ਕਿਉਂਕਿ ਗੁਜਰਾਂਵਾਲਾ ਕਾਲਜ ਉਹ ਛੱਡ ਚੁੱਕੇ ਸਨ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਨੇ ਉਨ੍ਹਾਂ ਨੂੰ ਰੱਖਣ ਤੋਂ ਜਵਾਬ ਦੇ ਦਿੱਤਾ ਸੀ। ਬੇਰੁਜ਼ਗਾਰੀ ਦੀ ਸੂਰਤ ਵਿਚ ਪਰਿਵਾਰ ਦੇ ਪਾਲਣ ਪੋਸ਼ਣ ਦਾ ਸੰਕਟ ਉਨ੍ਹਾਂ ਦੇ ਸਾਹਮਣੇ ਖੜ੍ਹਾ ਸੀ। ਅਜਿਹੇ ਸੰਕਟਕਾਲੀ ਸਮੇਂ ਨਾਲ ਨਜਿੱਠਣ ਲਈ ਉਨ੍ਹਾਂ ਨੇ 'ਜੀਵਨ' ਨਾਮ ਦਾ ਮਾਸਿਕ ਪੱਤਰ ਸ਼ੁਰੂ ਕਰਨ ਦਾ ਫੈਸਲਾ ਕੀਤਾ। ਇਸ ਮਾਸਕ ਪੱਤਰ ਲਈ ਉਨ੍ਹਾਂ ਨੇ ਭੱਟ

ਬਾਣੀ ਦਾ ਸਟੀਕ ਕਰਨਾ ਆਰੰਭ ਕੀਤਾ ਜੋ ਤਿੰਨ ਮਹੀਨਿਆਂ ਵਿਚ ਪੂਰਾ ਹੋ ਗਿਆ। ਅਕਤੂਬਰ ਮਹੀਨੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸਰਦਾਰ ਸੋਹਨ ਸਿੰਘ ਨੂੰ ਜਦੋਂ ਪ੍ਰੋ. ਸਾਹਿਬ ਸਿੰਘ ਦੀ ਬੇਰੋਜ਼ਗਾਰੀ ਵਾਲੀ ਹਾਲਤ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੂੰ 150 ਰੁਪਏ ਮਹੀਨਾ ਤੇ ਦਫਤਰ ਦੇ ਸੁਪਰਡੈਂਟ ਦੀ ਨੌਕਰੀ ਤੇ ਲਗਵਾ ਦਿੱਤਾ।

### 5.11 ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਵਜੋਂ ਅਧਿਆਪਨ ਦਾ ਕਾਰਜ

ਇਸ ਬਿਪਤਾ ਵਾਲੇ ਸਮੇਂ ਦੌਰਾਨ ਕੁਝ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨੌਕਰੀ ਕਰਨ ਤੋਂ ਬਾਅਦ, ਅਖੀਰ ਨਵੰਬਰ, 1929 ਨੂੰ ਖਾਲਸਾ ਕਾਲਜ ਦੇ ਪ੍ਰਧਾਨ ਸਰਦਾਰ ਸੁੰਦਰ ਸਿੰਘ ਮਜੀਠੀਆ ਨਾਲ ਸਮੁੱਚੀ ਗੱਲਬਾਤ ਕਰਨ ਤੋਂ ਬਾਅਦ ਉਨ੍ਹਾਂ ਨੇ ਖਾਲਸਾ ਕਾਲਜ ਵਿਚ ਅਧਿਆਪਨ ਦਾ ਕਾਰਜ ਆਰੰਭ ਕੀਤਾ। ਇਸ ਅਧਿਆਪਨ ਕਾਰਜ ਦੌਰਾਨ ਉਹ ਖਾਲਸਾ ਕਾਲਜ ਵਿਚ ਪੰਜਾਬੀ ਅਤੇ ਧਰਮ ਅਧਿਐਨ ਦੀਆਂ ਕਲਾਸਾਂ ਲੈਂਦੇ ਰਹੇ। ਵਿਦਿਆਰਥੀਆਂ ਵੱਲੋਂ ਕੀਤੇ ਗਏ ਸਵਾਲਾਂ ਦੇ ਸੰਬੰਧ ਵਿਚ ਉਨ੍ਹਾਂ ਨੇ ਗੁਰ ਇਤਿਹਾਸ ਦਾ ਨਵੇਂ ਸਿਰੇ ਤੋਂ ਅਧਿਐਨ ਕਰਨਾ ਸ਼ੁਰੂ ਕੀਤਾ ਅਤੇ ਬਾਅਦ ਵਿਚ ਉਨ੍ਹਾਂ ਦਾ ਖੋਜ-ਭਰਪੂਰ ਗੁਰ ਇਤਿਹਾਸ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋਇਆ।

1935 ਵਿਚ ਗੁਜਰਾਂਵਾਲਾ ਕੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਦੌਰਾਨ ਪ੍ਰੋ. ਸਾਹਿਬ ਸਿੰਘ ਨੇ ਲਗਭਗ ਡੇਢ ਘੰਟਾ ਗੁਰਬਾਣੀ ਵਿਆਕਰਣ ਅਤੇ ਖੋਜ ਭਰਭੂਰ ਲੈਕਚਰ ਦਿੱਤਾ ਜਿਸ ਨੂੰ ਸਰੋਤਿਆਂ ਦੁਆਰਾ ਬਹੁਤ ਪਸੰਦ ਕੀਤਾ ਗਿਆ। ਇਸ ਸਮਾਗਮ ਤੋਂ ਬਾਅਦ ਉਨ੍ਹਾਂ ਨੇ ਪ੍ਰਿੰਸੀਪਲ ਗੰਗਾ ਸਿੰਘ ਸਿੰਘ ਦੀ ਪ੍ਰੇਰਨਾ ਦੁਆਰਾ ਸੱਦ ਬਾਣੀ ਦਾ ਟੀਕਾ ਲਿਖਿਆ ਜੋ ਪ੍ਰਿੰਸੀਪਲ ਗੰਗਾ ਸਿੰਘ ਦੁਆਰਾ ਜਾਰੀ ਕੀਤੇ ਗਏ ਮਾਸਕ ਪੱਤਰ 'ਅੰਮ੍ਰਿਤ' ਵਿਚ ਛਪਿਆ। ਇਸ ਸਮੇਂ ਦੌਰਾਨ ਹੀ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕ ਬਾਣੀਆਂ ਦੇ ਟੀਕੇ ਕੀਤੇ। ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਉਹ 1952 ਈ. (ਆਪਣੀ ਰਿਟਾਇਰਮੈਂਟ ਦੇ ਸਮੇਂ) ਤੱਕ ਤਕ ਪੜ੍ਹਾਉਂਦੇ ਰਹੇ।

### 5.12 ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਵਜੋਂ

ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਰਿਟਾਇਰ ਹੋਣ ਤੋਂ ਬਾਅਦ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਲਜ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਬਤੌਰ ਪ੍ਰਿੰਸੀਪਲ 1954-62 ਤੱਕ ਸੇਵਾਵਾਂ ਨਿਭਾਉਂਦੇ ਰਹੇ।

### 5.13 ਗੁਰਮਤਿ ਕਾਲਜ ਪਟਿਆਲਾ ਵਿਚ

ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਬਾਅਦ ਪ੍ਰੋ. ਸਾਹਿਬ ਸਿੰਘ ਆਪਣੇ ਛੋਟੇ ਸਪੁੱਤਰ ਡਾਕਟਰ ਦਲਜੀਤ ਸਿੰਘ ਨਾਲ ਪਟਿਆਲਾ ਨਿਵਾਸ ਦੌਰਾਨ 1968 ਵਿਚ ਕੁਝ ਸਮੇਂ ਲਈ ਗੁਰਮਤਿ ਕਾਲਜ, ਪਟਿਆਲਾ ਵਿਚ ਵਿਦਿਆਰਥੀਆਂ ਦੀਆਂ ਗੁਰਮਤਿ ਦੀਆਂ ਕਲਾਸਾ ਲਗਾਉਂਦੇ ਰਹੇ।

### 5.14 ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਡੀ. ਲਿਟ. ਦੀ ਉਪਾਧੀ ਨਾਲ ਸਨਮਾਨ

ਪ੍ਰੋ. ਸਾਹਿਬ ਸਿੰਘ ਦੀਆਂ ਗੁਰਬਾਣੀ ਪ੍ਰਤੀ ਖੋਜ ਸੇਵਾਵਾਂ ਨੂੰ ਵੇਖਦੇ ਹੋਏ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 6 ਜਨਵਰੀ, 1971 ਈ. ਨੂੰ ਅੱਠਵੀਂ ਸਲਾਨਾ ਕਨਵੋਕੇਸ਼ਨ ਦੌਰਾਨ ਡਾਕਟਰ ਆਫ ਲਿਟਰੇਚਰ (ਔਨਰਿਸ ਕਾਜ਼ਾ) ਦੀ ਡਿਗਰੀ ਦੇ ਕੇ ਸਨਮਾਨਿਤ ਕੀਤਾ ਗਿਆ। ਉਸ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾਕਟਰ ਕਿਰਪਾਲ ਸਿੰਘ ਨਾਰੰਗ ਸਨ।

### 5.15 ਅਕਾਲ ਚਲਾਣਾ

ਪ੍ਰੋ. ਸਾਹਿਬ ਸਿੰਘ ਆਪਣੀ ਸਮੁੱਚੀ ਜ਼ਿੰਦਗੀ ਗੁਰੂ ਸਾਹਿਬ ਦੁਆਰਾ ਬਖਸ਼ੀ ਬੁੱਧੀਮਤਾ ਅਤੇ ਸਿੱਖੀ ਸਿਦਕ ਨਾਲ ਗੁਰਬਾਣੀ ਅਧਿਐਨ ਦੁਆਰਾ ਸਿੱਖ ਪੰਥ ਦੀ ਸੇਵਾ ਕਰਦੇ ਰਹੇ। ਆਪਣੀ ਜ਼ਿੰਦਗੀ ਦੇ ਅਖੀਰਲੇ ਦਹਾਕੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਕਰਨ ਤੋਂ ਬਾਅਦ ਨਿਰੰਤਰ ਦਿਮਾਗੀ ਕਾਰਜ ਕਰਦੇ ਰਹਿਣ ਕਰਕੇ ਉਹ ਪਾਰਕਿਨਸਨ ਨਾਮਕ ਖਤਰਨਾਕ ਬਿਮਾਰੀ ਨਾਲ ਗ੍ਰਸਤ ਹੋ ਗਏ ਜਿਸ ਨੇ ਉਨ੍ਹਾਂ ਦੀ ਦਿਮਾਗੀ ਸ਼ਕਤੀ 'ਤੇ ਬਹੁਤ ਘਾਤਕ ਅਸਰ ਕੀਤਾ। ਇਸ ਬਿਮਾਰੀ ਨਾਲ ਲਗਾਤਾਰ ਅੱਠ ਸਾਲ ਬੀਤਣ ਤੋਂ ਬਾਅਦ 29 ਅਕਤੂਬਰ, 1977 ਨੂੰ ਆਪਣੇ ਸਭ ਤੋਂ ਛੋਟੇ ਸਪੁੱਤਰ

ਡਾਕਟਰ ਦਲਜੀਤ ਸਿੰਘ ਦੇ ਘਰ ਅੰਮ੍ਰਿਤਸਰ ਵਿਖੇ ਦੋ ਮਹੀਨੇ ਦੀ ਬੇਹੋਸ਼ੀ ਤੋਂ ਬਾਅਦ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਚਲੇ ਜਾਣ ਨਾਲ ਸਿਖ ਪੰਥ ਨੂੰ ਸਮਰਪਿਤ ਇਕ ਉੱਚ ਕੋਟੀ ਦਾ ਵਿਦਵਾਨ ਗੁਰਸਿੱਖ ਹਮੇਸ਼ਾ ਲਈ ਸਾਡੇ ਤੋਂ ਦੂਰ ਹੋ ਗਿਆ ਜਿਸ ਦਾ ਘਾਟਾ ਕਦੀ ਵੀ ਪੂਰਾ ਨਹੀਂ ਹੋ ਸਕਦਾ।

## 5.16 ਪ੍ਰੋ. ਸਾਹਿਬ ਸਿੰਘ ਦੀਆਂ ਰਚਨਾਵਾਂ

ਪ੍ਰੋ. ਸਾਹਿਬ ਸਿੰਘ ਆਪਣੀ ਸਮੁੱਚੀ ਜ਼ੰਦਿਗੀ ਦੌਰਾਨ ਆਪਣੀ ਕਲਮ ਰਾਹੀਂ ਸਿੱਖ ਪੰਥ ਦੀ ਸੇਵਾ ਕਰਦੇ ਰਹੇ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਦਾ ਇੱਕ ਬੇਸ਼ਕੀਮਤੀ ਖਜ਼ਾਨਾ ਸਿੱਖ ਪੰਥ ਦੀ ਝੋਲੀ ਵਿਚ ਪਾਇਆ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

(ੳ) ਗੁਰਬਾਣੀ ਸਟੀਕ

1. ਸਵਯੇ ਸ੍ਰੀ ਮੁਖ ਵਾਕ ਮਹਲਾ ੫ ਤੇ ਭੱਟਾਂ ਦੇ ਸਵਈਏ ਸਟੀਕ
2. ਆਸਾ ਦੀ ਵਾਰ ਸਟੀਕ
3. ਸਦੁ ਸਟੀਕ
4. ਸੁਖਮਨੀ ਸਾਹਿਬ ਸਟੀਕ
5. ਸਲੋਕ ਫਰੀਦ ਜੀ ਸਟੀਕ
6. ਦਸ ਵਾਰਾਂ ਸਟੀਕ
7, ਸਲੋਕ ਗੁਰੂ ਅੰਗਦ ਦੇਵ ਜੀ ਸਟੀਕ
8. ਸਤੇ ਬਲਵੰਡ ਦੀ ਵਾਰ ਸਟੀਕ
9. ਭਗਤ ਬਾਣੀ ਸਟੀਕ (ਪੰਜ ਭਾਗਾਂ ਵਿਚ)
10. ਸਟੀਕ ਜਾਪੁ ਸਾਹਿਬ ਤੇ ਦਸ ਸਵੱਈਏ
11. ਚਾਰ ਵਾਰਾਂ ਸਟੀਕ
12. ਸਿਧ ਗੋਸਟਿ ਸਟੀਕ
13. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸ ਪੋਥੀਆਂ)

(ਅ) ਲੇਖ ਸੰਗ੍ਰਹਿ

1. ਧਾਰਮਿਕ ਲੇਖ (ਬੁਰਾਈ ਦਾ ਟਾਕਰਾ)
2. ਗੁਰਮਤਿ ਪ੍ਰਕਾਸ਼
3. ਚਾਨਣ ਮੁਨਾਰੇ
4. ਧਰਮ ਤੇ ਸਦਾਚਾਰ
5. ਸਰਬੱਤ ਦਾ ਭਲਾ
6. ਸਿਖ ਸਿਦਕ ਨਾ ਹਾਰੇ
7. ਆਦਿ ਬੀੜ ਬਾਰੇ
8. ਸਦਾਚਾਰਕ ਲੇਖ
9. ਸਿਮਰਨ ਦੀਆਂ ਬਰਕਤਾਂ ਤੋਂ ਹੋਰ ਲੇਖ

(ੲ) ਵਿਆਕਰਣ

1. ਗੁਰਬਾਣੀ ਪ੍ਰਬੰਧ
2. ਪੰਜਾਬੀ ਸੋਹਜ ਪ੍ਰਕਾਸ਼
3. ਗੁਰਬਾਣੀ ਵਿਆਕਰਣ

(ਸ) ਜੀਵਨੀ/ਸਵੈ-ਜੀਵਨੀ

1. ਜੀਵਨ ਬ੍ਰਿਤਾਂਤ - ਸ੍ਰੀ ਗੁਰੂ ਨਾਨਕ ਦੇਵ ਜੀ
2. ਜੀਵਨ ਬ੍ਰਿਤਾਂਤ - ਸ੍ਰੀ ਗੁਰੂ ਅੰਗਦ ਦੇਵ ਜੀ
3. ਜੀਵਨ ਬ੍ਰਿਤਾਂਤ-ਸ੍ਰੀ ਗੁਰੂ ਅਮਰਦਾਸ ਜੀ
4. ਜੀਵਨ ਬ੍ਰਿਤਾਂਤ-ਸ੍ਰੀ ਗੁਰੂ ਰਾਮਦਾਸ ਜੀ
5. ਜੀਵਨ ਬ੍ਰਿਤਾਂਤ-ਸ੍ਰੀ ਗੁਰੂ ਅਰਜਨ ਦੇਵ ਜੀ
6. ਜੀਵਨ ਬ੍ਰਿਤਾਂਤ - ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
7, ਜੀਵਨ ਬ੍ਰਿਤਾਂਤ- ਸ੍ਰੀ ਗੁਰੂ ਹਰਿ ਰਾਇ ਤੇ ਹਰਿਕ੍ਰਿਸ਼ਨ ਜੀ
8. ਜੀਵਨ ਬ੍ਰਿਤਾਂਤ -ਸ੍ਰੀ ਗੁਰੂ ਤੇਗ ਬਹਾਦਰ ਜੀ
9. ਜੀਵਨ ਬ੍ਰਿਤਾਂਤ - ਸ੍ਰੀ ਗੁਰੂ ਗੋਬਿੰਦ ਸਾਹਿਬ ਜੀ
10. ਮੇਰੀ ਜੀਵਨ ਕਹਾਣੀ-ਸੰਪਾਦਕ ਪ੍ਰੋ. ਪ੍ਰੀਤਮ ਸਿੰਘ

(ਹ) ਹੋਰ ਪੁਸਤਕਾਂ

1. ਰੱਬੀ ਗੱਲਾਂ
2. ਰੱਬੀ ਬਾਣ
3. ਰੱਬੀ ਜਲਵਾ
4. ਗੁਰਬਾਣੀ ਤੇ ਇਤਿਹਾਸ ਬਾਰੇ
5. ਬੁਰਾਈ ਦਾ ਟਾਕਰਾ
6, ਪੰਜਾਬੀ ਛੰਦ ਤੇ ਅਲੰਕਾਰ
7. ਗੁਰ ਇਤਿਹਾਸ
8 . ਰੱਬੀ ਭੇਟ

## 5.17 ਮਾਨ ਸਨਮਾਨ

● 1939 ਈ. ਵਿਚ 'ਗੁਰਬਾਣੀ ਵਿਆਕਰਣ' ਪੁਸਤਕ ਨੂੰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 1000 ਰੁਪਏ ਦੀ ਸਨਮਾਨ ਰਾਸ਼ੀ।

● 1952 ਵਿਚ 'ਸਿਖ ਸਿਦਕੁ ਨ ਹਾਰੇ' ਨੂੰ ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨ।

●ਸਿੰਘ ਸਭਾ ਬੈਂਕਾਕ ਵਲੋਂ ਸਾਹਿਤਕ ਪ੍ਰਾਪਤੀਆਂ ਲਈ ਸਨਮਾਨ।

● ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ 1971 ਈ. ਵਿਚ ਗੁਰਬਾਣੀ ਅਧਿਐਨ ਅਤੇ ਪੰਜਾਬੀ ਸਾਹਿਤ ਸੰਬੰਧੀ ਖੋਜ ਭਰਪੂਰ ਕਾਰਜਾਂ ਲਈ ਡੀ. ਲਿਟ. ਦੀ ਡਿਗਰੀ।

●ਪੰਜਾਬੀ ਸਾਹਿਤ ਅਕਾਦਮੀ ਵਲੋਂ ਫੈਲੋਸ਼ਿਪ।

## 5.18 ਪ੍ਰੋ. ਸਾਹਿਬ ਸਿੰਘ ਦੀ ਗੁਰਬਾਣੀ ਦੀ ਵਿਆਖਿਆਕਾਰੀ/ਟੀਕਾਕਾਰੀ ਦੀਆਂ ਮੁੱਖ ਵਿਸ਼ੇਸ਼ਤਾਵਾਂ

ਪ੍ਰੋ. ਸਾਹਿਬ ਸਿੰਘ ਦੀ ਗੁਰਬਾਣੀ ਦੀ ਵਿਆਖਿਆਕਾਰੀ/ਟੀਕਾਕਾਰੀ ਦੀਆਂ ਪ੍ਰਗਟ ਹੋਣ ਵਾਲੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ-

● ਪ੍ਰੋ. ਸਾਹਿਬ ਸਿੰਘ ਦੀ ਗੁਰਬਾਣੀ ਨਾਲ ਸੰਬੰਧਿਤ ਸਮੁੱਚੀ ਟੀਕਾਕਾਰੀ ਵਿਆਕਰਣਿਕ ਨਿਯਮਾਂ 'ਤੇ ਆਧਾਰਿਤ ਹੈ। ਇਹ ਉਹੀ ਵਿਆਕਰਣਿਕ ਨਿਯਮ ਹਨ ਜਿਨ੍ਹਾਂ ਨੂੰ ਪ੍ਰੋ. ਸਾਹਿਬ ਸਿੰਘ ਨੇ ਲਗਭਗ 12 ਸਾਲਾਂ ਦੀ ਮਿਹਨਤ ਤੋਂ ਬਾਅਦ 'ਗੁਰਬਾਣੀ ਵਿਆਕਰਣ' ਪੁਸਤਕ ਦੇ ਰੂਪ ਵਿਚ ਤਿਆਰ ਕੀਤਾ। ਗੁਰਬਾਣੀ ਦੇ ਟੀਕੇ ਦੌਰਾਨ ਉਨ੍ਹਾਂ ਨੇ ਸਮੁੱਚੀ ਗੁਰਬਾਣੀ ਦੇ ਵਿਆਕਰਣਿਕ ਨਿਯਮਾਂ ਵਿਚ ਰਚੀ ਹੋਣ ਦੀ ਵਿਚਾਰ ਦੀ ਪੁਸ਼ਟੀ ਕੀਤੀ ਹੈ ਅਤੇ ਟੀਕਾ ਕਰਨ ਦੌਰਾਨ ਕਿਸੇ ਥਾਂ ਵੀ ਇਸ ਨਿਯਮ ਨੂੰ ਅੱਖੋਂ ਓਹਲੇ ਨਹੀਂ ਕੀਤਾ।

●ਗੁਰਬਾਣੀ ਦੇ ਅਰਥ ਕੀਤੇ ਜਾਣ ਲਈ ਪ੍ਰੋ. ਸਾਹਿਬ ਸਿੰਘ ਨੇ 'ਇਕ ਤੁਕ-ਇਕ ਅਰਥ' ਵਾਲੇ ਸਿਧਾਂਤ ਨੂੰ ਅਪਣਾਇਆ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਗੁਰਬਾਣੀ ਦੀ ਇੱਕ ਤੁਕ ਦੇ ਕੇਵਲ ਇੱਕ ਅਰਥ ਹੀ ਹੋ ਸਕਦੇ ਹਨ। ਇਹ ਅਰਥ ਗੁਰਬਾਣੀ ਸਿਧਾਂਤ ਅਤੇ ਗੁਰਬਾਣੀ ਵਿਆਕਰਣ ਦੀ ਰੌਸ਼ਨੀ ਵਿਚ ਹੀ ਭਲੀ-ਭਾਂਤ ਕੀਤੇ ਜਾ ਸਕਦੇ ਹਨ। ਗੁਰਬਾਣੀ ਦੀ ਕਿਸੇ ਇੱਕ ਤੁਕ ਦੇ ਇਕ ਤੋਂ ਜ਼ਿਆਦਾ ਅਰਥ ਕਰਨੇ ਗੁਰਬਾਣੀ ਵਿਚਾਰਧਾਰਾ ਦਾ ਨਿਰਾਦਰ ਹੈ।

● ਗੁਰਬਾਣੀ ਦੇ ਕਿਸੇ ਸ਼ਬਦ ਦੇ ਅਰਥ ਕੀਤੇ ਜਾਣ ਸਮੇਂ ਉਸ ਸ਼ਬਦ ਵਿਚ ਆਏ ਕਠਿਨ ਭਾਵ ਅਰਥਾਂ ਬਾਰੇ ਵੀ ਦੱਸਿਆ ਗਿਆ ਹੈ।

●ਗੁਰਬਾਣੀ ਦੇ ਕਿਸੇ ਸ਼ਬਦ ਦਾ ਟੀਕਾ ਕਰਦੇ ਹੋਏ ਸੰਬੰਧਿਤ ਸ਼ਬਦ ਦੇ ਉਚਾਰਣ ਅਤੇ ਵਿਸ਼ਰਾਮ ਸੰਬੰਧੀ ਵੀ ਸੇਧ ਪ੍ਰਦਾਨ ਕੀਤੀ ਗਈ ਹੈ ਅਤੇ ਵਿਆਖਿਆ ਨੂੰ ਆਪਣੇ ਟੀਕੇ ਦਾ ਵਿਸ਼ਾ ਬਣਾਉਣ ਤੋਂ ਸੰਕੋਚ ਕੀਤਾ ਗਿਆ ਹੈ।

● ਪ੍ਰੋ. ਸਾਹਿਬ ਸਿੰਘ ਗੁਰਬਾਣੀ ਸੰਬੰਧੀ ਇਸ ਵਿਚਾਰ ਦੇ ਧਾਰਨੀ ਸਨ ਕਿ ਗੁਰਬਾਣੀ ਵਿਚ ਕਿਤੇ ਵੀ ਦੋ ਸ਼ਬਦਾਂ ਦੀ ਵਿਚਾਰਧਾਰਾ ਵਿਚ ਵਿਰੋਧਾਭਾਸ ਨਹੀਂ ਹੈ। ਬਾਹਰੀ ਦ੍ਰਿਸ਼ਟੀ ਤੋਂ ਕਈ ਵਾਰ ਇਹ ਵਿਰੋਧਾਭਾਸ ਉਸ ਸਮੇਂ ਹੀ ਮਹਿਸੂਸ ਹੁੰਦਾ ਹੈ ਜਦੋਂ ਉਹ ਕਿਸੇ ਸ਼ਬਦ ਦੀ ਇਕੱਲੀ ਪੰਕਤੀ ਜਾਂ ਇਕੱਲੇ ਸ਼ਬਦ ਨੂੰ ਹੀ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ। ਜੇਕਰ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਜਾਂ ਸ਼ਬਦਾਂ ਨੂੰ ਦੂਸਰੇ ਸ਼ਬਦਾਂ ਨਾਲ ਲੜੀ ਰੂਪ ਵਿਚ ਵਿਚਾਰ ਕੇ ਸਮਝਿਆ ਜਾਵੇ ਤਾਂ ਇਹ ਵਿਰੋਧਾਭਾਸ ਕਿਤੇ ਵੀ ਦਿਖਾਈ ਨਹੀਂ ਦਿੰਦਾ। ਆਪਣੇ ਇਸ ਵਿਚਾਰ ਨੂੰ ਉਨ੍ਹਾਂ ਨੇ ਗੁਰਬਾਣੀ ਟੀਕੇ ਵਿਚ ਅਨੇਕਾਂ ਥਾਵਾਂ 'ਤੇ ਸਪਸ਼ਟ ਕੀਤਾ ਹੈ।

● ਸ਼ਬਦ ਦਾ ਟੀਕਾ ਕਰਨ ਸਮੇਂ ਸੰਬੰਧਤ ਸ਼ਬਦ ਦੀ ਅੰਕਾਂਵਲੀ ਸੰਬੰਧੀ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਜਿਸ ਦੀ ਉਨ੍ਹਾਂ ਤੋਂ ਪਹਿਲਾਂ ਹੋ ਚੁੱਕੇ ਗੁਰਬਾਣੀ ਟੀਕਿਆਂ ਵਿਚ ਅਣਹੋਂਦ ਸੀ। ਇਸੇ ਤਰ੍ਹਾਂ ਪ੍ਰੋ. ਸਾਹਿਬ ਸਿੰਘ ਨੇ ਅੰਕਾਂ ਦੇ ਉਚਾਰਨ ਬਾਰੇ ਵੀ ਰੌਸ਼ਨੀ ਪਾਈ ਹੈ । ਇਨ੍ਹਾਂ ਅੰਕਾਂ ਨੂੰ 'ਇਕ', 'ਦੋ', 'ਤਿੰਨ' ਆਦਿ ਪੜ੍ਹਨਾ ਗ਼ਲਤ ਦੱਸਿਆ ਹੈ। ਗੁਰਬਾਣੀ ਦੇ ਵਿਚੋਂ ਹੀ ਮਿਸਾਲਾਂ ਲੱਭ ਕੇ ਇਸ ਤੱਥ ਨੂੰ ਪੇਸ਼ ਕੀਤਾ ਹੈ, ਜਿਵੇਂ ਸਿਰੀ ਰਾਗੁ ਮਹਲਾ ਪਹਿਲਾ ੧ (ਪੰਨਾ 14) ਅੰਕ ੧ ਨੂੰ ਪੜ੍ਹਨਾ ਹੈ- 'ਪਹਿਲਾ' । ਇਸੇ ਤਰ੍ਹਾਂ 'ਵਡਹੰਸੁ ਮਹਲ 3 ਮਹਲਾ ਤੀਜਾ' (ਪੰਨਾ 163) ਅੰਕ ਨੂੰ ਤੀਜਾ ਪੜ੍ਹਨਾ ਹੈ ।

● ਗੁਰਬਾਣੀ ਦੇ ਅਰਥ ਸਿੱਖੀ ਸਿਧਾਂਤਾਂ ਅਨੁਸਾਰ ਆਧੁਨਿਕ ਢੰਗ ਰਾਹੀਂ ਕੀਤੇ ਗਏ ਹਨ। ਇਨ੍ਹਾਂ ਅਰਥਾਂ ਨੂੰ ਸੰਪਰਦਾਈ ਅਤੇ ਬ੍ਰਾਹਮਣਵਾਦੀ ਪ੍ਰਭਾਵ ਤੋਂ ਮੁਕਤ ਰੱਖਣ ਦਾ ਯਤਨ ਕੀਤਾ ਗਿਆ ਹੈ।

● ਪ੍ਰੋ. ਸਾਹਿਬ ਸਿੰਘ ਨੇ ਸ਼ਬਦ ਉਚਾਰਨ ਅਤੇ ਇਤਿਹਾਸਕ ਸਾਖੀਆਂ ਨੂੰ ਆਪਣੇ ਟੀਕੇ ਦਾ ਹਿੱਸਾ ਨਹੀਂ ਬਣਾਇਆ ਸਗੋਂ ਉਨ੍ਹਾਂ ਨੇ ਆਪਣੀਆਂ ਕੁਝ ਰਚਨਾਵਾਂ ਵਿਚ ਗੁਰਬਾਣੀ ਦੇ ਸ਼ਬਦਾਂ ਨਾਲ ਸੰਬੰਧਤ ਸਾਖੀਆਂ ਨੂੰ ਜੋਰਦਾਰ ਦਲੀਲਾਂ ਰਾਹੀਂ ਖੰਡਨ ਵੀ ਕੀਤਾ ਹੈ।

● ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਸ਼ਬਦਾਂ ਦੇ ਸਿਰਲੇਖ ਵਿਚ ਆਉਣ ਵਾਲੇ ਮਹਲਾ ਪਦ ਦੇ ਉਚਾਰਨ ਸੰਬੰਧੀ ਉਨ੍ਹਾਂ ਨੇ ਦਲੀਲ ਪੂਰਬਕ ਢੰਗ ਰਾਹੀਂ ਖੋਜ ਭਰਪੂਰ ਜਾਣਕਾਰੀ ਪ੍ਰਦਾਨ ਕੀਤੀ ਹੈ।

● ਗੁਰਬਾਣੀ ਸ਼ਬਦਾਂ ਦੇ ਅਰਥਾਂ ਦੀ ਲੜੀ ਜੋੜਨ ਲਈ ਕਈ ਥਾਵਾਂ 'ਤੇ ਇਨ੍ਹਾਂ ਅਰਥਾਂ ਵਿਚ ਆਪਣੇ ਕੋਲੋਂ ਵਾਰਤਕ ਜੋੜ ਕੇ ਉਸਦਾ ਅਜਿਹਾ ਰੂਪ ਬਣਾਇਆ ਗਿਆ ਹੈ ਜਿਸ ਨਾਲ ਪਾਠਕਾਂ ਨੂੰ ਸੋਖੇ ਢੰਗ ਨਾਲ ਸਮਝ ਆ ਜਾਂਦੀ ਹੈ। ਇਹ ਵਾਧੂ ਵਾਰਤਕ ਬਰੈਕਟਾਂ ਵਿਚ ਦਿੱਤੀ ਗਈ ਹੈ।

● ਗੁਰਬਾਣੀ ਦੀਆਂ ਬਹੁਤ ਸਾਰੀਆਂ ਪੰਕਤੀਆਂ ਦਾ ਪਦ ਛੇਦ ਪੁਰਾਤਨ ਰਵਾਇਤ ਤੋਂ ਹਟ ਕੇ ਕੀਤਾ ਗਿਆ ਹੈ। ਜਿਵੇਂ ਗੌਂਡ ਕਬੀਰ ਵਿਚ ਕਈ ਲੋਕ ਪਾਠ ਕਰਦੇ ਹਨ : 'ਗੁਪਤੀ ਖਾਵਹਿ ਵਟਿ ਕਾ ਸਾਰੀ'', ਪਰ ਪ੍ਰੋ.: ਸਾਹਿਬ ਸਿੰਘ ਇਸ ਤੁੱਕ ਦਾ ਅਸਲ ਪਾਠ 'ਗੁਪਤੀ ਖਾਵਹਿ ਵਟਿਕਾ ਸਾਰੀ' ਕਰਦੇ ਹਨ। ਇਸ ਤਰ੍ਹਾਂ ਸ਼ੇਖ਼ ਫ਼ਰੀਦ ਭਾਗ ਦੇ ਸਲੋਕਾਂ ਵਿਚ 'ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ' ਦਾ ਪਾਠ 'ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈਸਰੁ ਲੋਹਾਰੁ' ਕਰਦੇ ਹਨ।

● ਪ੍ਰੋ. ਸਾਹਿਬ ਸਿੰਘ ਨੇ ਇਹ ਵਿਚਾਰ ਪੇਸ਼ ਕੀਤਾ ਗਿਆ ਕਿਸੇ ਸ਼ਬਦ ਦੇ ਕੇਂਦਰੀ ਭਾਵ ਸੰਬੰਧੀ ਉਸ ਸ਼ਬਦ ਦੀਆਂ ਰਹਾਉ ਵਾਲੀਆਂ ਤੁਕ ਅਗਵਾਈ ਪ੍ਰਦਾਨ ਕਰਦੀ ਹੈ। ਉਹ ਇਸ ਵਿਚਾਰ ਦੇ ਹਾਮੀ ਸਨ ਕਿ ਕਿਸੇ ਵੀ ਸ਼ਬਦ ਦੀ ਰਹਾਉ

ਵਾਲੀ ਤੁਕ ਵਿਚ ਉਸ ਸਬਦ ਦਾ ਕੇਂਦਰੀ ਭਾਵ ਹੁੰਦਾ ਹੈ। ਉਨ੍ਹਾਂ ਨੇ ਆਪਣੇ ਗੁਰਬਾਣੀ ਦੇ ਟੀਕੇ ਵਿਚ ਕਿਸੇ ਵਿਚਾਰਧਾਰਾ ਅਨੁਸਾਰ ਹੀ ਗੁਰਬਾਣੀ ਸ਼ਬਦਾਂ ਦਾ ਟੀਕਾ ਕੀਤਾ ਹੈ।

● ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਬਾਣੀਕਾਰਾਂ ਦੀ ਬਾਣੀ ਸੰਬੰਧੀ ਪ੍ਰੋ. ਸਾਹਿਬ ਸਿੰਘ ਦਾ ਵਿਚਾਰ ਹੈ ਕਿ ਇਸ ਬਾਣੀ ਵਿਚੋਂ ਕਿਸੇ ਵੀ ਸ਼ਬਦ ਦੀ ਰਚਨਾ ਗੁਰੂ ਸਾਹਿਬਾਨ ਨੇ ਆਪਣੇ ਗੁਰੂ ਬਣਨ ਤੋਂ ਪਹਿਲਾਂ ਨਹੀਂ ਕੀਤੀ ਕਿਉਂਕਿ ਇਸ ਬਾਣੀ ਦੇ ਹਰ ਸ਼ਬਦ ਵਿਚ ਨਾਨਕ ਛਾਪ ਦੀ ਮੁਹਰ ਮੌਜੂਦ ਹੈ। ਇਸ ਮੁਹਰ ਦੀ ਵਰਤੋਂ ਗੁਰੂ ਸਾਹਿਬਾਨ ਦੁਆਰਾ ਗੁਰੂ ਬਨਣ ਤੋਂ ਬਾਅਦ ਹੀ ਕੀਤੀ ਜਾਣੀ ਸੰਭਵ ਹੈ।

## 5.19 ਪ੍ਰੋ. ਸਾਹਿਬ ਸਿੰਘ ਦੀ ਸ਼ਖ਼ਸੀਅਤ

ਪ੍ਰੋ. ਸਾਹਿਬ ਸਿੰਘ ਸਿੱਖੀ ਜ਼ਜਬੇ ਨਾਲ ਭਰਪੂਰ ਗੁਰਬਾਣੀ ਦੇ ਖੋਜੀ ਬਿਰਤੀ ਵਾਲੇ ਵਿਦਵਾਨ ਸਨ। ਉਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਗੁਰਬਾਣੀ ਅਧਿਐਨ ਨੂੰ ਸਮਰਪਿਤ ਕੀਤਾ। ਉਨ੍ਹਾਂ ਦੇ ਸਮੁੱਚੇ ਜੀਵਨ ਅਤੇ ਕੀਤੇ ਗਏ ਕਾਰਜਾਂ ਤੋਂ ਉਨ੍ਹਾਂ ਦੀ ਲਾਸਾਨੀ ਸ਼ਖ਼ਸੀਅਤ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਨ੍ਹਾਂ ਦੀ ਸ਼ਖ਼ਸੀਅਤ ਵਿਚੋਂ ਪ੍ਰਗਟ ਹੋਣ ਵਾਲੇ ਮੁੱਖ ਪੱਖ ਇਸ ਪ੍ਰਕਾਰ ਹਨ-

### 5.19.1. ਗੁਰਬਾਣੀ ਅਧਿਐਨ ਨੂੰ ਸਮਰਪਿਤ ਸੱਚੇ ਸੁੱਚੇ ਗੁਰਸਿੱਖ

ਪ੍ਰੋ. ਸਾਹਿਬ ਸਿੰਘ ਜਨਮ ਅਧਾਰਤ ਸਿੱਖੀ ਦੇ ਧਾਰਨੀ ਨਾ ਹੋ ਕੇ, ਸਿੱਖੀ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਆਪਣੀ ਨਿਜੀ ਪਸੰਦ ਦੁਆਰਾ ਸਿੱਖੀ ਨੂੰ ਧਾਰਨ ਕਰਨ ਵਾਲੇ ਗੁਰਸਿਖ ਸਨ। ਉਨ੍ਹਾਂ ਦਾ ਸਮੁੱਚਾ ਜੀਵਨ ਗੁਰਸਿੱਖੀ ਵਾਲੇ ਜੀਵਨ ਦੀ ਇੱਕ ਪ੍ਰਤਖ ਮਿਸਾਲ ਸੀ।

ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅਧਿਆਪਨ-ਕਾਰਜ ਦੌਰਾਨ ਉਨ੍ਹਾਂ ਬਾਰੇ ਪਤਾ ਚਲਦਾ ਹੈ ਕਿ ਉਹ ਅੰਮ੍ਰਿਤ ਵੇਲੇ ਉੱਠ ਕੇ ਜ਼ਰੂਰੀ ਕੰਮ ਨਿਬੇੜਣ ਤੋਂ ਬਾਅਦ ਗੁਰਬਾਣੀ ਦਾ ਪਾਠ ਕਰਦੇ ਅਤੇ ਗੁਰਦੁਆਰਾ ਸਾਹਿਬ ਵਿਚ ਰੋਜ਼ਾਨਾ ਇਕ ਘੰਟਾ ਕਥਾ ਦੀ ਹਾਜ਼ਰੀ ਭਰਨ ਉਪਰੰਤ ਹੀ ਸਵੇਰ ਦਾ ਨਾਸ਼ਤਾ ਕਰਦੇ। ਗੁਰਬਾਣੀ ਅਧਿਐਨ ਨੂੰ ਉਹ ਇੰਨਾ ਜ਼ਿਆਦਾ ਸਮਰਪਤ ਸਨ ਕਿ ਸੈਰ ਆਦਿਕ ਕਰਨ ਦੇ ਵਿਹਲੇ ਸਮੇਂ ਵਿਚ ਵੀ ਅੰਦਰੋ-ਅੰਦਰੀ ਗੁਰਬਾਣੀ ਪਾਠ ਦੀ ਕਿਸੇ ਅੜਾਉਣੀ ਨੂੰ ਸੁਲਝਾਉਂਦੇ ਰਹਿੰਦੇ।

ਇਹ ਉਨ੍ਹਾਂ ਨੂੰ ਗੁਰੂ ਸਾਹਿਬ ਵਲੋਂ ਬਖਸ਼ਿਸ਼ ਕੀਤੀ ਹੋਈ ਅਗੰਮੀ ਪ੍ਰੇਰਨਾ ਸ਼ਕਤੀ ਹੀ ਸੀ ਕੀ ਉਹ ਹੋਰ ਪੈਸਿਆਂ ਦੀ ਥਾਂ ਤੇ ਗੁਰਬਾਣੀ ਅਧਿਐਨ ਨੂੰ ਪਹਿਲ ਦਿੰਦੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਵਾਲੀ ਵੱਧ ਤਨਖਾਹ ਵਾਲੀ ਨੌਕਰੀ ਛੱਡ ਕੇ ਉਨ੍ਹਾਂ ਨੇ ਖਾਲਸਾ ਕਾਲਜ, ਗੁਜਰਾਂਵਾਲਾ ਦੀ ਇਸ ਤੋਂ ਘੱਟ ਤਨਖਾਹ ਵਾਲੀ ਨੌਕਰੀ ਇਸ ਲਈ ਕੀਤੀ ਤਾਂ ਕਿ ਉਹ ਆਪਣੀ ਗੁਰਬਾਣੀ ਅਧਿਐਨ ਦੀ ਇੱਛਾ ਦੀ ਪੂਰਤੀ ਕਰ ਸਕਣ। ਜਦੋ ਪੰਜਾਬ ਦੇ ਸਕੂਲ ਐਜੂਕੇਸ਼ਨ ਬੋਰਡ ਨੇ ਪ੍ਰੋ. ਪ੍ਰੀਤਮ ਸਿੰਘ ਰਾਹੀਂ ਪ੍ਰੋ. ਸਾਹਿਬ ਸਿੰਘ ਨੂੰ ਪੰਜਾਬੀ ਵਿਆਕਰਣ ਤਿਆਰ ਕਰਨ ਲਈ ਕਿਹਾ ਅਤੇ ਇਸ ਕਾਰਜ ਲਈ ਚੰਗੀ ਖਾਸੀ ਰਕਮ ਦੇਣ ਦੀ ਪੇਸ਼ਕਸ਼ ਵੀ ਕੀਤੀ ਪ੍ਰੰਤੂ ਉਨ੍ਹਾਂ ਨੇ ਕਿਸ ਕੰਮ ਲਈ ਇਨਕਾਰ ਕਰਦੇ ਹੋਏ ਸ. ਪ੍ਰੀਤਮ ਸਿੰਘ ਨੂੰ ਕਿਹਾ,"ਪ੍ਰੀਤਮ ਸਿੰਘ ਜੀ ! ਇਸ ਸਰੀਰ ਦਾ ਕੋਈ ਭਰਵਾਸਾ ਨਹੀਂ, ਕਿਸ ਵੇਲੇ ਜਵਾਬ ਦੇ ਜਾਵੇ। ਮੈਂ ਗੁਰਬਾਣੀ ਵਿਆਕਰਣ ਦਾ ਸੰਕਲਪ ਕੀਤਾ ਸੀ, ਸੋ ਗੁਰੂ ਪਾਤਿਸ਼ਾਹ ਨੇ ਸਿਰੇ ਚਾੜ੍ਹ ਦਿੱਤਾ, ਗੁਰੂ ਗ੍ਰੰਥ ਸਾਹਿਬ ਦੇ ਟੀਕੇ ਤੇ 'ਗੁਰ ਇਤਿਹਾਸ' ਬਾਰੇ ਸੰਕਲਪ ਬਣਿਆ ਹੋਇਆ ਹੈ। ਜੇ ਮੈਂ ਪੈਸਿਆਂ ਪਿੱਛੇ ਕੋਈ ਕੰਮ ਕਰਨਾ ਹੁੰਦਾ ਤਾਂ ਇਹ ਕੰਮ ਕਦੀ ਨਾ ਹੋ ਸਕਦੇ। ਮੇਰੇ ਪਾਸ ਜੋ ਸਮਾਂ ਹੈ ਉਸ ਦਾ ਇਕ ਇਕ ਪਲ ਗੁਰੂ ਲਈ ਹੈ; ਵਿਆਕਰਣਾਂ ਲਿਖ ਕੇ ਪੈਸੇ ਕਮਾਉਣ ਲਈ ਹੋਰ ਬਥੇਰੇ।"

### 5.19.2 ਮਿਹਨਤੀ ਅਤੇ ਹੌਂਸਲੇ ਨਾਲ ਭਰਪੂਰ ਸ਼ਖ਼ਸੀਅਤ

ਮਿਹਨਤ ਅਤੇ ਹੌਸਲਾ ਪ੍ਰੋ. ਸਾਹਿਬ ਸਿੰਘ ਦੀ ਸ਼ਖਸੀਅਤ ਦਾ ਇਕ ਅਹਿਮ ਪੱਖ ਸੀ। ਸਕੂਲ ਅਤੇ ਕਾਲਜ ਦੀ ਪੜ੍ਹਾਈ ਦੌਰਾਨ ਉਨ੍ਹਾਂ ਨੇ ਆਪਣੀ ਮਿਡਲ, ਦਸਵੀਂ, ਐਫ. ਏ ਅਤੇ ਬੀ. ਏ. ਦੀਆਂ ਕਲਾਸਾਂ ਆਪਣੀ ਮਿਹਨਤ ਰਾਹੀਂ ਚੰਗੇ ਨੰਬਰ ਲੈ ਕੇ ਪਾਸ ਕੀਤੀਆਂ ਜਿਸ ਦੇ ਬਦਲੇ ਉਨ੍ਹਾਂ ਨੂੰ ਵਜ਼ੀਫ਼ੇ ਵੀ ਪ੍ਰਾਪਤ ਹੁੰਦੇ ਰਹੇ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ

ਮੁਢਲਾ ਪੜਾਅ ਗਰੀਬੀ ਵਾਲੀ ਹਾਲਤ ਵਿਚ ਆਰਥਕ ਮੁਸ਼ਕਲਾਂ ਨਾਲ ਜੂਝਦੇ ਹੋਏ ਗੁਜ਼ਾਰਿਆ ਪਰੰਤੂ ਉਨ੍ਹਾਂ ਨੇ ਕਦੀ ਵੀ ਹੌਸਲਾ ਨਾ ਛੱਡਿਆ। ਡਾਕਖਾਨੇ ਦੇ ਕਲਰਕ ਵਾਲੀ ਸਰਕਾਰੀ ਨੌਕਰੀ ਛੱਡ ਕੇ ਕਾਲਜ ਦੀ ਪੜ੍ਹਾਈ ਸ਼ੁਰੂ ਕਰਨਾ ਉਨ੍ਹਾਂ ਦੇ ਹੌਸਲੇ ਦੀ ਪ੍ਰਤੱਖ ਉਦਾਹਰਨ ਹੈ। ਨੌਕਰੀ ਛੱਡ ਕੇ ਕਾਲਜ ਦੀ ਪੜ੍ਹਾਈ ਉਨ੍ਹਾਂ ਨੇ ਇਸ ਲਈ ਸ਼ੁਰੂ ਕੀਤੀ ਤਾਂ ਕਿ ਉਹ ਕਾਲਜ ਦੀ ਪੜ੍ਹਾਈ ਤੋਂ ਬਾਅਦ ਵੱਡੀ ਨੌਕਰੀ ਕਰਕੇ ਘਰ ਦਾ ਕਰਜ਼ਾ ਲਾਹ ਸਕਣ ਅਤੇ ਆਪਣੀਆਂ ਅਧਿਐਨ ਦੀਆਂ ਰੁਚੀਆਂ ਨੂੰ ਵੀ ਪੂਰਾ ਕਰ ਸਕਣ।

ਖਾਲਸਾ ਕਾਲਜ ਗੁਜਰਾਂਵਾਲਾ ਵਿਚ ਅਸਤੀਫਾ ਦੇਣ ਤੋਂ ਬਾਅਦ ਜਦੋਂ ਖਾਲਸਾ ਕਾਲਜ ਅੰਮ੍ਰਿਤਸਰ ਵਾਲਿਆਂ ਨੇ ਉਨ੍ਹਾਂ ਨੂੰ ਕਾਲਜ ਵਿਚ ਰੱਖਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੇ ਹਿੰਮਤ ਛੱਡਣ ਦੀ ਥਾਂ ਜੀਵਨ ਨਾਮ ਦਾ ਮਾਸਿਕ ਪੱਤਰ ਸ਼ੁਰੂ ਕਰਕੇ ਇਸ ਪੱਤਰ ਲਈ ਭੱਟ ਬਾਣੀ ਦਾ ਸਟੀਕ ਤਿੰਨ ਮਹੀਨਿਆਂ ਸੰਪੂਰਨ ਕਰਕੇ ਆਪਣੇ ਦ੍ਰਿੜ੍ਹ ਹੌਸਲੇ ਦਾ ਸਬੂਤ ਦਿੱਤਾ।

### 5.19.3 ਸਾਦਾ ਜੀਵਨ ਬਤੀਤ ਕਰਨ ਵਾਲੇ

ਦਿਖਾਵੇ ਅਤੇ ਬਾਹਰੀ ਚਮਕ-ਦਮਕ ਵਾਲੀ ਜ਼ਿੰਦਗੀ ਦੀ ਥਾਂ ਪ੍ਰੋ. ਸਾਹਿਬ ਸਿੰਘ ਸਾਦਾ ਜੀਵਨ ਜਿਉਣ ਨੂੰ ਪਹਿਲ ਦਿੰਦੇ ਸਨ। ਉਨ੍ਹਾਂ ਦੀ ਜਿੰਦਗੀ ਵਿਚ ਬਾਹਰੀ ਦਿਖਾਵੇ ਦੀ ਕੋਈ ਥਾਂ ਨਹੀਂ ਸੀ। ਗਵਰਨਮੈਂਟ ਕਾਲਜ, ਲਾਹੌਰ ਵਿਚ ਦਾਖਲਾ ਲੈਣ ਤੋਂ ਬਾਅਦ ਕਾਲਜ ਜਾਣ ਤੋਂ ਪਹਿਲਾਂ, ਕਾਲਜ ਵਿਚ ਪੜ੍ਹ ਰਹੇ ਉਨ੍ਹਾਂ ਦੇ ਨਜ਼ਦੀਕੀ ਪਿੰਡ ਦੇ ਵਿਦਿਆਰਥੀ ਹਜ਼ਾਰਾ ਸਿੰਘ ਨੇ ਪ੍ਰੋ. ਸਾਹਿਬ ਸਿੰਘ ਦੀ ਗਰੀਬੀ ਅਤੇ ਸਾਦੇ ਲਿਬਾਸ ਦਾ ਮਜ਼ਾਕ ਉਡਾਉਂਦੇ ਹੋਏ ਕਿਹਾ, "ਸ਼ਕਲ ਤਾਂ ਵੇਖੋ ਗਵਰਨਮੈਂਟ ਕਾਲਜ ਵਿਚ ਦਾਖ਼ਲ ਹੋਣ ਵਾਲੇ ਦੀ। ਤੂੰ ਦਸ ਸਾਲ ਇਕ ਕੋਟ ਨਾਲ ਗੁਜ਼ਾਰਨੇ ਹਨ, ਤੇ ਓਥੇ ਲੜਕੇ ਇਕ ਦਿਨ ਵਿਚ ਦਸ ਦਸ ਕੋਟ ਬਦਲਾਂਦੇ ਹਨ। ਜਾਤਿ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨਾਲ ਜੱਫੇ।" ਪ੍ਰੋ. ਸਾਹਿਬ ਸਿੰਘ ਨੇ ਇਸ ਦਾ ਉੱਤਰ ਦਿੱਤਾ, "ਹਜ਼ਾਰਾ ਸਿੰਘ ਜੀ ! ਮੈਂ ਓਥੇ ਸਿਰਫ਼ ਪੜ੍ਹਨ ਜਾਣਾ ਹੈ, ਮੈਨੂੰ ਕੋਟ ਪਾਣ ਦੀ ਜਾਚ ਸਿੱਖਣ ਨਹੀਂ ਜਾਣਾ।"

ਪ੍ਰੋ. ਸਾਹਿਬ ਸਿੰਘ ਦੀ ਸਾਦਗੀ ਵਾਲੀ ਅਜਿਹੀ ਹੀ ਘਟਨਾ ਉਸ ਸਮੇਂ ਨਾਲ ਸੰਬੰਧਿਤ ਹੈ ਜਦੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਉਨ੍ਹਾਂ ਨੂੰ ਡੀ. ਲਿਟ ਦੀ ਡਿਗਰੀ ਪ੍ਰਦਾਨ ਕੀਤੀ। ਓਦੋਂ ਉਹ ਆਪਣੇ ਛੋਟੇ ਸਪੁੱਤਰ ਦਲਜੀਤ ਪਾਸ ਪਟਿਆਲੇ ਵਿਚ ਰਹਿੰਦੇ ਸਨ। ਰੱਬੜ-ਟਾਇਰਾਂ ਦੇ ਥੱਲੇ ਵਾਲੇ ਇੰਚ ਇੰਚ ਮੋਟੇ ਹੰਢੇ ਹੋਏ ਪੁਰਾਣੇ ਤੇ ਗਾਂਢਿਆਂ ਵਾਲੇ ਬੂਟ ਪਾ ਕੇ, ਇਕ ਸਸਤਾ ਤੌਲੀਆ ਮੋਢੇ ਉੱਤੇ ਸੁੱਟ ਕੇ, ਬਿਨਾਂ ਪ੍ਰੈਸ ਕੀਤੇ ਪਜਾਮੇ-ਕੁੜਤੇ ਨਾਲ ਉਹ ਡਾਕਟਰ ਸਾਹਿਬ ਸਿੰਘ ਬਣਨ ਲਈ ਤਿਆਰ ਹੋਏ ਤਾਂ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਆਪਣੀ ਕਾਇਆ ਕਲਪਣ ਉੱਤੇ ਬੜਾ ਜ਼ੋਰ ਲਾਇਆ, ਪਰ ਉਨ੍ਹਾਂ ਕਿਹਾ, "ਵਿਖਾਵਾ ਸਾਰੀ ਉਮਰ ਨਹੀਂ ਕੀਤਾ, ਹੁਣ ਕਿਸ ਨੂੰ ਖ਼ੁਸ਼ ਕਰਨ ਲਈ ਕਰਨਾ ਹੈ ?" ਅਜਿਹੇ ਸਾਦਗੀ ਭਰੇ ਜੀਵਨ ਦੇ ਧਾਰਨੀ ਸਨ, ਪ੍ਰੋ. ਸਾਹਿਬ ਸਿੰਘ।

### 5.19.4 ਗੁਰਬਾਣੀ ਦੇ ਸੁਚੱਜੇ ਟੀਕਾਕਾਰ

ਪ੍ਰੋ. ਸਾਹਿਬ ਸਿੰਘ ਗੁਰਬਾਣੀ ਦੇ ਟੀਕਾਕਾਰ ਵਜੋਂ ਵਿਸ਼ੇਸ਼ ਤੌਰ ਤੇ ਜਾਣੇ ਜਾਂਦੇ ਹਨ ਜਿਨ੍ਹਾਂ ਨੇ ਗੁਰਬਾਣੀ ਟੀਕਾਕਾਰੀ ਦੇ ਕਈ ਨਵੇਂ ਨਿਯਮ ਸਥਾਪਤ ਕੀਤੇ। ਗੁਰਬਾਣੀ ਪਾਠ ਦੇ ਵਿਆਕਰਣਿਕ ਨਿਯਮਾਂ ਅਨੁਸਾਰ ਪਦ-ਛੇਦ, ਔਖੇ ਪਦ ਅਰਥ, ਬਿਸਰਾਮ, ਗੁਰਬਾਣੀ ਦੀ ਇਕ ਤੁਕ-ਇਕ ਅਰਥ ਆਦਿ ਉਨ੍ਹਾਂ ਦੀ ਟੀਕਾਕਾਰੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ। ਵਿਆਕਰਣਿਕ ਨਿਯਮਾਂ ਅਨੁਸਾਰ ਗੁਰਬਾਣੀ ਦਾ ਸੰਪੂਰਨ ਟੀਕਾ ਕਰਨ ਵਾਲੇ ਉਹ ਪਹਿਲੇ ਟੀਕਾਕਾਰ ਹਨ। ਭਗਤ ਬਾਣੀ ਸਟੀਕ, ਰਾਮਕਲੀ ਸਦ ਸਟੀਕ ਆਦਿ ਉਨ੍ਹਾਂ ਦੀ ਟੀਕਾਕਾਰੀ ਦਾ ਸੁੰਦਰ ਨਮੂਨਾ ਹਨ ਜਿਸ ਵਿਚ ਉਨ੍ਹਾਂ ਨੇ ਗੁਰਮਤਿ ਵਿਰੋਧੀ ਪ੍ਰਚਲਤ ਧਾਰਨਾਵਾਂ ਅਤੇ ਅਰਥਾਂ ਦਾ ਖੰਡਨ ਕਰਦੇ ਹੋਏ ਗੁਰਮਤਿ ਸਿਧਾਂਤਾਂ ਅਨੁਸਾਰ ਸੁਚੱਜੇ ਢੰਗ ਰਾਹੀਂ ਅਰਥ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਸ ਭਾਗਾਂ ਵਿਚ ਕੀਤਾ ਗਿਆ ਟੀਕਾ, ਉਨ੍ਹਾਂ ਦੀ ਟੀਕਾਕਾਰੀ ਦੀ ਇਕ ਬੇਹਤਰੀਨ ਮਿਸਾਲ ਹੈ।

### 5.19.5 ਉੱਚ ਕੋਟੀ ਦੇ ਵਿਦਵਾਨ

ਅਧਿਐਨ-ਅਧਿਆਪਨ ਦੀਆ ਰੁਚੀਆਂ ਦੇ ਮਾਲਕ ਪ੍ਰੋ. ਸਾਹਿਬ ਸਿੰਘ ਉੱਚ ਕੋਟੀ ਦੀ ਵਿਦਵਤਾ ਦੇ ਮਾਲਕ ਸਨ। ਉਨ੍ਹਾਂ ਦੀਆਂ ਗੁਰਬਾਣੀ ਟੀਕਾਕਾਰੀ, ਵਿਆਖਿਆਕਾਰੀ ਅਤੇ ਗੁਰ ਇਤਿਹਾਸ ਨਾਲ ਸੰਬੰਧਿਤ ਰਚਨਾਵਾਂ ਇਸ ਗੱਲ ਨੂੰ ਪ੍ਰਮਾਣਿਤ ਕਰਦੀਆਂ ਹਨ ਕਿ ਉਹ ਉੱਚ ਕੋਟੀ ਦੇ ਵਿਦਵਾਨ ਸਨ। ਸੰਸਕ੍ਰਿਤ ਭਾਸ਼ਾ ਵਿਚ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਮੁਹਾਰਤ ਹਾਸਲ ਸੀ ਜਿਸ ਨੂੰ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਭਲੀ-ਭਾਂਤ ਵੇਖਿਆ ਜਾ ਸਕਦਾ ਹੈ। ਭਗਤ ਬਾਣੀ ਦੇ ਵਿਰੋਧੀਆਂ ਨੂੰ ਉਨ੍ਹਾਂ ਨੇ ਜਿਸ ਢੰਗ ਰਾਹੀਂ ਭਗਤ ਬਾਣੀ ਦੇ ਅਰਥ ਕਰਕੇ ਲਾਜਵਾਬ ਕੀਤਾ, ਉਹ ਆਪਣੇ ਆਪ ਵਿਚ ਵਿਦਵਤਾ ਦੀ ਇੱਕ ਸੁੰਦਰ ਮਿਸਾਲ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੇ ਪੱਖ ਬਾਰੇ ਲਿਖੀ ਗਈ ਪੁਸਤਕ 'ਆਦਿ ਬੀੜ ਬਾਰੇ' ਉਨ੍ਹਾਂ ਦੀ ਕਲਮ ਦੀ ਤਾਕਤ ਨੂੰ ਉਘਾੜ ਕੇ ਪੇਸ਼ ਕਰਦੀ ਹੈ। ਭੱਟ-ਬਾਣੀ ਸੰਬੰਧੀ ਉਨ੍ਹਾਂ ਦੁਆਰਾ ਕੀਤਾ ਗਿਆ ਖੋਜ ਭਰਪੂਰ ਟੀਕਾ ਆਪਣੇ ਆਪ ਵਿਚ ਲਾਸਾਨੀ ਹੈ। ਭਗਤ ਬਾਣੀਕਾਰਾਂ ਅਤੇ ਭੱਟ ਬਾਣੀਕਾਰਾਂ ਬਾਰੇ ਉਨ੍ਹਾਂ ਨੇ ਆਪਣੀ ਖੋਜ ਭਰਪੂਰ ਬਿਰਤੀ ਰਾਹੀਂ ਅਜਿਹੀ ਜਾਣਕਾਰੀ ਪੇਸ਼ ਕੀਤੀ ਜਿਸ ਦੀ ਉਨ੍ਹਾਂ ਤੋਂ ਪਹਿਲਾਂ ਲਗਭਗ ਬਿਲਕੁਲ ਅਣਹੋਂਦ ਸੀ।

### 5.19.6 ਇਤਿਹਾਸਕਾਰ ਵਜੋਂ

ਗੁਰ ਇਤਿਹਾਸ ਸੰਬੰਧੀ ਪ੍ਰੋ. ਸਾਹਿਬ ਸਿੰਘ ਦੀਆਂ ਖੋਜ ਭਰਪੂਰ ਰਚਨਾਵਾਂ ਉਨ੍ਹਾਂ ਨੂੰ ਇੱਕ ਇਤਿਹਾਸਕਾਰ ਵਜੋਂ ਵੀ ਸਥਾਪਤ ਕਰਦੀਆਂ ਹਨ। ਭਾਵੇਂ ਉਨ੍ਹਾਂ ਦੀ ਇਤਿਹਾਸ ਲੇਖਣ ਦਾ ਦਾਇਰਾ ਸੀਮਿਤ ਸੀ ਪਰ ਉਨ੍ਹਾਂ ਨੇ ਇਸ ਸੀਮਤ ਦਾਇਰੇ ਵਿਚ ਵਿਚ ਵੀ ਵਿਸ਼ੇਸ਼ ਢੰਗ ਰਾਹੀਂ ਆਪਣੀ ਕਲਮ ਦੇ ਹੁਨਰ ਨੂੰ ਪੇਸ਼ ਕੀਤਾ। ਖਾਲਸਾ ਕਾਲਜ ਵਿਚ ਅਧਿਆਪਨ-ਕਾਰਜ ਦੌਰਾਨ ਉਨ੍ਹਾਂ ਨੇ ਵਿਗਿਆਨਕ ਢੰਗ ਰਾਹੀ ਗੁਰ ਇਤਿਹਾਸ ਲਿਖਣਾ ਅਰੰਭ ਕੀਤਾ ਜਿਸ ਵਿਚ ਕਰਾਮਾਤਾਂ, ਗੈਰ ਸਿਧਾਂਤਕ ਸਾਖੀਆਂ ਅਤੇ ਅਵਿਗਿਆਨਿਕ ਤੱਥਾਂ ਦੀ ਬਿਲਕੁਲ ਅਣਹੋਂਦ ਸੀ। ਸਿੱਖੀ ਸਿਧਾਂਤਾਂ ਤੇ ਪੂਰੀਆਂ ਨਾ ਉਤਰਨ ਵਾਲੀਆਂ ਅਵਿਗਿਆਨਕ ਸਾਖੀਆਂ ਦਾ ਉਨ੍ਹਾਂ ਨੇ ਅਨੇਕਾਂ ਥਾਵਾਂ 'ਤੇ ਦਲੀਲ ਪੂਰਬਕ ਢੰਗ ਨਾਲ ਖੰਡਨ ਕੀਤਾ, ਜਿਵੇਂ 'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ' ਵਾਲੇ ਸ਼ਬਦ ਨੂੰ ਬਾਬਾ ਮੋਹਨ ਦੀ ਪੋਥੀ ਵਾਲੀ ਘਟਨਾ, 'ਮੇਰਾ ਮਨ ਲੋਚੈ ਗੁਰ ਦਰਸਨ ਤਾਈ' ਵਾਲੇ ਸ਼ਬਦ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਬਨਣ ਤੋਂ ਪਹਿਲਾਂ ਲਾਹੌਰ ਤੋਂ ਗੁਰੂ ਰਾਮਦਾਸ ਜੀ ਨੂੰ ਚਿੱਠੀਆਂ ਦੇ ਰੂਪ ਵਿਚ ਭੇਜਣ ਵਾਲੀ ਸਾਖੀ ਆਦਿ ਦਾ ਪ੍ਰੋ. ਸਾਹਿਬ ਦੁਆਰਾ ਕੀਤਾ ਗਿਆ ਖੰਡਨ।

### 5.19.7 ਨਿਡਰਤਾ ਵਾਲੇ ਗੁਣਾਂ ਦੇ ਧਾਰਨੀ

ਪ੍ਰੋ. ਸਾਹਿਬ ਸਿੰਘ ਇੱਕ ਨਿਡਰ ਸ਼ਖ਼ਸੀਅਤ ਦੇ ਮਾਲਕ ਸਨ ਜੋ ਬੇਬਾਕੀ ਨਾਲ ਸੱਚ ਤੇ ਪਹਿਰਾ ਦਿੰਦੇ ਸਨ। ਉਹ ਆਪਣੀ ਸੱਚੀ ਤੇ ਸਪੱਸ਼ਟ ਗੱਲ ਨੂੰ ਨਿਡਰਤਾ ਨਾਲ ਕਹਿਣ ਦੀ ਜੁਰਅਤ ਰੱਖਦੇ ਸਨ ਭਾਵੇਂ ਸਾਹਮਣੇ ਵਾਲਾ ਕਿੰਨੇ ਵੀ ਉੱਚੇ ਰੁਤਬੇ ਦਾ ਮਾਲਕ ਹੋਵੇ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਉਨ੍ਹਾਂ ਨੂੰ ਅਧਿਆਪਨ ਲਈ ਚੁਣੇ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਦੇ ਅਹੁਦੇ ਦੌਰਾਨ ਅਕਾਲੀ ਮੋਰਚੇ ਵਿਚ ਹਿੱਸਾ ਲੈਣ ਕਰਕੇ ਕਾਲਜ ਵਿਚ ਨਾ ਰੱਖਿਆ ਗਿਆ। ਆਪਣੇ ਨਾਲ ਹੋਈ ਇਸ ਵਧੀਕੀ ਸੰਬੰਧੀ ਉਨ੍ਹਾਂ ਨੇ ਕਾਲਜ ਦੇ ਪ੍ਰਧਾਨ ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਮਿਲੇ ਤਾਂ ਉਹ ਪ੍ਰੋ. ਸਾਹਿਬ ਸਿੰਘ ਨੂੰ ਭਾਈ ਮਰਦਾਨਾ ਦੀ ਕੋਈ ਸਾਖੀ ਸੁਣਾਉਣ ਲੱਗੇ ਲੱਗੇ ਤਾਂ ਪ੍ਰੋ. ਸਾਹਿਬ ਸਿੰਘ ਨੇ ਉਨ੍ਹਾਂ ਨੂੰ ਵਿਚੋਂ ਟੋਕਦੇ ਹੋਏ ਕਿਹਾ,"ਸਰਦਾਰ ਜੀ! ਮੈਨੂੰ ਬਥੇਰੀਆਂ ਸਾਖੀਆਂ ਆਉਂਦੀਆਂ ਹਨ, ਮੈਂ ਕੋਈ ਸਾਖੀ ਸੁਣਨ ਨਹੀਂ ਆਇਆ।" ਅਜਿਹੇ ਵਿਅਕਤੀ ਨੂੰ, ਜੋ ਕਾਲਜ ਦਾ ਪ੍ਰਧਾਨ ਸੀ, ਤੇ ਦੂਜੇ ਪਾਸੇ, ਪੰਜਾਬ ਸਰਕਾਰ ਦੀ ਐਗਜ਼ੈਕਟਿਵ ਕੌਂਸਲ ਦਾ ਮੈਂਬਰ ਸੀ (ਉਸ ਕੌਂਸਲ ਦੇ ਸਿਰਫ਼ ਤਿੰਨ ਮੈਂਬਰ ਸਨ) ਇਸ ਪ੍ਰਕਾਰ ਨਿਡਰਤਾ ਸਹਿਤ ਸਪੱਸ਼ਟ ਬੋਲ ਬੋਲ ਦੇਣੇ, ਆਪਣੇ ਆਪ ਵਿਚ ਨਿਡਰਤਾ ਦੀ ਇਕ ਅਨੋਖੀ ਮਿਸਾਲ ਸੀ।

ਇਸ ਸੰਬੰਧ ਵਿਚ ਉਹ ਜਦੋਂ ਕਾਲਜ ਦੇ ਪ੍ਰਿੰਸੀਪਲ ਸਰਦਾਰ ਬਿਸ਼ਨ ਸਿੰਘ ਨੂੰ ਮਿਲੇ ਤਾਂ ਪ੍ਰਿੰਸੀਪਲ ਦੇ ਵਰਤਾਓ ਤੋਂ ਬਾਅਦ ਉਨ੍ਹਾਂ ਨੇ ਪ੍ਰਿੰਸੀਪਲ ਨੂੰ ਕਿਹਾ,"ਤੁਸੀ ਜਾਇਦਾਦ ਵਾਲੇ ਭੀ ਹੋ ਤੇ ਪੈਨਸ਼ਨ ਭੀ ਲੈ ਰਹੇ ਹੋ। ਇਸ ਉਮਰੇ ਫੇਰ ਨੌਕਰੀ ਕਰਨ ਦੇ ਥਾਂ ਭਜਨ ਕਰਨਾ ਸੀ। ਜੇ ਮੇਰੇ ਪੱਲੇ ਚਾਰ ਪੈਸੇ ਹੁੰਦੇ ਤਾਂ ਕਿਉਂ ਦਰ ਦਰ ਰੁਲਦਾ ਫਿਰਦਾ ?"

ਇਕ ਵਾਰੀ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਕਿਸੇ ਪ੍ਰਮੁੱਖ ਅਧਿਕਾਰੀ ਦੇ ਘਰ ਲੜਕੀ ਦੀ ਸ਼ਾਦੀ ਸੀ। ਉਨ੍ਹਾਂ ਪ੍ਰੋ. ਸਾਹਿਬ ਨੂੰ ਵਿਆਹ ਦੀ ਰਸਮ ਭੁਗਤਾਉਣ ਲਈ ਬੁਲਾਇਆ। ਪ੍ਰੋ. ਸਾਹਿਬ ਨੇ ਉਨ੍ਹਾਂ ਨੂੰ ਨਾਂਹ ਕਰਦੇ ਹੋਏ ਕਿਹਾ, "ਮੈਂ ਕਾਲਜ ਵਿਚ ਮੁੰਡੇ ਪੜ੍ਹਾਣ ਦੀ ਤਨਖਾਹ ਲੈਂਦਾ ਹਾਂ, ਵਿਆਹ ਪੜਾਣ ਦੀ ਨਹੀਂ ਲੈਂਦਾ।" ਪ੍ਰੋ. ਸਾਹਿਬ ਸਿੰਘ ਵਰਗਾ ਅਜਿਹਾ ਨਿਡਰਤਾ ਵਾਲਾ ਗੁਣ ਬਹੁਤ ਘੱਟ ਗਿਣਤੀਆਂ ਵਿਚ ਵੇਖਣ ਨੂੰ ਮਿਲਦਾ ਹੈ।

## 5.20 ਸਾਰ

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪ੍ਰੋ. ਸਾਹਿਬ ਸਿੰਘ ਗੁਰਬਾਣੀ ਅਧਿਐਨ ਨੂੰ ਸਮਰਪਿਤ ਇਕ ਪਾਕ-ਸਾਫ਼ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਆਪਣੀ ਸਮੁੱਚੀ ਜ਼ਿੰਦਗੀ ਕਲਮ ਰਾਹੀਂ ਪੰਥ ਦੀ ਅਣਥੱਕ ਸੇਵਾ ਕੀਤੀ। ਉਨ੍ਹਾਂ ਦਾ ਜੀਵਨ ਖੋਜੀ ਬਿਰਤੀ ਵਾਲੇ ਇਕ ਸੱਚੇ ਸੁੱਚੇ ਗੁਰਸਿੱਖ਼ ਦੀ ਮਿਸਾਲ ਹੈ ਜਿਸ ਨੇ ਆਪਣੀ ਜ਼ਿੰਦਗੀ ਵਿਚ ਅਨੇਕਾਂ ਤੰਗੀਆਂ-ਤੁਰਸ਼ੀਆਂ ਸਹਿ ਕੇ ਵੀ ਸਿੱਖ ਜਗਤ ਨੂੰ ਉੱਚ ਪੱਧਰ ਦੀਆਂ ਰਚਨਾਵਾਂ ਭੇਟਾ ਕੀਤੀਆਂ। ਉਨ੍ਹਾਂ ਦੀਆਂ ਰਚਨਾਵਾਂ ਨੂੰ ਵੇਖ ਕੇ ਇਹ ਗੱਲ ਬਿਨਾਂ ਕਿਸੇ ਸੰਕੋਚ ਦੇ ਆਖੀ ਜਾ ਸਕਦੀ ਹੈ ਕਿ ਉਹ ਕੇਵਲ ਇਕ ਵਿਅਕਤੀ ਨਾ ਹੋ ਕੇ, ਇਕ ਸੰਸਥਾ ਰੂਪ ਸਨ।

## 5.21 ਪੜ੍ਹਨਯੋਗ ਪੁਸਤਕਾਂ


- ਅਬਨਾਸ਼ ਕੌਰ, ਪ੍ਰੋ. ਸਾਹਿਬ ਸਿੰਘ: ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- ਸਿੱਖ ਧਰਮ ਦੇ ਮਹਾਨ ਵਿਦਵਾਨ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ।
- ਹਰਭਜਨ ਸਿੰਘ, ਸਾਹਿਬ ਸਿੰਘ ਦੀ ਵਾਰਤਕ ਕਲਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
- ਪਿਆਰਾ ਸਿੰਘ ਪਦਮ, ਕਲਮ ਦੇ ਧਨੀ, ਕਲਮ ਮੰਦਰ, ਲੋਅਰ ਮਾਲ, ਪਟਿਆਲਾ।
- ਪ੍ਰਸਿੱਧ ਪੰਜਾਬੀ ਵਾਰਤਕਕਾਰ, ਜੀਵਨ ਸਿੰਘ (ਸੰਪਾ.), ਲਾਹੌਰ ਬੁੱਕ ਸ਼ਾਪ, ਲੁਧਿਆਣਾ।
- ਪ੍ਰੋ. ਸਾਹਿਬ ਸਿੰਘ, ਮੇਰੀ ਜੀਵਨ ਕਹਾਣੀ, ਪ੍ਰੋ. ਪ੍ਰੀਤਮ ਸਿੰਘ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ।

## ONE YEAR DIPLOMA IN SIKH THEOLOGY

### SEMESTER -II

### COURSE: SIKH THEOLOGIAN

### UNIT 6: DR. TARAN SINGH

**STRUCTURE**

6.0 ਉਦੇਸ਼

6.1 ਜਾਣ-ਪਛਾਣ

6.2 ਜਨਮ, ਮਾਤਾ-ਪਿਤਾ ਅਤੇ ਪਰਿਵਾਰ

6.3 ਵਿਦਿਆ ਪ੍ਰਾਪਤੀ

6.4 ਵੰਡ ਦਾ ਸੰਤਾਪ ਅਤੇ ਸਿਵਲ ਸਪਲਾਈ ਮਹਿਕਮੇ ਵਿਚ ਨੌਕਰੀ

6.5 ਵਿਆਹ ਅਤੇ ਸੰਤਾਨ

6.6 ਅਧਿਆਪਨ ਦਾ ਕਾਰਜ: ਅਕਾਦਮਿਕ ਸਫਰ

6.7 ਅਕਾਲ ਚਲਾਣਾ

6.8 ਰਚਨਾ ਸੰਸਾਰ

6.9 ਮਾਨ-ਸਨਮਾਨ

6.10 ਡਾ. ਤਾਰਨ ਸਿੰਘ ਗੁਰਬਾਣੀ ਦੀ ਵਿਆਖਿਆਕਾਰੀ/ਟੀਕਾਕਾਰੀ ਦੇ ਮੁੱਖ ਪੱਖ

6.11 ਡਾ. ਤਾਰਨ ਸਿੰਘ ਦੀ ਸ਼ਖ਼ਸੀਅਤ6

6.11.1 ਸਿੱਖੀ ਸਿਧਾਂਤਾਂ ਨੂੰ ਸਮਰਪਿਤ ਇਕ ਗੁਰਸਿੱਖ ਆਤਮਾ

6.11.2 ਉੱਚ ਕੋਟੀ ਦੇ ਵਿਦਵਾਨ ਅਤੇ ਦਾਰਸ਼ਨਿਕ

6.11.3 ਗੁਰਬਾਣੀ ਦੇ ਸੁਚੱਜੇ ਵਿਆਖਿਆਕਾਰ/ਟੀਕਾਕਾਰ

6.11.4 ਸਾਦਾ ਜੀਵਨ ਜਿਉਣ ਵਾਲੇ ਅਤੇ ਦਿਲਕਸ਼ ਸ਼ਖ਼ਸੀਅਤ ਦੇ ਮਾਲਕ

6.11.5 ਸਮੇਂ ਦੇ ਪਾਬੰਦ ਅਤੇ ਅਨੁਸ਼ਾਸਨ ਦੇ ਧਾਰਨੀ

6.11.6 ਇਮਾਨਦਾਰ, ਅਸੂਲਾਂ ਦੇ ਪੱਕੇ ਅਤੇ ਦ੍ਰਿੜ੍ਹ ਇਰਾਦਿਆਂ ਦੇ ਮਾਲਕ

6.12 ਸਾਰ

6.13 ਪੜ੍ਹਣਯੋਗ ਪੁਸਤਕਾਂ

## 6.0 ਉਦੇਸ਼

ਹੱਥਲਾ ਵਿਸ਼ਾ ਉੱਘੇ ਸਿੱਖ ਚਿੰਤਕ ਡਾ. ਤਾਰਨ ਸਿੰਘ ਨਾਲ ਸੰਬੰਧਿਤ ਹੈ। ਇਸ ਵਿਸ਼ੇ ਦਾ ਉਦੇਸ਼ ਡਾ. ਤਾਰਨ ਸਿੰਘ ਦੇ ਗੁਰਸਿੱਖੀ ਵਾਲੇ ਆਦਰਸ਼ਕ ਜੀਵਨ, ਉਨ੍ਹਾਂ ਦੀਆਂ ਵਿਦਵਤਾ ਭਰਪੂਰ ਰਚਨਾਵਾਂ ਅਤੇ ਸਖ਼ਸ਼ੀਅਤ ਨੂੰ ਸਿਲੇਬਸ ਵਾਲੇ ਪਾਠਕ੍ਰਮ ਦੇ ਰੂਪ ਵਿਚ ਪ੍ਰਸਤੁਤ ਕਰਨਾ ਹੈ।

## 6.1 ਜਾਣ-ਪਛਾਣ

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਸੰਸਥਾਪਕ ਅਤੇ ਪਹਿਲੇ ਮੁਖੀ, ਡਾ. ਤਾਰਨ ਸਿੰਘ (1922-1981) ਦਾ ਸਿੱਖ ਅਕਾਦਮਿਕਤਾ ਦੇ ਖੇਤਰ ਵਿਚ ਸਥਾਪਿਤ ਹੋਇਆ ਇਕ ਪ੍ਰਮੁੱਖ ਤੇ ਪ੍ਰਬੁੱਧ ਨਾਂ ਹੈ ਜਿਨ੍ਹਾਂ ਨੇ ਸਿੱਖ ਚਿੰਤਨ, ਗੁਰਬਾਣੀ ਅਧਿਐਨ, ਸਿੱਖ ਗੁਰੂ ਸਾਹਿਬਾਨ ਦੇ ਇਤਿਹਾਸ, ਪੰਜਾਬੀ ਸਾਹਿਤ ਅਤੇ ਧਰਮ ਅਧਿਐਨ ਦੇ ਬਹੁਪੱਖੀ ਖੇਤਰਾਂ ਵਿਚ ਪਾਠਕ ਜਗਤ ਨੂੰ ਆਪਣੀਆਂ ਉੱਚ ਪੱਧਰੀ ਰਚਨਾਵਾਂ ਦਾ ਵਡਮੁੱਲਾ ਖਜ਼ਾਨਾ ਪ੍ਰਦਾਨ ਕੀਤਾ। ਡਾ. ਤਾਰਨ ਸਿੰਘ ਦੀ ਇਸ ਬਹੁਪੱਖੀ ਪ੍ਰਤਿਭਾ ਨੂੰ ਦੇਖਦੇ ਹੋਏ ਅਸੀ ਬਿਨਾਂ ਝਿਜਕ ਇਹ ਗੱਲ ਕਹਿ ਸਕਦੇ ਹਾਂ ਕਿ ਉਹ ਇਕ ਵਿਅਕਤੀ ਨਾ ਹੋ ਕੇ ਇਕ ਸੰਸਥਾ ਰੂਪ ਸਨ। ਉਨ੍ਹਾਂ ਨੇ ਗੁਰਮਤਿ ਦਾ ਸਿਰਫ ਅਧਿਐਨ ਹੀ ਨਹੀਂ ਕੀਤਾ ਸਗੋਂ ਆਪਣੇ ਵਿਵਹਾਰਕ ਜੀਵਨ ਵਿਚ ਵੀ ਧਾਰਨ ਕੀਤਾ ਅਤੇ ਆਪਣੇ ਅੰਤਿਮ ਸਵਾਸਾਂ ਤੱਕ ਗੁਰਮਤਿ ਰਹਿਣੀ-ਬਹਿਣੀ ਦੇ ਪਾਬੰਦ ਰਹੇ। ਦੇਸ਼ ਵਿਦੇਸ਼ ਵਿਚ ਆਪ ਨੇ ਸਿੱਖ ਸਿਧਾਂਤਾਂ, ਰਹਿਤ ਮਰਯਾਦਾ ਸੰਬੰਧੀ ਵਿਆਖਿਆਨਾਂ ਰਾਹੀਂ ਸਿੱਖੀ ਪ੍ਰਚਾਰ ਦੀ ਸੇਵਾ ਕੀਤੀ। ਸਮੇਂ-ਸਮੇਂ 'ਤੇ ਡਾ. ਤਾਰਨ ਸਿੰਘ ਨੂੰ ਉਨ੍ਹਾਂ ਦੀਆਂ ਰਚਨਾਵਾਂ ਲਈ ਪੰਜਾਬੀ ਸਾਹਿਤ ਸਮੀਖਿਆ ਬੋਰਡ, ਭਾਸ਼ਾ ਵਿਭਾਗ ਪੰਜਾਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਦਿੱਲੀ ਵੱਲੋਂ ਸਨਮਾਨਿਤ ਕੀਤਾ ਗਿਆ ਜਿਸ ਤੋਂ ਅਸੀਂ ਉਨ੍ਹਾਂ ਦੀ ਵਿਦਵਤਾ ਦਾ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ। ਪ੍ਰਸਤੁਤ ਵਿਸ਼ਾ ਡਾ. ਤਾਰਨ ਸਿੰਘ ਦੇ ਜੀਵਨ, ਰਚਨਾਵਾਂ ਅਤੇ ਸ਼ਖ਼ਸੀਅਤ ਨਾਲ ਸੰਬੰਧਿਤ ਹੈ।

## 6.2 ਜਨਮ, ਮਾਤਾ-ਪਿਤਾ ਅਤੇ ਪਰਿਵਾਰ

ਡਾ. ਤਾਰਨ ਸਿੰਘ ਦਾ ਜਨਮ 8 ਫਰਵਰੀ, 1922 ਈ. ਨੂੰ ਪਿਤਾ ਸ੍ਰ. ਨਿਧਾਨ ਸਿੰਘ ਦੇ ਘਰ ਮਾਤਾ ਗਿਆਨ ਕੌਰ ਦੀ ਕੁੱਖੋਂ, ਪਿੰਡ ਕੱਲਰ ਕਹਾਰ, ਤਹਿਸੀਲ ਚੱਕਵਾਲ, ਜ਼ਿਲ੍ਹਾ ਜੇਹਲਮ (ਮੌਜੂਦਾ ਪਾਕਿਸਤਾਨ) ਵਿਚ ਹੋਇਆ। ਇਨ੍ਹਾਂ ਦੇ ਪਿਤਾ ਆਪਣੇ ਪਿੰਡ ਵਿਚ ਦੁਕਾਨਦਾਰੀ ਦਾ ਕੰਮ ਕਰਦੇ ਸਨ ਅਤੇ ਇੱਕ ਦਰਮਿਆਨੇ ਦਰਜੇ ਦੇ ਵਪਾਰੀ ਸਨ। ਆਪਣੇ ਹਿੱਸੇ ਵਾਲੀ ਜ਼ਮੀਨ ਉਨ੍ਹਾਂ ਦੁਆਰਾ ਵਾਟ-ਵਟਾਈ ਉਤੇ ਦੇ ਦਿੱਤੀ ਜਾਂਦੀ ਸੀ। ਡਾ. ਤਾਰਨ ਸਿੰਘ ਦੇ ਮਾਤਾ-ਪਿਤਾ ਧਾਰਮਿਕ ਰੁਚੀਆਂ ਅਤੇ ਦਿਆਲੂ ਸੁਭਾਅ ਦੇ ਮਾਲਕ ਸਨ ਜਿਨ੍ਹਾਂ ਦਾ ਡਾ. ਤਾਰਨ ਸਿੰਘ ਦੀ ਸ਼ਖ਼ਸੀਅਤ ਉਪਰ ਡੂੰਘਾ ਪ੍ਰਭਾਵ ਪਿਆ।

## 6.3 ਵਿਦਿਆ ਪ੍ਰਾਪਤੀ

ਡਾ. ਤਾਰਨ ਸਿੰਘ ਦੇ ਮਾਤਾ-ਪਿਤਾ ਆਪਣੇ ਪੁੱਤਰ ਨੂੰ ਵੱਧ ਤੋਂ ਵੱਧ ਪੜ੍ਹਾਈ-ਲਿਖਾਈ ਕਰਵਾਉਣ ਦੇ ਇੱਛੁਕ ਸਨ। ਪ੍ਰਾਇਮਰੀ ਪੱਧਰ ਦੀ ਪੜ੍ਹਾਈ ਉਨ੍ਹਾਂ ਨੇ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਆਪਣੀ ਤੀਖਣ-ਬੁੱਧੀ ਅਤੇ ਪੜ੍ਹਾਈ-ਲਿਖਾਈ ਵਿਚ ਦਿਲਚਸਪੀ ਦੇ ਕਾਰਨ ਡਾ. ਤਾਰਨ ਸਿੰਘ ਨੇ 1947 ਈਸਵੀ ਵਿਚ ਦਸਵੀਂ ਸ਼੍ਰੇਣੀ ਦੀ ਪ੍ਰੀਖਿਆ ਪਹਿਲੇ ਸਥਾਨ ਤੇ ਰਹਿ ਕੇ ਪਾਸ ਕੀਤੀ ਅਤੇ ਚੰਗਾ ਸਨਮਾਨ ਪ੍ਰਾਪਤ ਕੀਤਾ। 1940 ਈ. ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ 1947 ਈ. ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਇੰਟਰ-ਮੀਡੀਏਟ ਦੀ ਪ੍ਰੀਖਿਆ ਪਾਸ ਕਰਕੇ ਉਨ੍ਹਾਂ ਨੇ ਧਨ ਪੋਠੋਹਾਰ ਕਾਲਜ, ਚਕਵਾਲ ਵਿਚ ਅਧਿਆਪਨ ਦਾ ਕਾਰਜ ਕੀਤਾ। ਇਸ ਨੌਕਰੀ ਦੇ ਦੌਰਾਨ ਹੀ ਉਨ੍ਹਾਂ ਨੇ 1943 ਈ. ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਬੀ. ਏ. ਦੀ ਡਿਗਰੀ ਪ੍ਰਾਪਤ ਕੀਤੀ।

ਅਗਲੇਰੀ ਪੜ੍ਹਾਈ ਜਾਰੀ ਰੱਖਣ ਦੀ ਰੁਚੀ ਦੇ ਕਾਰਨ ਡਾ. ਤਾਰਨ ਸਿੰਘ ਨੇ ਇਹ ਨੌਕਰੀ ਛੱਡ ਕੇ ਡੀ.ਏ.ਵੀ. ਕਾਲਜ ਲਾਹੌਰ ਵਿਚ ਦਾਖਲਾ ਲਿਆ ਅਤੇ 1947 ਈ. ਵਿਚ ਇਸ ਕਾਲਜ ਤੋਂ ਹੀ ਅੰਗਰੇਜ਼ੀ ਦੀ ਪ੍ਰੀਖਿਆ ਚੰਗੇ ਨੰਬਰ ਲੈ ਕੇ ਪਾਸ ਕੀਤੀ।

## 6.4 ਵੰਡ ਦਾ ਸੰਤਾਪ ਅਤੇ ਸਿਵਲ ਸਪਲਾਈ ਮਹਿਕਮੇ ਵਿਚ ਨੌਕਰੀ

1947 ਈ. ਦੀ ਭਾਰਤ ਪਾਕਿਸਤਾਨ ਵੰਡ ਨੇ ਪੰਜਾਬੀਆਂ ਨੂੰ ਬਹੁਤ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਅਤੇ ਇਸ ਵੰਡ ਦਾ ਸੰਤਾਪ ਡਾ. ਤਾਰਨ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਹੰਢਾਉਣਾ ਪਿਆ। ਇਸ ਵੰਡ ਦੌਰਾਨ ਭਾਰਤ ਆਉਣ ਸਮੇਂ ਰਸਤੇ ਵਿਚ ਉਨ੍ਹਾਂ ਦੇ ਪਿਤਾ ਦੀ ਗੋਲੀ ਲੱਗਣ ਕਾਰਨ ਅਕਾਲ ਚਲਾਣਾ ਕਰ ਗਏ ਜਿਸ ਕਾਰਨ ਪਰਿਵਾਰ ਦੀ ਜਿੰਮੇਵਾਰੀ ਦਾ ਸਾਰਾ ਭਾਰ ਉਨ੍ਹਾਂ ਦੇ ਮੋਢਿਆਂ 'ਤੇ ਪੈ ਗਿਆ। ਅਜਿਹੇ ਹਾਲਤਾਂ ਵਿਚ ਰੋਜ਼ਗਾਰ ਲਈ ਕਿਸੇ ਸਾਧਨ ਉਸਦੀ ਭਾਲ ਜ਼ਰੂਰੀ ਸੀ। 1948 ਈ. ਵਿਚ ਡਾ. ਸਾਹਿਬ ਦੀ ਨਿਯੁਕਤੀ ਸਿਵਲ ਸਪਲਾਈ ਦੇ ਮਹਿਕਮੇ ਵਿਚ ਲੇਖਾ ਨਿਰੀਖਕ ਵਜੋਂ ਹੋਈ। ਉਨ੍ਹਾਂ ਨੇ ਸ੍ਰਿਮਿਲੇ ਵਿਚ ਇਸ ਸਰਕਾਰੀ ਨੌਕਰੀ ਦੇ ਕਾਰਜ ਨੂੰ 1950 ਈ. ਤੱਕ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਇਆ।

## 6.5 ਵਿਆਹ ਅਤੇ ਸੰਤਾਨ

10 ਮਈ, 1948 ਈ. ਨੂੰ ਡਾ. ਤਾਰਨ ਸਿੰਘ ਦਾ ਵਿਆਹ ਪਟਿਆਲਾ ਨਿਵਾਸੀ ਸਰਦਾਰ ਹਰਨਾਮ ਸਿੰਘ ਓਬਰਾਏ ਦੀ ਸਪੁੱਤਰੀ ਬੀਬੀ ਸੁਰਨ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਸੰਤਾਨ ਰੂਪ ਵਿਚ ਤਿੰਨ ਬੱਚਿਆਂ ਦਾ ਜਨਮ ਹੋਇਆ ਜਿਨ੍ਹਾਂ ਦੇ ਨਾਮ ਹਨ- ਸ. ਦਲਜੀਤ ਸਿੰਘ, ਸ. ਪਰਮਜੀਤ ਸਿੰਘ ਅਤੇ ਬੀਬੀ ਮਲਵਿੰਦਰ ਕੌਰ। ਮੌਜੂਦਾ ਸਮੇਂ ਵਿਚ ਉਨ੍ਹਾਂ ਦੀ ਇਹ ਸੰਤਾਨ ਸਫਲ ਅਤੇ ਸੰਤੁਸ਼ਟ ਜ਼ਿੰਦਗੀ ਬਤੀਤ ਕਰ ਰਹੀ ਹੈ।

## 6.6 ਅਧਿਆਪਨ ਦਾ ਕਾਰਜ: ਅਕਾਦਮਿਕ ਸਫਰ

ਆਪਣੀਆਂ ਅਧਿਐਨ ਅਤੇ ਅਧਿਆਪਨ ਦੀ ਰੁਚੀਆਂ ਨੂੰ ਮੁੱਖ ਰੱਖਦੇ ਹੋਏ 1950 ਈ. ਵਿਚ ਸਿਵਲ ਸਪਲਾਈ ਦੇ ਮਹਿਕਮੇ ਦੀ ਨੌਕਰੀ ਛੱਡ ਕੇ ਡਾ. ਤਾਰਨ ਸਿੰਘ ਰਾਮਗੜ੍ਹੀਆ ਕਾਲਜ ਫਗਵਾੜਾ ਵਿਚ ਅੰਗਰੇਜ਼ੀ ਤੇ ਪੰਜਾਬੀ ਦੇ ਲੈਕਚਰਾਰ ਨਿਯੁਕਤ ਹੋ ਗਏ। ਅਧਿਆਪਨ ਦੇ ਇਸ ਕਾਰਜ ਦੌਰਾਨ ਹੀ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੰਜਾਬੀ ਦੀ ਐਮ. ਏ. ਫਸਟ ਕਲਾਸ ਵਿਚ ਪਾਸ ਕੀਤੀ।

ਪ੍ਰੋ. ਸਾਹਿਬ ਸਿੰਘ ਦੀ ਰਿਟਾਇਰਮੈਂਟ ਤੋਂ ਬਾਅਦ ਖਾਲਸਾ, ਅੰਮ੍ਰਿਤਸਰ ਵਿਚ ਧਰਮ ਅਧਿਐਨ ਦੇ ਪ੍ਰੋਫੈਸਰ ਦੀਆਂ ਸੇਵਾਵਾਂ ਨਿਭਾਉਣ ਲਈ ਕਿਸੇ ਯੋਗ ਉਮੀਦਵਾਰ ਦੀ ਤਲਾਸ਼ ਅਰੰਭ ਹੋਈ ਤਾਂ ਖਾਲਸਾ ਕਾਲਜ ਵੱਲੋਂ ਡਾ. ਤਾਰਨ ਸਿੰਘ ਨੂੰ ਇਨ੍ਹਾਂ ਸੇਵਾਵਾਂ ਲਈ ਚੁਣਿਆ ਗਿਆ। ਖਾਲਸਾ ਕਾਲਜ ਵਿਚ ਹੀ ਪ੍ਰਸਿੱਧ ਸਿੱਖ ਇਤਿਹਾਸਕਾਰ ਡਾ. ਕਿਰਪਾਲ ਸਿੰਘ ਹਿਸਟੋਰੀਅਨ ਇਤਿਹਾਸ ਦੇ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾ ਰਹੇ ਸਨ। ਕਾਲਜ ਦੇ ਅਧਿਆਪਨ ਕਾਰਜ ਦੌਰਾਨ ਇਨ੍ਹਾਂ ਦੋਵਾਂ ਵਿਦਵਾਨਾਂ ਦਾ ਸਾਥ ਬਹੁਤ ਸੋਹਣੇ ਢੰਗ ਨਾਲ ਨਿਭਦਾ ਰਿਹਾ। ਡਾ. ਤਾਰਨ ਸਿੰਘ 1952 ਈ. ਤੋਂ ਲੈ ਕੇ 1966 ਈ. ਤੱਕ ਖਾਲਸਾ ਕਾਲਜ ਵਿਚ ਅਧਿਆਪਨ ਦਾ ਕਾਰਜ ਕਰਦੇ ਰਹੇ। ਇਸ ਸਮੇਂ ਦੌਰਾਨ ਹੀ ਉਨ੍ਹਾਂ ਨੇ ਸਿੱਖ ਅਕਾਦਿਮਕਤਾ ਸੰਬੰਧੀ ਖੋਜ ਭਰਪੂਰ ਲੇਖ ਲਿਖੇ ਜੋ 'ਗੁਰਮਤਿ ਪ੍ਰਕਾਸ਼' ਅਤੇ 'ਖਾਲਸਾ ਐਡਵੋਕੇਟ' ਵਰਗੇ ਉੱਚ ਪੱਧਰ ਦੇ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੁੰਦੇ ਰਹੇ।

1957-59 ਈ. ਦੌਰਾਨ ਡਾ. ਤਾਰਨ ਸਿੰਘ ਪੰਜਾਬ ਸਰਕਾਰ ਦੁਆਰਾ ਕੀਤੇ ਜਾ ਰਹੇ ਪ੍ਰੋਜੈਕਟ ਦੇ ਸੰਬੰਧ ਵਿਚ ਸਿੱਖ ਫਿਲਾਸਫੀ ਤੇ ਕਲਚਰ ਦੇ ਰਿਸਰਚ ਗਾਈਡ ਵਜੋਂ ਇੰਸਟੀਚਿਊਟ ਆਫ਼ ਓਰੀਐਂਟਲ ਫਿਲਾਸਫ਼ੀ, ਵਰਿੰਦਾਵਨ (ਮਥੁਰਾ) ਵਿਖੇ ਕਾਰਜ ਕਰਦੇ ਰਹੇ।

1959 ਈ. ਵਿਚ ਡਾ. ਤਾਰਨ ਸਿੰਘ ਨੇ ਪ੍ਰਿੰਸੀਪਲ ਤੇਜਾ ਸਿੰਘ ਦੀ ਨਿਗਰਾਨੀ ਵਿਚ ਗੁਰੂ ਨਾਨਕ ਬਾਣੀ ਦੇ ਅਧਿਐਨ ਨਾਲ ਸੰਬੰਧਿਤ ਵਿਸ਼ੇ 'ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੀਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਖਾਲਸਾ ਕਾਲਜ ਦੇ ਅਧਿਆਪਨ ਕਾਰਜ ਦੌਰਾਨ ਉਹ 1964 ਤੋਂ 1966 ਤੱਕ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਵੀ ਧਰਮ ਦੇ ਪ੍ਰੋ. ਵਜੋਂ ਸੇਵਾਵਾਂ ਨਿਭਾਉਂਦੇ ਰਹੇ।

1962 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੋਈ। 1965 ਈ. ਵਿਚ ਡਾ. ਕਿਰਪਾਲ ਸਿੰਘ ਨਾਰੰਗ ਇਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ ਜੋ ਯੂਨੀਵਰਸਿਟੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੱਡੀ ਲਈ

1966 ਈ. ਵਿਚ ਡਾ. ਤਾਰਨ ਸਿੰਘ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਕਰਕੇ, ਪੰਜਾਬੀ ਯੂਨੀਵਰਸਿਟੀ ਪਟਿਆਲਾ ਲੈ ਆਏ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਦੀ ਜ਼ੰਮਿਵਾਰੀ ਨੂੰ ਉਨ੍ਹਾਂ ਨੇ ਸਫਲਤਾ ਪੂਰਵਕ ਨਿਭਾਇਆ ਅਤੇ ਅਨੇਕਾਂ ਹੀ ਉੱਚ ਪੱਧਰ ਦੇ ਖੋਜ ਭਰਪੂਰ ਕਾਰਜ ਕੀਤੇ। ਗੁਰਮਤਿ ਚਿੰਤਨ ਵਿਚ ਇਨ੍ਹਾਂ ਦੀ ਡੂੰਘੀ ਸੂਝ-ਬੂਝ ਅਤੇ ਸੁਚੱਜੀ ਪਕੜ ਕਾਰਨ ਇਨ੍ਹਾਂ ਨੂੰ ਵੱਖ ਵੱਖ ਸਮੇ 'ਤੇ ਵਿਦੇਸ਼ਾਂ ਦੀ ਧਰਤੀ ਤੋਂ ਵੀ ਸਿੱਖਾਂ ਵੱਲੋਂ ਗੁਰਮਤਿ ਸੰਬੰਧੀ ਲੈਕਚਰ ਲਈ ਸੱਦੇ ਪ੍ਰਾਪਤ ਹੁੰਦੇ ਰਹੇ। ਧਾਰਮਿਕ ਲੈਕਚਰ ਦੇਣ ਲਈ ਉਹ 1955 ਈ. ਵਿਚ ਮਲਾਇਆ ਅਤੇ 1974 ਈ. ਵਿਚ ਈਰਾਨ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਉਨ੍ਹਾਂ ਨੇ ਇਕੱਲੇ ਹੀ ਅਜਿਹੇ ਕਈ ਪ੍ਰੋਜੈਕਟ ਅਤੇ ਕਾਰਜ ਸੰਪੂਰਨ ਕੀਤੇ ਜਿਨ੍ਹਾਂ ਨੂੰ ਸੰਪੂਰਨ ਕਰਨਾ ਸ਼ਾਇਦ ਕਿਸੇ ਸੰਸਥਾ ਲਈ ਵੀ ਮੁਸ਼ਕਿਲ ਹੈ।

## 6.7 ਅਕਾਲ ਚਲਾਣਾ

ਵਿਭਾਗੀ ਪੱਧਰ 'ਤੇ ਸਿੱਖ ਧਰਮ ਦੀ ਅਕਾਦਮਿਕ ਸੇਵਾ ਕਰਦੇ ਹੋਏ ਡਾ. ਤਾਰਨ ਸਿੰਘ 30 ਜਨਵਰੀ, 1981 ਈ. ਨੂੰ ਦਿਲ ਦੇ ਦੌਰੇ ਕਾਰਨ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਚਲੇ ਜਾਣ ਨਾਲ ਸਿੱਖ ਅਕਾਦਮਿਕਤਾ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ।

## 6.8 ਰਚਨਾ ਸੰਸਾਰ

ਸਿੱਖ ਧਰਮ ਦੇ ਗੂੜ੍ਹ ਚਿੰਤਕ ਅਤੇ ਗੁਰਬਾਣੀ ਦੇ ਵਿਆਖਿਆਕਾਰ ਡਾ. ਤਾਰਨ ਸਿੰਘ ਨੇ ਆਪਣੀ ਕਲਮ ਰਾਹੀਂ ਲਗਭਗ ਤਿੰਨ ਦਰਜਨ ਰਚਨਾਵਾਂ ਸਿੱਖ ਜਗਤ ਦੀ ਝੋਲੀ ਵਿਚ ਪਾਈਆਂ। ਉਨ੍ਹਾਂ ਦੀਆਂ ਰਚਨਾਵਾਂ ਸਿੱਖ ਇਤਿਹਾਸ, ਗੁਰਬਾਣੀ ਵਿਆਖਿਆ ਅਤੇ ਸਿੱਖ ਚਿੰਤਨ ਦੇ ਅਹਿਮ ਪੱਖਾਂ ਨੂੰ ਸੁਚੱਜੇ ਢੰਗ ਨਾਲ ਪ੍ਰਸਤੁਤ ਕਰਦੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਦਾ ਰਚਨਾ ਦੇ ਕਾਲ ਕ੍ਰਮ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ-

1. 'ਗੁਰੁ ਦੀਪਕੁ', ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1960

ਇਸ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀਆਂ- ਪਟੀ, ਬਾਰਹ ਮਾਹਾ ਅਤੇ ਗੁਰੂ ਅਮਰਦਾਸ ਜੀ ਦੀ ਬਾਣੀ 'ਅਨੰਦ' ਦੇ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ। ਇਸ ਪੁਸਤਕ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਪਟੀ ਅਤੇ ਬਾਰਹਮਾਹ, ਦੂਜੇ ਅਧਿਆਇ ਵਿਚ 'ਅਨੰਦ' ਬਾਣੀ ਦਾ ਮੂਲ ਪਾਠ ਦਿੱਤਾ ਗਿਆ ਹੈ। ਤੀਜੇ ਅਧਿਆਇ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

2. 'ਸਾਹਿਤ ਦੇ ਮੁੱਢਲੇ ਸੋਮੇ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1961

ਇਹ ਪੁਸਤਕ 1950 ਤੋਂ 1960 ਦੌਰਾਨ ਡਾ. ਤਾਰਨ ਸਿੰਘ ਦੁਆਰਾ ਲਿਖੇ ਗਏ ਲੇਖਾਂ ਦਾ ਸੰਗ੍ਰਹਿ ਹੈ ਜਿਸ ਵਿਚ ਪੰਜਾਬੀ ਸਾਹਿਤ ਦੇ ਮੁੱਢਲੇ ਸੋਮਿਆਂ ਦੀ ਨਿਸ਼ਾਨਦੇਹੀ ਹੋਈ ਹੈ।

3. 'ਬਾਰਹਮਾਹਾ ਦਰਪਣ', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1962

ਬਾਰਹ ਮਾਹਾ ਮਾਂਝ ਅਤੇ ਬਾਰਹ ਮਾਹਾ ਤੁਖਾਰੀ ਬਾਣੀਆਂ ਨਾਲ ਸੰਬੰਧਿਤ ਰਚਨਾ, ਜਿਸ ਵਿਚ ਇਨ੍ਹਾਂ ਬਾਣੀਆਂ ਦਾ ਤੁਲਾਤਮਕ ਅਧਿਐਨ ਅਤੇ ਸਾਹਿਤਕ ਪੱਖ ਪੇਸ਼ ਕੀਤਾ ਗਿਆ ਹੈ।

4. 'ਭਗਤੀ ਤੇ ਸ਼ਕਤੀ', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1962

'ਗੁਰਮਤਿ ਪ੍ਰਕਾਸ਼' ਵਿਚ ਛਪਣ ਵਾਲੇ ਸਿੱਖ ਦਰਸ਼ਨ ਅਤੇ ਸਿੱਖ ਸੱਭਿਆਚਾਰ ਨਾਲ ਸੰਬੰਧਿਤ ਲੇਖਾਂ ਦਾ ਸੰਗ੍ਰਹਿ ਜਿਸ ਦੇ ਪੰਜ ਭਾਗਾਂ ਵਿਚ ਭਗਤੀ ਦੇ ਵਿਭਿੰਨ ਪੱਖਾਂ ਬਾਰੇ ਦੱਸਿਆ ਗਿਆ ਹੈ।

5. 'ਪੰਜਾਬੀ ਸਾਹਿੱਤ ਤੇ ਸਾਹਿਤਿਕਾਰ', ਲੋਕ ਪਬਲਿਸ਼ਰਜ਼, ਅੰਮ੍ਰਿਤਸਰ, 1963

ਦੋ ਭਾਗਾਂ ਵਿਚ ਵੰਡੀ ਗਈ ਇਸ ਪੁਸਤਕ ਵਿਚ ਪੰਜਾਬੀ ਸਾਹਿਤ ਦੇ ਦੋ ਰੂਪਾਂ- ਕਵਿਤਾ ਤੇ ਵਾਰਤਕ ਅਤੇ ਇਸ ਦੇ ਸਾਹਿਤਕਾਰਾਂ ਸੰਬੰਧੀ ਚਰਚਾ ਕੀਤੀ ਗਈ ਹੈ।

6. 'ਸਹਜ ਤੇ ਆਨੰਦ', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1963

ਇਸ ਪੁਸਤਕ  ਵਿਚ ਅਨੰਦ ਬਾਣੀ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ ਜਿਸ ਦੇ ਦੋ ਭਾਗ ਹਨ।

7. 'ਨਾਨਕ: ਚਿੰਤਨ ਤੇ ਕਲਾ', ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1963

ਇਹ ਪੁਸਤਕ ਡਾ. ਤਾਰਨ ਸਿੰਘ ਦੁਆਰਾ ਪੀਐਚ. ਡੀ. ਦੀ ਡਿਗਰੀ ਪ੍ਰਾਪਤ ਕਰਨ ਲਈ ਕੀਤੇ ਗਏ ਖੋਜ ਪ੍ਰਬੰਧ ਉੱਤੇ ਅਧਾਰਿਤ ਹੈ। ਇਸ ਪੁਸਤਕ ਦੇ ਪੰਜ ਭਾਗ ਬਣਾ ਕੇ ਗੁਰੂ ਨਾਨਕ ਬਾਣੀ ਦੇ ਚਿੰਤਨ ਅਤੇ ਕਲਾ ਬਾਰੇ ਵਿਚਾਰ ਪੇਸ਼ ਕੀਤੇ ਗਏ ਹਨ।

8. 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿੱਤਕ ਇਤਿਹਾਸ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸ ਅਤੇ ਵਿਆਖਿਆਕਾਰੀ ਨਾਲ ਸੰਬੰਧਿਤ ਇਸ ਪੁਸਤਕ ਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਭਗਤਾਂ ਦੀ ਬਾਣੀ, ਦੂਜੇ ਭਾਗ ਵਿਚ ਗੁਰੂ ਸਾਹਿਬਾਨ ਅਤੇ ਤੀਜੇ ਭਾਗ ਵਿਚ ਗੁਰੂ ਘਰ ਦੇ ਨਿਕਟਵਰਤੀ ਗੁਰਸਿੱਖਾਂ ਅਤੇ ਭੱਟਾਂ ਦੀ ਬਾਣੀ ਦੀ ਵਿਚਾਰ ਕੀਤੀ ਗਈ ਹੈ।

9. 'ਨੇਮ ਤੇ ਪ੍ਰੇਮ', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1964

ਇਸ ਪੁਸਤਕ ਵਿਚ ਸਿੱਖ ਧਰਮ ਦੇ ਨਿਤਨੇਮ, ਰਹੁ-ਰੀਤਾਂ ਤੇ ਸੰਸਕਾਰਾਂ ਬਾਰੇ ਸੁਚੱਜੇ ਢੰਗ ਨਾਲ ਜਾਣਕਾਰੀ ਪੇਸ਼ ਕੀਤੀ ਗਈ ਹੈ।

10. 'ਪੰਜਾਬੀ ਮੁਹਾਵਰਾ ਕੋਸ਼', (ਸੰਪਾ.), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964

ਪੰਜਾਬੀ ਅਖਾਣਾਂ ਅਤੇ ਮੁਹਾਵਰਿਆਂ ਨਾਲ ਸੰਬੰਧਿਤ ਲਗਭਗ 4500 ਇੰਦਰਾਜ਼ਾਂ ਦਾ ਸੰਗ੍ਰਹਿ ਜਿਸ ਲਈ ਪ੍ਰਮੁੱਖ ਪੰਜਾਬੀ ਸਾਹਿਤਕਾਰਾਂ ਦੀਆਂ ਰਚਨਾਵਾਂ ਵਿੱਚੋਂ ਅਖਾਣਾਂ ਅਤੇ ਮੁਹਾਵਰਿਆਂ ਦੀ ਚੋਣ ਕੀਤੀ ਗਈ ਹੈ। ਇਸ ਕੋਸ਼ ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਯੋਗ ਹੋਏ ਅਧਿਆਤਮਿਕ ਮੁਹਾਵਰਿਆਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

11. 'ਸਿੱਖ ਧਰਮ ਦੇ ਰਹਿਸ ਤੇ ਰਮਜ਼', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1965

ਇਸ ਪੁਸਤਕ ਦੇ ਤਿੰਨ ਭਾਗ ਹਨ। ਪਹਿਲਾ ਭਾਗ ਗੁਰਬਾਣੀ ਸਿਧਾਂਤ ਨਾਲ ਸੰਬੰਧਿਤ ਹੈ। ਦੂਜੇ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਦੀ ਦਾਰਸ਼ਨਿਕ ਵਿਆਖਿਆ ਕੀਤੀ ਗਈ ਹੈ। ਤੀਜਾ ਭਾਗ ਸਿੱਖ ਧਰਮ ਨਾਲ ਸੰਬੰਧਿਤ ਰਹੱਸਮਈ ਸ਼ਕਤੀਆਂ ਦੀ ਵਿਆਖਿਆ ਨਾਲ ਸੰਬੰਧਿਤ ਹੈ।

12. 'ਨਾਮੁ ਨਿਧਾਨੁ', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1966

ਇਸ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੇ ਨੌਂ ਸ਼ਬਦ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਪੰਜ ਸ਼ਬਦ, ਗੁਰੂ ਅਰਜਨ ਦੇਵ ਜੀ ਦੇ ਦਸ ਅਤੇ ਗੁਰੂ ਤੇਗ ਬਹਾਦਰ ਜੀ ਦੇ ਪੰਜ ਸ਼ਬਦ ਲੈ ਕੇ ਉਨ੍ਹਾਂ ਵਿਚੋਂ ਨਾਮ ਦੇ ਸਿਧਾਂਤ ਨੂੰ ਵਿਅਕਤ ਕੀਤਾ ਗਿਆ ਹੈ।

13. 'ਦਸ਼ਮੇਸ਼ ਦਰਪਣ', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1966

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਸੱਤ ਪ੍ਰਮੁੱਖ ਘਟਨਾਵਾਂ ਨੂੰ ਅਧਾਰ ਬਣਾ ਕੇ 'ਸਪਤਸ੍ਰਿੰਗ' ਸਿਰਲੇਖ ਅਧੀਨ ਇਨ੍ਹਾਂ ਘਟਨਾਵਾਂ ਦੀ ਇਸ ਪੁਸਤਕ ਵਿਚ ਵਿਆਖਿਆ ਕੀਤੀ ਗਈ ਹੈ।

14. 'ਦਸਮ ਗ੍ਰੰਥ: ਰੂਪ ਤੇ ਰਸ', ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, 1966

ਦਸਮ ਗ੍ਰੰਥ ਨਾਲ ਸੰਬੰਧਿਤ ਇਸ ਪੁਸਤਕ ਨੂੰ ਨੌਂ ਭਾਗਾਂ ਵਿਚ ਵੰਡਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਦਸਮ ਗ੍ਰੰਥ ਦੀ ਪ੍ਰਮਾਣਿਕਤਾ, ਇਸ ਗ੍ਰੰਥ ਦੀਆਂ ਪ੍ਰਮੁੱਖ ਬਾਣੀਆਂ ਦੀ ਵਿਆਖਿਆ, ਵਿਚਾਰਧਾਰਾ, ਕਾਵਿਕ ਰੂਪ ਆਦਿ ਪੱਖਾਂ ਨੂੰ ਚਿੱਤ੍ਰਿਤ ਕੀਤਾ ਗਿਆ ਹੈ।

15. 'ਦਾ ਆਈਡਲ ਮੈਨ ਆਫ਼ ਦਾ ਗੁਰੂ ਗ੍ਰੰਥ', (ਅੰਗਰੇਜ਼ੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਹੋਇਆ ਇਹ 14 ਪੰਨਿਆਂ ਦਾ ਪੈਂਫ਼ਲਿਟ ਹੈ ਜਿਸ ਵਿਚ ਗੁਰਬਾਣੀ ਅਨੁਸਾਰ ਆਦਰਸ਼ਕ ਮਨੁੱਖ ਬਾਰੇ ਦੱਸਦੇ ਹੋਏ ਇਸ ਦੀਆਂ ਉੱਚ-ਪੱਧਰੀ ਕਦਰਾਂ ਕੀਮਤਾਂ ਨੂੰ ਵਿਅਕਤ ਕੀਤਾ ਗਿਆ ਹੈ।

16. 'ਨਾਨਕ ਦਰ ਘਰ', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1969

ਗੁਰੂ ਨਾਨਕ ਸਾਹਿਬ ਦੇ ਬਾਣੀ ਨੂੰ ਆਧਾਰ ਬਣਾ ਕੇ ਲਿਖੀ ਗਈ ਇਸ ਪੁਸਤਕ ਦੇ ਦੋ ਭਾਗ ਹਨ। ਪਹਿਲੇ ਭਾਗ ਵਿਚ ਜਨਮ ਸਾਖੀਆਂ ਤੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੇ ਹਵਾਲੇ ਨਾਲ ਗੁਰੂ ਨਾਨਕ ਦਰਸ਼ਨ ਬਾਰੇ ਗੱਲ ਕੀਤੀ ਗਈ ਹੈ। ਦੂਸਰੇ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਪ੍ਰਮੁੱਖ ਬਾਣੀਆਂ- ਜਪੁ, ਵਾਰ ਆਸਾ, ਓਅੰਕਾਰ ਤੇ ਸਿਧ ਗੋਸਟਿ ਵਿਆਖਿਆ ਕੀਤੀ ਗਈ ਹੈ।

17. 'ਜਪੁ' ਦਰਸ਼ਨ ਦੀਦਾਰ', ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1969

ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਜਨਮ ਸ਼ਤਾਬਦੀ ਦੇ ਮੌਕੇ 'ਤੇ ਪ੍ਰਕਾਸ਼ਿਤ ਇਸ ਪੁਸਤਕ ਰਾਹੀ ਜਪੁ ਜੀ ਸਾਹਿਬ ਨੂੰ ਨੌ ਭਾਗਾਂ ਵਿਚ ਵੰਡ ਕੇ ਇਸ ਦੀ ਵਿਆਖਿਆ ਕੀਤੀ ਗਈ ਹੈ।

18. ਗੁਰੂ ਨਾਨਕ ਬਾਣੀ ਪ੍ਰਕਾਸ਼' (ਦੋ ਜਿਲਦਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ 'ਤੇ ਉਨ੍ਹਾਂ ਦੀ ਬਾਣੀ ਦਾ ਦੋ ਜਿਲਦਾਂ ਵਿਚ ਕੀਤਾ ਗਿਆ ਇਹ ਵੱਡ ਆਕਾਰੀ ਟੀਕਾ ਹੈ ਜਿਸ ਦੇ 1500 ਪੰਨੇ ਹਨ। ਇਸ ਰਚਨਾ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸਾਹਿਤਕ ਪੱਖ ਨੂੰ ਵੀ ਉਜਾਗਰ ਕੀਤਾ ਗਿਆ ਹੈ।

19. 'ਗੁਰੂ ਗ੍ਰੰਥ ਰਤਨਾਵਲੀ"(ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਗੁਰੂ ਨਾਨਕ ਦੇਵ ਜੀ ਪੰਜਵੀਂ ਜਨਮ ਸ਼ਤਾਬਦੀ ਦੇ ਮੌਕੇ 'ਤੇ ਪ੍ਰਕਾਸ਼ਤਿ ਇਸ ਰਚਨਾ ਨੂੰ ਪੰਜਾਬੀ. ਹਿੰਦੀ ਅਤੇ ਅੰਗਰੇਜ਼ੀ ਤਿੰਨਾਂ ਭਾਸ਼ਾਵਾਂ ਵਿਚ ਪ੍ਰਕਾਸ਼ਤਿ ਕੀਤਾ ਗਿਆ ਹੈ। ਇਸ ਰਚਨਾ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਣ-ਪਛਾਣ, ਸੰਪਾਦਨਾ ਦਾ ਇਤਿਹਾਸ, ਸੰਪਾਦਨਾ ਦੀ ਤਰਤੀਬ, ਬਾਣੀ ਦੇ ਵੇਰਵੇ ਅਤੇ ਵਿਚਾਰਧਾਰਾ ਨੂੰ ਸੰਖੇਪ ਰੂਪ ਵਿਚ ਪੇਸ਼ ਕੀਤਾ ਗਿਆ ਹੈ।

20. 'ਗੁਰੂ ਨਾਨਕ ਐਂਡ ਇੰਡੀਅਨ ਰਿਲਿਜਸ ਥਾਟ' (ਅੰਗਰੇਜ਼ੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਇਹ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ 1966-68 ਦੌਰਾਨ ਕਰਵਾਏ ਗਏ ਗੁਰੂ ਨਾਨਕ ਸਿਮ੍ਰਤੀ ਵਿਖਿਆਨ ਦਾ ਅੰਗਰੇਜ਼ੀ ਭਾਸ਼ਾ ਵਿਚ ਕੀਤਾ ਗਿਆ ਸੰਪਾਦਿਤ ਰੂਪ ਹੈ।

21. ਸ਼ੇਖ ਫ਼ਰੀਦ: ਜੀਵਨ ਤੇ ਰਚਨਾ, (ਸਹਿ ਲੇਖਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ 1973

ਸ਼ੇਖ ਫਰੀਦ ਜੀ ਦੇ ਜੀਵਨ ਅਤੇ ਰਚਨਾ ਨਾਲ ਸੰਬੰਧਿਤ ਇਸ ਪੁਸਤਕ ਦੇ ਸਹਿ-ਲੇਖਿਕਾ ਡਾ. ਬਲਵੀਰ ਕੌਰ ਹਨ। ਪੁਸਤਕ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਭਾਰਤੀ ਸੰਸਕ੍ਰਿਤੀ ਸੰਬੰਧੀ ਵਿਚਾਰ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਸ਼ੇਸ਼ਤਾ ਬਾਰੇ ਦੱਸਿਆ ਗਿਆ ਹੈ। ਦੂਜਾ ਭਾਗ ਸ਼ੇਖ ਫਰੀਦ ਜੀ ਦੀ ਜੀਵਨੀ ਅਤੇ ਤੀਜਾ ਭਾਗ ਉਨ੍ਹਾਂ ਦੀ ਸਮੁੱਚੀ ਬਾਣੀ ਦੇ ਟੀਕੇ ਨਾਲ ਸੰਬੰਧਿਤ ਹੈ।

22. ਦਸਮ ਗ੍ਰੰਥ: ਸ਼ਬਦਾਰਥ, (ਮੂਲ ਲੇਖਕ ਭਾਈ ਰਣਧੀਰ ਸਿੰਘ, ਸੰਪਾ. ਡਾ. ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 1973

ਭਾਈ ਰਣਧੀਰ ਸਿੰਘ (ਓਰੀਐਂਟਲ ਸਕਾਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ ਸ਼ਤਾਬਦੀ 1966 ਨੂੰ ਆਰੰਭ ਹੋਇਆ ਇਹ ਸ਼ਬਦਾਰਥ 1969 ਈ. ਨੂੰ ਸੰਪੂਰਨ ਹੋਇਆ ਪ੍ਰੰਤੂ ਕੁਝ ਕਾਰਨਾਂ ਕਰਕੇ ਭਾਈ ਰਣਧੀਰ ਸਿੰਘ ਦੀ ਹਾਜ਼ਰੀ ਵਿਚ ਪ੍ਰਕਾਸ਼ਤ ਨਹੀਂ ਹੋ ਸਕਿਆ। ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਇਸ ਸ਼ਬਦਾਰਥ ਨੂੰ ਨੂੰ ਡਾ. ਤਾਰਨ ਸਿੰਘ ਨੇ ਸੰਪਾਦਿਤ ਕੀਤਾ। ਇਸ ਸਮੁੱਚੇ ਸ਼ਬਦਾਰਥ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ।

23. 'ਗੁਰੂ ਅੰਗਦ ਦੇਵ ਜੀ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975

'ਪੰਜਾਬੀ ਸਾਹਿਤ ਦੇ ਉਸਰੀਏ' ਲੜੀ ਅਧੀਨ ਗੁਰੂ ਅੰਗਦ ਦੇਵ ਜੀ ਦੇ ਜੀਵਨ ਸਿੱਖਿਆਵਾਂ ਤੇ ਰਚਨਾਵਾਂ ਸੰਬੰਧੀ ਪ੍ਰਕਾਸ਼ਤ ਹੋਣ ਵਾਲੀ ਇਸ ਪੁਸਤਕ ਦੇ ਪੰਜ ਭਾਗ ਹਨ। ਪਹਿਲਾ ਭਾਗ ਗੁਰੂ ਅੰਗਦ ਦੇਵ ਜੀ ਦੇ ਜੀਵਨ, ਦੂਜਾ ਭਾਗ ਸਮਕਾਲੀ ਦਸ਼ਾ, ਤੀਜਾ ਭਾਗ ਗੁਰੂ ਜੀ ਦੀ ਪ੍ਰਤਿਭਾ, ਚੌਥਾ ਭਾਗ ਬਾਣੀ ਸਿਧਾਂਤ ਅਤੇ ਪੰਜਵਾਂ ਭਾਗ ਉਨ੍ਹਾਂ ਦੀ ਸਮੁੱਚੀ ਰਚਨਾ ਦੇ ਸਰਵੇਖਣ ਨਾਲ ਸੰਬੰਧਿਤ ਹੈ।

24. ਮੁੱਢਲੀ ਪੰਜਾਬੀ ਵਾਰਤਕ', (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975
ਪੰਜਾਬੀ ਵਾਰਤਕ ਨਾਲ ਸੰਬੰਧਿਤ 6 ਭਾਗਾਂ ਵਿਚ ਵੰਡੀ ਗਈ ਇਸ ਪੁਸਤਕ ਵਿਚ ਮੁੱਢਲੀ ਪੰਜਾਬੀ ਵਾਰਤਕ ਵਿਭਿੰਨ ਅੰਗਾਂ- ਜਨਮਸਾਖੀ ਪਰੰਪਰਾ, ਗੋਸ਼ਟਾਂ, ਪਰਮਾਰਥ, ਰਹਿਤਨਾਮੇ, ਪਰਚੀਆਂ ਆਦਿ ਬਾਰੇ ਚਰਚਾ ਕੀਤੀ ਗਈ ਹੈ।

25. 'ਗੁਰੂ ਤੇਗ ਬਹਾਦਰ: ਜੀਵਨ ਤੇ ਸਿੱਖਿਆ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976
ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਣੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ ਇਸ ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਉਨ੍ਹਾਂ ਦੀ ਰਚਨਾਵਾਂ ਦੇ ਸਰਵੇਖਣ, ਗੁਰੂ ਸਾਹਿਬ ਦੀ ਵਿਚਾਰਧਾਰਾ, ਉਨ੍ਹਾਂ ਦੀ ਬਾਣੀ ਦੀ ਕਾਵਿ ਕਲਾ ਅਤੇ ਸ਼ੈਲੀ ਆਦਿ ਪੱਖਾਂ ਨੂੰ ਛੁਹਿਆ ਗਿਆ ਹੈ।

26. ਗੁਰੂ ਤੇਗ ਬਹਾਦਰ: ਜੀਵਨ ਸੰਦੇਸ਼ ਤੇ ਸ਼ਹਾਦਤ', (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976
ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ 'ਤੇ ਡਾ. ਤਾਰਨ ਸਿੰਘ ਦੁਆਰਾ ਸੰਪਾਦਿਤ ਇਸ ਪੁਸਤਕ ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸਹਾਦਤ, ਬਾਣੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਨੂੰ ਸ਼ਾਮਲ ਕੀਤਾ ਗਿਆ ਹੈ।

27. ਟੀਚਿੰਗ ਆਫ਼ ਗੁਰੂ ਨਾਨਕ ਦੇਵ', (ਅੰਗਰੇਜ਼ੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976
ਡਾ. ਤਾਰਨ ਸਿੰਘ ਦੁਆਰਾ ਸੰਪਾਦਿਤ ਅੰਗਰੇਜੀ ਭਾਸ਼ਾਈ ਇਸ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ ਸਿੱਖ ਧਰਮ ਦੇ ਉੱਘੇ ਵਿਦਵਾਨਾਂ ਦੇ 13 ਲੇਖ ਸ਼ਾਮਲ ਹਨ।

28. 'ਧਰਮ ਦੀ ਉਤਪਤੀ ਤੇ ਵਿਕਾਸ', (ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977
ਧਰਮ ਦੀ ਉਤਪਤੀ ਅਤੇ ਵਿਕਾਸ ਨਾਲ ਸੰਬੰਧਿਤ ਡਾ. ਤਾਰਨ ਸਿੰਘ ਦੁਆਰਾ ਅਨੁਵਾਦਿਤ ਇਹ ਪੁਸਤਕ ਉਨ੍ਹਾਂ ਦੀ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਕਲਾ ਦਾ ਸੁੰਦਰ ਨਮੂਨਾ ਹੈ। ਇਹ ਪੁਸਤਕ ਮੂਲ ਰੂਪ ਵਿਚ ਮੈਕਸਮੂਲਰ ਦੁਆਰਾ ਲਿਖੀ ਗਈ ਹੈ ਜੋ ਆਪਣੇ ਸਮੇਂ ਦਾ ਪ੍ਰਸਿੱਧ ਵਿਦਵਾਨ ਸੀ।

29. 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980
ਇਹ ਪੁਸਤਕ, ਗੁਰਬਾਣੀ ਦੀ ਵਿਆਖਿਆ ਸੰਬੰਧੀ ਡਾ. ਤਾਰਨ ਸਿੰਘ ਦੁਆਰਾ ਕੀਤਾ ਗਿਆ ਇੱਕ ਸਾਰਥਕ ਅਤੇ ਉੱਚ ਅਕਾਦਮਿਕ ਪੱਧਰ ਦਾ ਸੁਚੱਜਾ ਯਤਨ ਹੈ। ਡਾ. ਸਾਹਿਬ ਸਿੰਘ ਦੁਆਰਾ ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਨੂੰ 8 ਭਾਗਾਂ ਵਿਚ ਵੰਡਦੇ ਹੋਏ ਇਨ੍ਹਾਂ ਦੇ ਵਿਭਿੰਨ ਪੱਖਾਂ ਸੰਬੰਧੀ ਚਾਨਣਾ ਪਾਇਆ ਗਿਆ ਹੈ।

30. 'ਗੁਰੂ ਅਮਰਦਾਸ: ਜੀਵਨ ਰਚਨਾ ਤੇ ਸਿੱਖਿਆ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980
ਗੁਰੂ ਅਮਰਦਾਸ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ 'ਪੰਜਾਬੀ ਸਾਹਿਤਕਾਰ' ਲੜੀ ਅਧੀਨ ਪ੍ਰਕਾਸ਼ਿਤ ਹੋਣ ਵਾਲੀ ਪੁਸਤਕ ਨੂੰ 8 ਭਾਗਾਂ ਵਿਚ ਵੰਡਿਆ ਗਿਆ ਹੈ। ਇਹ 8 ਭਾਗ ਗੁਰੂ ਅਮਰਦਾਸ ਜੀ ਦੇ ਜੀਵਨ ਅਤੇ ਰਚਨਾਵਾਂ ਦੇ ਵਿਭਿੰਨ ਪੱਖਾਂ ਨਾਲ ਸੰਬੰਧਿਤ ਹਨ।

31. 'ਅਨੰਦੁ ਜੋਤਿ ਤੇ ਜੁਗਤਿ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980
ਡਾ. ਤਾਰਨ ਸਿੰਘ ਦੁਆਰਾ ਰਚਿਤ ਇਹ ਪੁਸਤਕ ਵੀ ਗੁਰੂ ਅਮਰਦਾਸ ਜੀ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਿਤ ਕੀਤੀ ਗਈ ਹੈ ਜਿਸ ਦੇ ਪੰਜ ਅਧਿਆਇ ਹਨ। ਪਹਿਲੇ ਭਾਗ ਵਿਚ ਗੁਰਬਾਣੀ ਵਿਚ ਦਰਜ ਗੁਰੂ ਅਮਰਦਾਸ ਜੀ ਦੀ ਉਪਮਾ ਬਾਰੇ ਦੱਸਿਆ ਗਿਆ ਹੈ। ਦੂਸਰੇ ਭਾਗ ਵਿਚ ਅਨੰਦ ਬਾਣੀ ਦੀਆਂ 40 ਪਉੜੀਆਂ ਦੀ ਤਰਤੀਬ ਅਤੇ ਸੰਖੇਪ ਰੂਪ ਦੇ ਕੇ ਇਸ ਬਾਣੀ ਦਾ ਟੀਕਾ ਕੀਤਾ ਗਿਆ ਹੈ। ਤੀਸਰੇ ਭਾਗ ਵਿਚ ਅਨੰਦ ਸਾਹਿਬ ਦੀਆਂ 40 ਪਉੜੀਆਂ ਦੀ ਵਿਸ਼ੇ ਅਨੁਕੂਲ ਵਿਆਖਿਆ ਕੀਤੀ ਗਈ ਹੈ। ਚੌਥਾ ਭਾਗ ਅਨੰਦ ਬਾਣੀ ਦੇ ਵਿਭਿੰਨ ਦਾਰਸ਼ਨਿਕ ਪੱਖਾਂ ਅਤੇ ਪੰਜਵਾ ਭਾਗ ਇਸ ਬਾਣੀ ਦੇ ਰੂਪ ਅਤੇ ਰਸ ਵਿਧਾਨ ਨਾਲ ਸੰਬੰਧਿਤ ਹੈ।

32. 'ਸਿੱਖ ਗੁਰੂਜ਼ ਐਂਡ ਦਾ ਇੰਡੀਅਨ ਸਪਿਰਚੂਅਲ ਥਾਟ', (ਅੰਗਰੇਜ਼ੀ), (ਸੰਪਾ.) ਪੰਜਾਬੀ ਯੂਨੀਵਰਸਿਟੀ, ਪਟਿਆਲਾ,1981

ਇਹ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ 1973-79 ਦੌਰਾਨ ਕਰਵਾਏ ਗਏ 'ਸ੍ਰੀ ਗੁਰੂ ਨਾਨਕ ਸਿਮ੍ਰਤੀ ਵਿਖਿਆਨ' ਦੇ ਲੈਕਚਰਾਂ ਦਾ ਸੰਗ੍ਰਹਿ ਹੈ। ਇਹ ਪੁਸਤਕ ਡਾ. ਤਾਰਨ ਸਿੰਘ ਦੇ ਦੇਹਾਂਤ ਤੋਂ ਬਾਅਦ ਪ੍ਰਕਾਸ਼ਿਤ ਹੋਈ ਕਿਉਂਕਿ ਇਸ ਪੁਸਤਕ ਦੀ ਭੂਮਿਕਾ ਦੀ ਸਮਾਪਤੀ ਤੋਂ ਪਹਿਲਾਂ ਅਚਾਨਕ ਹੀ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ।

33. ਸਿੱਖ, ਸਿੱਖੀ ਅਤੇ ਸਿਧਾਂਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1983

ਇਹ ਪੁਸਤਕ ਡਾ. ਤਾਰਨ ਸਿੰਘ ਦੁਆਰਾ ਲਿਖੇ ਗਏ ਵੱਖ-ਵੱਖ ਵਿਸ਼ਿਆਂ 'ਤੇ ਲਿਖੇ ਗਏ ਲੇਖਾਂ ਦਾ ਸੰਗ੍ਰਹਿ ਹੈ ਜਿਸ ਨੂੰ ਪ੍ਰਿੰ. ਸਤਿਬੀਰ ਸਿੰਘ ਨੇ ਸੰਪਾਦਿਤ ਕੀਤਾ ਹੈ। ਇਹ ਪੁਸਤਕ ਡਾ. ਤਾਰਨ ਸਿੰਘ ਦੇ ਦੇਹਾਂਤ ਤੋਂ ਬਾਅਦ ਪ੍ਰਕਾਸ਼ਿਤ ਹੋਈ ਜਿਸ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ।

34. Encyclopaedia of Sikhism ਦੇ ਇੰਦਰਾਜ਼

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ Encyclopaedia of Sikhism ਤਿਆਰ ਕਰਨ ਲਈ ਬਣਾਈ ਗਈ 6 ਮੈਂਬਰੀ ਸਲਾਹਕਾਰ ਕਮੇਟੀ ਵਿਚ ਡਾ. ਤਾਰਨ ਸਿੰਘ ਵੀ ਸ਼ਾਮਲ ਸਨ। ਸਲਾਹਕਾਰ ਵਜੋਂ ਭੂਮਿਕਾ ਨਿਭਾਉਣ ਦੇ ਨਾਲ-ਨਾਲ ਉਨ੍ਹਾਂ ਵੱਲੋਂ ਇਸ ਦੇ ਲਗਭਗ 4000 ਇੰਦਰਾਜ਼ਾਂ ਵਿਚੋਂ 250 ਤੋਂ ਵਧੇਰੇ ਇੰਦਰਾਜ਼ ਇਸ ਕੋਸ਼ ਲਈ ਲਿਖੇ ਗਏ।

35. 'ਨਾਨਕ ਪ੍ਰਕਾਸ਼ ਪੱਤ੍ਰਿਕਾ', (ਛਿਮਾਹੀ ਮਾਸਿਕ ਪੱਤਰ), ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰਬਾਣੀ ਵਿਆਖਿਆ ਅਤੇ ਸਿੱਖ ਚਿੰਤਨ ਦੇ ਉਦੇਸ਼ ਨੂੰ ਮੁੱਖ ਰੱਖਕੇ ਡਾ. ਤਾਰਨ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ, ਉੱਘੇ ਸਿੱਖ ਵਿਦਵਾਨਾਂ ਦੇ ਖੋਜ ਪੱਤਰਾਂ ਦੇ ਸੰਗ੍ਰਹਿਤ ਰੂਪ ਵਜੋਂ 'ਨਾਨਕ ਪ੍ਰਕਾਸ਼ ਪੱਤ੍ਰਿਕਾ' ਨਾਮਕ ਛਿਮਾਹੀ ਮਾਸਕ ਪੱਤਰ ਦੀ ਸ਼ੁਰੂਆਤ ਕੀਤੀ ਗਈ। ਇਸ ਵਿਚ ਡਾ. ਤਾਰਨ ਸਿੰਘ ਦੁਆਰਾ ਲਿਖੇ ਗਏ ਖੋਜ ਭਰਪੂਰ ਲੇਖ ਉਨ੍ਹਾਂ ਦੀਆਂ ਪੁਸਤਕਾਂ ਦਾ ਮੁੱਖ ਆਧਾਰ ਬਣੇ। ਆਪਣੇ ਅੰਤਿਮ ਸਮੇਂ ਤੱਕ ਉਹ ਇਸ ਪੱਤ੍ਰਿਕਾ ਦੀ ਸੰਪਾਦਨਾ ਕਰਦੇ ਰਹੇ। ਇਹ ਪੱਤ੍ਰਿਕਾ ਮੌਜੂਦਾ ਸਮੇਂ ਵਿਚ ਵੀ ਸਫਲਤਾਪੂਰਵਕ ਚਲ ਰਹੀ ਹੈ।

36. 'ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰ ਸਾਗਰ' (ਅਪ੍ਰਕਾਸ਼ਿਤ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਵਾਲੇ ਜਿਗਿਆਸੂਆਂ ਨੂੰ ਸ਼ਬਦਾਂ ਦੇ ਭਾਵ ਅਰਥ ਸਪਸ਼ਟ ਕਰਨ ਲਈ ਡਾ. ਤਾਰਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦਾ ਤੱਤ ਸਾਰ ਲਿਖਿਆ। ਇਸ ਦਾ ਢੰਗ ਸ਼ਬਦਾਰਥ ਵਾਲਾ ਰੱਖਿਆ ਗਿਆ- ਖੱਬੇ ਪੰਨੇ 'ਤੇ ਗੁਰਬਾਣੀ ਅਤੇ ਸੱਜੇ ਪੰਨੇ 'ਤੇ ਸ਼ਬਦ ਦਾ ਭਾਵ ਅਰਥ। ਇਹ ਪ੍ਰੋਜੈਕਟ ਯੂਨੀਵਰਸਿਟੀ ਪਟਿਆਲਾ ਵੱਲੋਂ ਪਾਸ ਹੋ ਕੇ ਯੂਨੀਵਰਸਿਟੀ ਪ੍ਰੈਸ ਵਿਚ ਛਾਪਣਾ ਵੀ ਆਰੰਭ ਹੋ ਗਿਆ ਸੀ ਪ੍ਰੰਤੂ ਡਾ. ਤਾਰਨ ਸਿੰਘ ਦੇ ਚਲਾਣੇ ਤੋਂ ਬਾਅਦ ਇਹ ਪ੍ਰੋਜੈਕਟ ਬੰਦ ਕਰ ਦਿੱਤਾ ਗਿਆ।

37. ਟ੍ਰੈਕਟ

- ਗੁਰੂ ਗੋਬਿੰਦ ਸਿੰਘ ਦਸਵੀਂ ਨਾਨਕ ਜੋਤ
- ਡੇਹਰਾ ਬਾਬਾ ਨਾਨਕ

### 6.9 ਮਾਨ-ਸਨਮਾਨ

- ਗੁਰੂ ਨਾਨਕ: ਚਿੰਤਨ ਤੇ ਕਲਾ ਨੂੰ ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਸਾਲ ਦੀ ਸਟ ਰਚਨਾ ਹੋਣ ਕਾਰਨ ਪੁਰਸਕਾਰ ਸਹਿਤ ਪ੍ਰਮਾਣ ਪੱਤਰ।

ਇਸੇ ਪੁਸਤਕ ਨੂੰ ਭਾਸ਼ਾ ਵਿਭਾਗ, ਪੰਜਾਬ ਵਲੋਂ 1962-63 ਦੀ ਸਰਵੋਤਮ ਰਚਨਾ ਹੋਣ ਕਾਰਨ ਪੁਰਸਕਾਰ ਸਮੇਤ ਪ੍ਰਮਾਣ ਪੱਤਰ।

- ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ ਪੁਸਤਕ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਸਨਮਾਨਿਤ ਕੀਤਾ ਗਿਆ।
- ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਪੁਸਤਕ ਲਈ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਦਿੱਲੀ ਵਲੋਂ ਸਨਮਾਨਿਤ ਕੀਤਾ ਗਿਆ।

## 6.10 ਡਾ. ਤਾਰਨ ਸਿੰਘ ਗੁਰਬਾਣੀ ਦੀ ਵਿਆਖਿਆਕਾਰੀ/ਟੀਕਾਕਾਰੀ ਦੇ ਮੁੱਖ ਪੱਖ

ਡਾ. ਤਾਰਨ ਸਿੰਘ ਦਾ ਗੁਰਬਾਣੀ ਦੀ ਵਿਆਖਿਆਕਾਰੀ/ਟੀਕਾਕਾਰੀ ਵਿਚ ਇਕ ਵਿਸ਼ੇਸ਼ ਨਾਮ ਹੈ ਜਿਨ੍ਹਾਂ ਨੇ ਪ੍ਰੋ. ਸਾਹਿਬ ਸਿੰਘ ਤੋਂ ਬਾਅਦ ਆਧੁਨਿਕ ਢੰਗ ਰਾਹੀਂ ਗੁਰਬਾਣੀ ਦੀ ਵਿਆਖਿਆ ਕੀਤੀ। ਉਨ੍ਹਾਂ ਦੀਆਂ ਗੁਰਬਾਣੀ ਟੀਕਾਕਾਰੀ/ਪੱਤਰਕਾਰੀ ਨਾਲ ਸੰਬੰਧਿਤ ਅਨੇਕਾਂ ਰਚਨਾਵਾਂ ਮੌਜੂਦ ਹਨ। ਉਨ੍ਹਾਂ ਨੇ ਗੁਰਬਾਣੀ ਦੇ ਵਿਸ਼ਲੇਸ਼ਣ ਰਾਹੀਂ ਗੁਰਮਤਿ ਸਾਹਿਤ ਦੇ ਸਿਧਾਂਤਕ, ਧਾਰਮਿਕ ਅਤੇ ਸਾਹਿਤਕ ਪੱਖਾਂ ਨੂੰ ਸੁਚੱਜੇ ਢੰਗ ਨਾਲ ਪ੍ਰਸਤੁਤ ਕੀਤਾ। ਉਨ੍ਹਾਂ ਦੀ ਗੁਰਬਾਣੀ ਵਿਆਖਿਆਕਾਰੀ/ਟੀਕਾਕਾਰੀ ਵਿਚੋਂ ਪ੍ਰਗਟ ਹੋਣ ਵਾਲੇ ਹਨ ਮੁੱਖ ਪੱਖ ਇਸ ਪ੍ਰਕਾਰ ਹਨ–

ਗੁਰਬਾਣੀ ਦੀ ਆਧੁਨਿਕ ਢੰਗ ਰਾਹੀ ਵਿਆਖਿਆ ਜਿਸ ਵਿਚ ਸ਼ਬਦ ਦੇ ਸ਼ਬਦਾਰਥ, ਭਾਵਾਰਥ, ਧਰਮਾਰਥ ਸ਼ਾਸਤ੍ਰਾਰਥ ਇਤਿਹਾਸਾਰਥ ਸਾਹਿਤਾਰਥ ਆਦਿ ਸ਼ਾਮਲ ਹਨ।

- ਗੁਰਬਾਣੀ ਦੀ ਗੁਰਬਾਣੀ ਰਾਹੀਂ ਆਪ–ਮੁਹਾਰੇ ਹੋ ਰਹੀ ਵਿਆਖਿਆ ਦੇ ਵਿਚਾਰ ਨੂੰ ਪੇਸ਼ ਕਰਦੇ ਹੋਏ ਇਸਨੂੰ 'ਸਹਜ ਪ੍ਰਣਾਲੀ' ਦਾ ਨਾਮ ਦਿੱਤਾ ਗਿਆ ਹੈ। ਆਪਣੀ ਵਿਆਖਿਆ ਵਿਚ ਉਨ੍ਹਾਂ ਨੇ ਅਨੇਕਾਂ ਥਾਵਾਂ 'ਤੇ 'ਸਹਜ ਪ੍ਰਣਾਲੀ' ਰਾਹੀਂ ਹੋ ਰਹੀ ਗੁਰਬਾਣੀ ਵਿਆਖਿਆ ਦੀ ਪੁਸ਼ਟੀ ਵੀ ਕੀਤੀ ਹੈ।
- ਸਿੱਖ ਧਰਮ ਦੀਆਂ ਰਹੁ ਰੀਤਾਂ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਘਟਨਾਵਾਂ ਅਤੇ ਵਸਤੂਆਂ ਆਦਿ ਦੀ ਚਿਨ੍ਹਾਤਮਿਕ ਵਿਧੀ ਰਾਹੀ ਵਿਆਖਿਆ।
- ਗੁਰਬਾਣੀ ਦੇ ਟੀਕੇ ਲਈ ਪਹਿਲਾਂ ਮੂਲ–ਪਾਠ, ਫਿਰ ਪਦ ਅਰਥ ਅਤੇ ਇਸ ਤੋਂ ਬਾਅਦ ਬਾਣੀ ਦਾ ਮੁਕੰਮਲ ਟੀਕਾ। ਲੋੜ ਅਨੁਸਾਰ ਗੁਰਬਾਣੀ ਦੇ ਟੀਕੇ ਦੇ ਨਾਲ ਨਾਲ ਸੰਖੇਪ ਵਿਆਖਿਆ ਵੀ ਦਿੱਤੀ ਗਈ ਹੈ।
  ਵਿਆਖਿਆ ਸਮੇਂ ਪੁਸ਼ਟੀ ਲਈ ਗੁਰਬਾਣੀ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਰਚਨਾਵਾਂ ਆਦਿ ਦੇ ਹਵਾਲਿਆਂ ਦੀ ਵਰਤੋਂ ਵੀ ਕੀਤੀ ਗਈ ਹੈ।
- ਗੁਰਬਾਣੀ ਟੀਕਾਕਾਰੀ ਲਈ ਪਦ ਅਰਥ ਵਿਚ ਔਖੇ ਸ਼ਬਦਾਂ ਦੇ ਇਕ ਤੋਂ ਵਧੇਰੇ ਅਰਥ ਦਿੱਤੇ ਗਏ ਹਨ।
- ਗੁਰਬਾਣੀ ਦੇ ਪਦ ਅਰਥ ਦੇ ਅਰਥਾਂ ਦੀ ਪੁਸ਼ਟੀ ਲਈ ਲੋੜ ਅਨੁਸਾਰ ਗੁਰਬਾਣੀ ਦੇ ਹਵਾਲੇ ਵਰਤੇ ਗਏ ਹਨ।
- ਅਰਥਾਂ ਦੀ ਸਪਸ਼ਟਤਾ ਲਈ ਅਨੇਕਾਂ ਥਾਵਾਂ ਤੇ ਬ੍ਰੈਕਟਾਂ ਵਿਚ ਵਾਧੂ ਜਾਣਕਾਰੀ/ਵਿਆਖਿਆ ਦਿੱਤੀ ਗਈ ਹੈ।
- ਗੁਰਬਾਣੀ ਟੀਕਾਕਾਰੀ ਵਿਚ ਕੁਝ ਜ਼ਰੂਰੀ ਥਾਵਾਂ 'ਤੇ ਉਥਾਨਕਾਵਾਂ ਜਾਂ ਵਿਸ਼ੇਸ਼ ਟੂਕਾਂ ਵੀ ਦਿੱਤੀਆਂ ਗਈਆਂ ਹਨ।
- ਗੁਰਬਾਣੀ ਟੀਕੇ ਵਿਚ ਕਿਸੇ ਕਿਸਮ ਦੀ ਅਰਥ ਭਿੰਨਤਾ ਜਾਂ ਵਾਦ ਵਿਵਾਦ ਵਾਲੇ ਮੁੱਦੇ ਨੂੰ ਸ਼ਾਮਲ ਨਹੀਂ ਕੀਤਾ ਗਿਆ।

## 6.11 ਡਾ. ਤਾਰਨ ਸਿੰਘ ਜੀ ਸ਼ਖ਼ਸੀਅਤ

ਡਾ. ਤਾਰਨ ਸਿੰਘ ਗੁਰਮਤਿ ਚਿੰਤਨ ਨੂੰ ਸਮਰਪਿਤ ਇਕ ਨਿਵੇਕਲੀ ਸ਼ਖ਼ਸੀਅਤ ਸਨ ਜਿਨ੍ਹਾਂ ਦਾ ਉਨ੍ਹਾਂ ਦੀਆਂ ਉੱਚ ਪੱਧਰ ਦੀਆਂ ਰਚਨਾਵਾਂ ਅਤੇ ਗੁਰਬਾਣੀ ਦੀ ਵਿਆਖਿਆਕਾਰੀ ਕਾਰਨ ਸਿੱਖ ਅਕਾਦਮਿਕਤਾ ਵਿਚ ਇਕ ਵਿਸ਼ੇਸ਼ ਨਾਮ ਹੈ। ਉਹ ਕੇਵਲ ਇੱਕ ਵਿਦਵਾਨ ਵੀ ਨਹੀਂ ਸਗੋਂ ਇੱਕ ਮਨੁੱਖ ਦੇ ਵਜੋਂ ਵੀ ਅਨੇਕਾਂ ਗੁਣਾਂ ਦੇ ਧਾਰਨੀ ਸਨ। ਉਨ੍ਹਾਂ ਦੀ ਸ਼ਖ਼ਸੀਅਤ ਵਿਚੋਂ ਪ੍ਰਗਟ ਹੋਣ ਵਾਲੇ ਮੁੱਖ ਪੱਖ ਇਸ ਪ੍ਰਕਾਰ ਹਨ–

### 6.11.1 ਸਿੱਖੀ ਸਿਧਾਂਤਾਂ ਨੂੰ ਸਮਰਪਿਤ ਇਕ ਗੁਰਸਿੱਖ ਆਤਮਾ

ਡਾ. ਤਾਰਨ ਸਿੰਘ ਦਾ ਸਮੁੱਚਾ ਜੀਵਨ, ਸਿੱਖੀ ਪਿਆਰ ਨਾਲ ਭਰਪੂਰ ਜੀਵਨ ਦੀ ਇਕ ਅਨੋਖੀ ਮਿਸਾਲ ਸੀ। ਉਹ ਅਸਲ ਅਰਥਾਂ ਸੰਤ ਬਿਰਤੀ ਵਾਲੇ ਖੋਜੀ ਵਿਦਵਾਨ ਸਨ।ਸ਼ਕਲ ਸੂਰਤ ਅਤੇ ਪਹਿਰਾਵੇ ਪੱਖੋਂ ਉਹ ਪੂਰਨ ਅੰਮ੍ਰਿਤਧਾਰੀ ਗੁਰਸਿੱਖ ਸਨ। ਅੰਮ੍ਰਿਤ ਵੇਲੇ ਜਾਗਣਾ, ਪੰਜ ਬਾਣੀਆਂ ਦਾ ਨਿੱਤਨੇਮ ਅਤੇ ਗੁਰਦੁਆਰਾ ਸਾਹਿਬ ਜਾ ਕੇ ਕਥਾ ਵਿਚ ਹਾਜ਼ਰੀ ਭਰਨੀ ਉਨ੍ਹਾਂ ਦੇ ਜੀਵਨ ਦਾ ਅਟੁੱਟ ਹਿੱਸਾ ਰਿਹਾ ਹੈ। ਡਾ. ਤਾਰਨ ਸਿੰਘ ਦੀ ਗੁਰਮਤਿ ਸਿਧਾਂਤਾਂ ਨੂੰ ਸਮਰਪਿਤ ਭਾਵਨਾ ਦਾ ਅੰਦਾਜ਼ਾ ਕਾਨਪੁਰ ਵਿਚ ਵਾਪਰੀ ਘਟਨਾ ਤੋਂ ਲਗਾਇਆ ਜਾ ਸਕਦਾ ਹੈ ਜਦੋਂ ਗੁਰੂ ਨਾਨਕ ਦੇਵ ਜੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਦੇ ਸੰਬੰਧ ਵਿਚ ਉਥੋਂ ਦੀ ਸੰਗਤ ਨੇ ਡਾ. ਸਾਹਿਬ ਨੂੰ ਵਿਖਿਆਨ ਦੇਣ ਲਈ ਬੁਲਾਇਆ।

ਜਦੋਂ ਉਨ੍ਹਾਂ ਨੇ ਪ੍ਰਬੰਧਕਾਂ ਨੂੰ ਕਿਹਾ ਕੇ ਲੈਕਚਰ ਵਾਲੀ ਜਗ੍ਹਾ ’ਤੇ ਅਖੰਡ ਪਾਠ ਸਾਹਿਬ ਚੱਲ ਰਹੇ ਹਨ ਪ੍ਰਬੰਧਕਾਂ ਨੇ ਕਿਹਾ ਕਿ ਪਾਠੀ ਸਿੰਘਾਂ ਨੂੰ ਧੀਮੀ ਆਵਾਜ਼ ਵਿਚ ਪਾਠ ਕਰਨ ਲਈ ਕਹਿ ਦਿੰਦੇ ਹਾਂ। ਡਾ. ਸਾਹਿਬ ਨੇ ਕਿਹਾ ਕਿ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਚੱਲ ਰਿਹਾ ਹੋਵੇ, ਉਥੇ ਮੈਂ ਕੌਣ ਹੁੰਦਾ ਹਾਂ ਕਿ ਭਾਸ਼ਨ ਕਰਾਂ। ਇਹ ਕਹਿ ਕੇ ਉਹ ਬਗੈਰ ਭਾਸ਼ਨ ਕੀਤੇ ਹੀ ਉਥੋਂ ਵਾਪਸ ਪਰਤ ਆਏ।

### 6.11.2 ਉੱਚ ਕੋਟੀ ਦੇ ਵਿਦਵਾਨ ਅਤੇ ਦਾਰਸ਼ਨਿਕ

ਡਾ. ਤਾਰਨ ਸਿੰਘ ਸਿੱਖ ਅਕਾਦਮਿਕਤਾ ਵਿਚ ਸਥਾਪਤ ਹੋਣ ਵਾਲੇ ਉੱਚ ਕੋਟੀ ਦੇ ਵਿਦਵਾਨ ਸਨ। ਉਨ੍ਹਾਂ ਦੁਆਰਾ ਕੀਤੇ ਗਏ ਅਕਾਦਮਿਕ ਕਾਰਜਾਂ ਦੀ ਗਿਣਤੀ ਅਤੇ ਗੁਣਵਤਾ, ਉਨ੍ਹਾਂ ਦੀ ਵਿਦਵਤਾ ਦੇ ਵਿਸ਼ਾਲ ਘੇਰੇ ਨੂੰ ਦਰਸਾਉਂਦੀ ਹੈ। ਆਪਣੀਆਂ ਰਚਨਾਵਾਂ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ, ਗੁਰਬਾਣੀ ਵਿਆਖਿਆਕਾਰੀ ਅਤੇ ਸਿੱਖ ਚਿੰਤਨ ਦੇ ਕਈ ਗੰਭੀਰ ਅਤੇ ਅਹਿਮ ਪਹਿਲੂਆਂ ਨੂੰ ਛੁਹਿਆ। ਉਦਾਹਰਣ ਵਜੋਂ, ਅੰਮ੍ਰਿਤ ਛਕਣ ਅਤੇ ਅੰਮ੍ਰਿਤ ਤਿਆਰ ਕਰਨ ਦੀ ਪ੍ਰਕਿਰਿਆ ਨੂੰ ਉਨ੍ਹਾਂ ਨੇ ਆਪਣੀ ਪੁਸਤਕ ਨੇਮ ਅਤੇ ਪ੍ਰੇਮ ਵਿਚ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਡਾ. ਸਾਹਿਬ ਅਨੁਸਾਰ, ‘ਜਦੋਂ ਇਕ ਸਿੱਖ, ਰੋਜ਼ਾਨਾ ਅੰਮ੍ਰਿਤ ਦੀਆਂ ਬਾਣੀਆਂ ਦਾ ਪਾਠ-ਜਾਪ ਕਰਦਾ ਹੈ ਤਾਂ ਜਾਣੋ ਕਿ ਉਸ ਦੇ ਅੰਦਰ ਉਹੀ ਅੰਮ੍ਰਿਤ ਰੋਜ਼ਾਨਾ ਹੀ ਤਿਆਰ ਹੁੰਦਾ ਹੈ, ਜਿਸ ਨੂੰ ਉਸ ਨੇ ਅੰਮ੍ਰਿਤ ਛਕਣ ਲੱਗਿਆਂ ਪੀਤਾ ਸੀ। ਇਹ ਅੰਮ੍ਰਿਤ ਨਾਮ ਰੂਪੀ ਸ਼ਕਤੀ ਬਣ ਕੇ, ਪਰਉਪਕਾਰ ਦਾ ਸਬੱਬ ਵੀ ਬਣਦਾ ਹੈ।’ ਹਾਜਰ ਜਵਾਬੀ ਉਨ੍ਹਾਂ ਦੀ ਵਿਦਵਤਾ ਦਾ ਇਕ ਵਿਸ਼ੇਸ਼ ਪੱਖ ਸੀ। ਮਿਸਾਲ ਦੇ ਤੌਰ ਤੇ ਇੱਕ ਸੈਮੀਨਾਰ ਵਿਚ ਇੱਕ ਵਿਦਵਾਨ ਨੇ ਸਵਾਲ ਕੀਤਾ ਕਿ ਜੋ ਕੁੱਝ ਉਹ ਗੁਰਬਾਣੀ ਦੇ ਹਵਾਲੇ ਨਾਲ ਕਹਿ ਰਹੇ ਹਨ ਉਹੋ ਜਿਹੇ ਪ੍ਰਗਟਾਵੇ ਦੀਆਂ ਉਦਾਹਰਨਾਂ ਉਹ ਹਿੰਦੂ ਗ੍ਰੰਥਾਂ ਵਿਚੋਂ ਦੇ ਸਕਦਾ ਹੈ। ਇਸ ਦੇ ਜਵਾਬ ਵਿਚ ਡਾ. ਸਾਹਿਬ ਨੇ ਏਨਾ ਹੀ ਕਿਹਾ ਕਿ ਇਸ ਸਭ ਦੇ ਬਾਵਜੂਦ ਸਿੱਖ ਵਰਗੀ ਸ਼ਖ਼ਸੀਅਤ ਪੈਦਾ ਕਿਉਂ ਨਹੀਂ ਹੋ ਸਕੀ।

ਦਾਰਸ਼ਨਿਕ ਪੱਖ ਤੋਂ ਵੀ ਡਾ. ਤਾਰਨ ਸਿੰਘ ਦੀ ਬੁੱਧੀ ਦਾ ਘੇਰਾ ਬਹੁਤ ਵਿਸ਼ਾਲ ਪੱਧਰ ਦਾ ਸੀ। ‘ਗੁਰੂ ਗ੍ਰੰਥ ਸਾਹਿਬ ਅਨੁਸਾਰ ਆਦਰਸ਼ ਮਨੁੱਖ ਦਾ ਸੰਕਲਪ’ ਨਾਮਕ ਪੈਂਫਲਿਟ’ ਵਿਚ ਉਨ੍ਹਾਂ ਨੇ ਸਚਿਆਰ ਮਨੁੱਖ ਦੇ ਸਰੂਪ ਅਤੇ ਸੁਭਾਅ ਨੂੰ ਉਘਾੜਨ ਲਈ 10 ਪ੍ਰਕਾਰ ਦੀਆਂ ਕੀਮਤਾਂ ਅਤੇ 10 ਪ੍ਰਕਾਰ ਦੀਆਂ ਕਦਰਾਂ ਨਿਰਧਾਰਿਤ ਕੀਤੀਆਂ ਹਨ ਜੋ ਇਸ ਪ੍ਰਕਾਰ ਹਨ-

‘ਕੀਮਤਾਂ :

1. ਸਚਿਆਰ 2. ਗਿਆਨ 3. ਧਰਮ 4. ਵਿਵੇਕ 5. ਝਤ 6. ਸਹਜ 7. ਤਿਆਗ 8. ਮਿਲਾਪ 9. ਸਾਰ ਬੁੱਧ ਅਤੇ 10. ਲਿਵ

ਕਦਰਾਂ :

1. ਦਇਆ 2. ਸੰਤੋਖ 3. ਹਉਮੈ ਨਿਵਰਤਿ 4. ਸੇਵਾ 5. ਨਿਰਮੋਹ 6. ਸਰਣ 7. ਨਿਮਰਤਾ 8. ਵਿਸ਼ਵਾਸ 9. ਸੱਚ ਅਤੇ 10. ਪ੍ਰੇਮ’

ਇਸੇ ਪ੍ਰਕਾਰ ਡਾ. ਤਾਰਨ ਸਿੰਘ ਨੇ ‘ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ’ ਵਾਲੇ ਸ਼ਬਦ ਦੀ ਵਿਆਖਿਆ ਵਿਚ ਪੂਰਨ (ਸਚਿਆਰ) ਮਨੁੱਖ ਦਾ ਸਰੂਪ ਬਹੁਤ ਸੁੰਦਰ ਢੰਗ ਨਾਲ ਵਿਅਕਤ ਕੀਤਾ ਹੈ। ਇਸ ਅਵਸਥਾ ਬਾਰੇ ਉਹ ਲਿਖਦੇ ਹਨ- ‘ਘਟਿ ਬ੍ਰਹਮੁ ਨਿਵਾਸਾ’ ਜਾਂ ‘ਲੀਨ ਭਇਓ ਗੋਬਿੰਦ ਸਿਉ’ ਦੀ ਦਸ਼ਾ ਕੈਸੀ ਹੁੰਦੀ ਹੈ? ਇਸ ਦਾ ਉੱਤਰ ਚਾਰ ਹਿੱਸਿਆਂ ਵਿਚ ਦਿੱਤਾ ਹੈ। ਉਸ ਦਸ਼ਾ ਦੇ ਚਾਰ ਭਾਗ ਹਨ: ਸਰੀਰਕ, ਸਮਾਜਿਕ, ਆਰਥਿਕ, ਮਾਨਸਿਕ। ਇਹ ਚਾਰੇ ਹਾਲਤਾਂ ਬਦਲਦੀਆਂ ਰਹਿੰਦੀਆਂ ਹਨ। ਬ੍ਰਹਮ ਗਿਆਨੀ ਬਦਲਦੀਆਂ ਹਾਲਤਾਂ ਵਿਚ ਆਤਮਿਕ ਤੇ ਮਾਨਸਿਕ ਤੌਰ ’ਤੇ ਸਮਾਨ ਰਹਿੰਦਾ ਹੈ, ਅਡੋਲਤਾ ਵਿਚ ਵਿਚਰਦਾ ਹੈ। ਇਹੋ ਹੀ ਪ੍ਰਭੂ ਮਿਲਾਪ ਦਾ ਪ੍ਰਮਾਣ ਹੈ। ਇਹੋ ਪ੍ਰਭੂ ਦਾ ਆਪਣਾ ਸਰੂਪ ਹੈ ਕਿ ਉਹ ਸਦਾ ਸਤਿ, ਚਿਤ ਤੇ ਅਨੰਦ ਰਹਿੰਦਾ ਹੈ।’

### 6.11.3 ਗੁਰਬਾਣੀ ਦੇ ਸੁਚੱਜੇ ਵਿਆਖਿਆਕਾਰ/ਟੀਕਾਕਾਰ

ਗੁਰਬਾਣੀ ਵਿਆਖਿਆਕਾਰੀ ਵਿਚ ਪ੍ਰੋ. ਸਾਹਿਬ ਸਿੰਘ ਤੋਂ ਬਾਅਦ ਡਾ. ਤਾਰਨ ਸਿੰਘ ਵਿਸ਼ੇਸ਼ ਰੂਪ ਵਿਚ ਸਥਾਪਤ ਹੋਏ ਨਾਮ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ ਗੁਰਬਾਣੀ ਦੀ ਆਧੁਨਿਕ ਢੰਗ ਨਾਲ ਵਿਆਖਿਆ ਦੇ ਕਈ ਨਿਯਮ ਸਥਾਪਤ ਕੀਤੇ ਅਤੇ ਗੁਰਬਾਣੀ ਦੀ ਵਿਆਖਿਆ ਸ਼ਬਦਾਰਥ, ਭਾਵਾਰਥ, ਧਰਮਾਰਥ, ਸ਼ਾਸਤ੍ਰਾਰਥ, ਇਤਿਹਾਸਾਰਥ, ਸਾਹਿਤਾਰਥ ਆਦਿ ਪੱਖਾਂ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੀ। ਉਦਾਹਰਣ ਵਜੋਂ, ਉਨ੍ਹਾਂ ਨੇ ਮੂਲ ਮੰਤਰ ਅਤੇ ਜਾਪ ਸਾਹਿਬ ਦੇ ਛਪੈ ਛੰਦ ਦਾ ਏਕੀਕਰਨ ਕਰਕੇ ਇਨ੍ਹਾਂ ਦੀ ਬਹੁਤ ਸੁੰਦਰ ਵਿਆਖਿਆ ਕੀਤੀ ਹੈ। ਜਾਪ ਸਾਹਿਬ ਦੇ ਪਹਿਲੇ ਛੰਦ ਨੂੰ ਉਹ ਮੂਲ ਮੰਤਰ ਦਾ ਹੀ ਸਰੂਪ ਦਰਸਾਉਂਦੇ ਹੋਏ ਇਸ ਦੀ ਵਿਆਖਿਆ ਇਸ ਪ੍ਰਕਾਰ ਕਰਦੇ ਹਨ- 'ਜਾਪ ਸਾਹਿਬ ਦੇ ਦੇ ਪਹਿਲੇ ਛੰਦ ਵਿਚ 'ਅਚਲ ਮੂਰਤਿ', 'ਅਨਭਉ ਪ੍ਰਕਾਸ਼' 'ਕਰਮ ਨਾਮ' ਦੇ ਸਿਧਾਂਤ 'ਮੂਲ ਮੰਤਰ' ਦੇ 'ਅਕਾਲ ਮੂਰਤਿ 'ਨਿਰਭਉ' 'ਸਤਿਨਾਮ' ਦੇ ਸਿਧਾਂਤ ਦਾ ਹੀ ਰੂਪ ਹਨ ਅਤੇ ਛੰਦ ਦਾ ਬਾਕੀ ਹਿੱਸਾ 'ਨਿਰਵੈਰ' 'ਗੁਰ ਪ੍ਰਸਾਦਿ' 'ਕਰਤਾ ਪੁਰਖ' ੴ ਸਤਿਨਾਮੁ ਦੀ ਵਿਆਖਿਆ ਹੈ।' ਗੁਰਬਾਣੀ ਦੀ ਵਿਆਖਿਆ ਸੰਬੰਧੀ ਉਨ੍ਹਾਂ ਨੇ ਗੁਰਬਾਣੀ ਦੀ ਗੁਰਬਾਣੀ ਰਾਹੀ ਹੋਰ ਹੀ ਵਿਆਖਿਆ ਵਾਲੇ ਵਿਚਾਰ ਨੂੰ ਪ੍ਰਗਟ ਕੀਤਾ ਅਤੇ ਇਸ ਨੂੰ 'ਸਹਜ ਪ੍ਰਣਾਲੀ' ਦਾ ਨਾਮ ਦਿੱਤਾ। ਇਸ ਸੰਬੰਧ ਵਿਚ 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ' ਨਾਮਕ ਰਚਨਾ ਗੁਰਬਾਣੀ ਵਿਆਖਿਆਕਾਰੀ ਦੇ ਵਿਭਿੰਨ ਪੱਖਾਂ ਨੂੰ ਪ੍ਰਗਟ ਕਰਨ ਵਾਲੀ ਸਰਵੋਤਮ ਰਚਨਾ ਹੈ ਜੋ ਮੌਜੂਦਾ ਸਮੇਂ ਵਿਚ ਗੁਰਬਾਣੀ ਵਿਆਖਿਆਕਾਰੀ ਦੇ ਖੋਜੀਆਂ ਲਈ ਬਹੁਤ ਲਾਭਕਾਰੀ ਸਿੱਧ ਹੋ ਰਹੀ ਹੈ। ਡਾ. ਤਾਰਨ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਅਨੇਕਾਂ ਬਾਣੀਆਂ ਦੇ ਕੀਤੇ ਗਏ ਟੀਕੇ ਸਿੱਧ ਕਰਦੇ ਹਨ ਕਿ ਉਹ ਇਕ ਵਧੀਆ ਦਰਜੇ ਦੇ ਟੀਕਾਕਾਰ ਵੀ ਸਨ।

### 6.11.4 ਸਾਦਾ ਜੀਵਨ ਜਿਉਣ ਵਾਲੇ ਅਤੇ ਦਿਲਕਸ਼ ਸ਼ਖ਼ਸੀਅਤ ਦੇ ਮਾਲਕ

ਉੱਚ ਪਦਵੀ ਅਤੇ ਅਨੇਕਾਂ ਗੁਣਾਂ ਦੇ ਮਾਲਕ ਹੋਣ ਦੇ ਬਾਵਜੂਦ ਡਾ. ਤਾਰਨ ਸਿੰਘ ਸਾਦਾ ਜੀਵਣ ਜਿਉਣਾ ਪਸੰਦ ਕਰਦੇ ਸਨ। ਉਨ੍ਹਾਂ ਦੀ ਜ਼ਿੰਦਗੀ ਵਿਚ ਕਿਸੇ ਕਿਸਮ ਦਾ ਬਾਹਰੀ ਦਿਖਾਵਾ ਨਹੀਂ ਸੀ। ਉਨ੍ਹਾਂ ਦੀ ਦਸਤਾਰ ਅਤੇ ਪਹਿਰਾਵਾ ਸਾਦੇ ਢੰਗ ਦਾ ਪ੍ਰੰਤੂ ਪ੍ਰਭਾਵ ਪਾਉਣ ਵਾਲਾ ਸੀ। ਉਸ ਸਾਦੀ ਖੁਰਾਕ ਦਾ ਸੇਵਨ ਕਰਦੇ ਸਨ, ਮਸਾਲੇਦਾਰ-ਤਲਿਆ ਭੋਜਨ ਅਤੇ ਚਾਹ ਦੀ ਵਰਤੋਂ ਉਨ੍ਹਾਂ ਦੇ ਜੀਵਨ ਦਾ ਹਿੱਸਾ ਨਹੀਂ ਸੀ। ਖਾਣ ਪੀਣ ਵਿਚ ਪੂਰਨ ਸੰਜਮ-ਸੰਕੋਚ ਅਤੇ ਜੀਭ ਰਸ ਘੱਟ ਸੀ।

ਡਾ. ਤਾਰਨ ਸਿੰਘ ਬਹੁਤ ਹੀ ਦਿਲਕਸ਼ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦਾ ਸਾਬਤ-ਸੂਰਤ ਖਾਲਸਾ ਰੂਪ, ਸਾਫ਼-ਸੁਥਰਾ ਪਹਿਰਾਵਾ ਅਤੇ ਉਨ੍ਹਾਂ ਦੀ ਵੱਖਰੇ ਢੰਗ ਵਾਲੀ ਦਸਤਾਰ ਉਨ੍ਹਾਂ ਦੀ ਸ਼ਖਸੀਅਤ ਨੂੰ ਇੱਕ ਨਿਵੇਕਲਾ ਰੂਪ ਪ੍ਰਦਾਨ ਕਰਦੇ ਸਨ। ਅੱਖਾਂ ਦੀ ਅਨੋਖੀ ਚਮਕ ਅਤੇ ਚਿਹਰੇ ਦੀ ਗੰਭੀਰਤਾ, ਉਨ੍ਹਾਂ ਦੇ ਗੁਰਮੁਖ ਵਿਦਵਾਨ ਹੋਣ ਨੂੰ ਸਿੱਧ ਕਰਦੇ ਸਨ। ਬਹੁਤ ਘੱਟ ਬੋਲਦੇ ਸਨ ਪਰ ਉਨ੍ਹਾਂ ਦਾ ਬੋਲਿਆ ਹੋਇਆ ਬਹੁਤ ਪ੍ਰਭਾਵਸ਼ਾਲੀ ਹੁੰਦਾ ਸੀ। ਡਾ. ਤਾਰਨ ਸਿੰਘ ਨੂੰ ਮਿਲਣ ਵਾਲਾ ਉਨ੍ਹਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ।

### 6.11.5 ਸਮੇਂ ਦੇ ਪਾਬੰਦ ਅਤੇ ਅਨੁਸ਼ਾਸਨ ਦੇ ਧਾਰਨੀ

ਅਨੁਸ਼ਾਸਨ ਦੇ ਧਾਰਨੀ ਅਤੇ ਸਮੇਂ ਦੇ ਪਾਬੰਦ ਹੋਣਾ ਡਾ. ਤਾਰਨ ਸਿੰਘ ਦੀ ਸ਼ਖਸੀਅਤ ਦਾ ਇਕ ਵਿਸ਼ੇਸ਼ ਗੁਣ ਸੀ। ਉਹ ਹਰ ਕੰਮ ਨੂੰ ਅਨੁਸ਼ਾਸ਼ਨ ਵਿਚ ਰਹਿ ਕੇ ਨਿਸਚਿਤ ਸਮੇਂ ਅਨੁਸਾਰ ਹੀ ਕਰਦੇ ਸਨ। ਅੰਮ੍ਰਿਤ ਵੇਲੇ ਜਾਗਣ ਤੋਂ ਲੈ ਕੇ ਰਾਤ ਨੂੰ ਸੌਣ ਦੇ ਸਮੇਂ ਤੱਕ ਉਨ੍ਹਾਂ ਦਾ ਹਰ ਕੰਮ, ਸਮੇਂ ਦੀ ਪਾਬੰਦੀ ਦੇ ਅਨੁਸਾਰ ਵੰਡਿਆ ਹੋਇਆ ਸੀ। ਉਨ੍ਹਾਂ ਦਾ ਸਵੇਰੇ ਵਿਭਾਗ ਵਿਚ ਡਿਊਟੀ ਜਾਣ ਦਾ ਸਮਾਂ ਅਤੇ ਸ਼ਾਮ ਨੂੰ ਸੈਰ ਕਰਨ ਦਾ ਸਮਾਂ ਇੰਨਾ ਜ਼ਿਆਦਾ ਦਰੁਸਤ ਸੀ ਕਿ ਉਸ ਦੇ ਨਾਲ ਘੜੀ ਦਾ ਸਮਾਂ ਵੀ ਮਿਲਾਇਆ ਜਾ ਸਕਦਾ ਸੀ। ਆਪਣੀਆਂ ਪੁਸਤਕਾਂ, ਕਮਰੇ ਅਤੇ ਹੋਰ ਜ਼ਰੂਰਤ ਵਾਲੀਆਂ ਵਸਤੂਆਂ ਨੂੰ ਉਹ ਸਾਫ਼ ਸੁਥਰਾ ਰੱਖਦੇ ਸਨ। ਉਹ ਆਪਣੇ ਵਿਹਲ ਦੇ ਸਮੇਂ ਵਿਚ ਬਾਕੀ ਕਰਮਚਾਰੀਆਂ ਅਤੇ ਪ੍ਰੋਫੈਸਰਾਂ ਵਾਂਗ ਚਾਹ ਪੀਣ ਅਤੇ ਗੱਲਾਂ ਮਾਰਨ ਦੀ ਥਾਂ ਅਧਿਐਨ ਦਾ ਕਾਰਜ ਕਰਦੇ ਰਹਿੰਦੇ। ਪੜ੍ਹਨ ਲਿਖਣ ਦਾ ਕਾਰਜ ਉਨ੍ਹਾਂ ਦੀ ਜ਼ਿੰਦਗੀ ਦਾ ਇਕ ਅਹਿਮ ਅੰਗ ਸੀ ਜੋ ਨਿਰੰਤਰ ਚਲਦਾ ਰਹਿੰਦਾ। ਸਮੇਂ ਦੀ ਪਾਬੰਦੀ ਅਤੇ ਅਨੁਸ਼ਾਸਨ ਸੰਬੰਧੀ ਉਨ੍ਹਾਂ ਦੇ ਜੀਵਨ ਵਿੱਚੋਂ ਇਕ ਵਿਸ਼ੇਸ਼ ਘਟਨਾ ਪ੍ਰਾਪਤ ਹੁੰਦੀ ਹੈ। 'ਵਿਭਾਗ ਦੇ ਸੈਮੀਨਾਰ ਅਯੋਜਿਤ ਕਰਨ ਦਾ ਦਿਨ ਸੀ। ਸੈਮੀਨਾਰ

ਦਾ ਉਦਘਾਟਨ ਵਾਈਸ-ਚਾਂਸਲਰ ਨੇ ਕਰਨਾ ਸੀ। ਹਮੇਸ਼ਾਂ ਦੀ ਤਰ੍ਹਾਂ ਡਾ. ਸਾਹਿਬ ਸਮੇਂ ਸਿਰ ਸੈਨੇਟ ਹਾਲ ਵਿਚ ਪਹੁੰਚ ਗਏ। ਥੋੜੇ ਸਰੋਤੇ ਵੀ ਪੁਜ ਗਏ। ਜਦੋਂ ਸੈਮੀਨਾਰ ਦੇ ਅਰੰਭ ਦਾ ਸਮਾਂ ਹੋ ਗਿਆ ਤਾਂ ਡਾ. ਸਾਹਿਬ ਨੇ ਬਗੈਰ ਵਾਈਸ ਚਾਂਸਲਰ ਨੂੰ ਉਡੀਕਿਆਂ ਸੈਮੀਨਾਰ ਸ਼ੁਰੂ ਕਰ ਦਿੱਤਾ। ਪਿਛੋਂ ਚਲਦੇ ਸੈਮੀਨਾਰ ਵਿਚ ਵਾਈਸ-ਚਾਂਸਲਰ ਆ ਕੇ ਬੈਠ ਗਏ। ਨਾ ਸੈਮੀਨਾਰ ਰੁਕਿਆ ਅਤੇ ਨਾ ਹੀ ਉਨ੍ਹਾਂ ਦੀ ਆਮਦ ਸਮੇਂ ਕੋਈ ਸਤਿਕਾਰ ਵਜੋਂ ਖੜਾ ਹੋਇਆ।' ਇਹ ਉਨ੍ਹਾਂ ਦੀ ਅਨੁਸ਼ਾਸਨ ਪਸੰਦ ਅਤੇ ਵਿਵਸਥਿਤ ਜ਼ਿੰਦਗੀ ਜਿਉਣ ਦਾ ਨਤੀਜਾ ਹੀ ਸੀ ਕਿ ਉਹ ਸੀਮਿਤ ਸਮੇਂ ਵਿਚ ਵੀ ਸਿੱਖ ਜਗਤ ਨੂੰ ਮਿਆਰੀ ਰਚਨਾਵਾਂ ਭੇਟਾ ਕਰ ਗਏ।

### 6.11.6 ਇਮਾਨਦਾਰ, ਅਸੂਲਾਂ ਦੇ ਪੱਕੇ ਅਤੇ ਦ੍ਰਿੜ੍ਹ ਇਰਾਦਿਆਂ ਦੇ ਮਾਲਕ

ਡਾ. ਤਾਰਨ ਸਿੰਘ ਦੀ ਸ਼ਖਸ਼ੀਅਤ ਦਾ ਇਹ ਵੀ ਇਕ ਵਿਸ਼ੇਸ਼ ਗੁਣ ਸੀ ਕਿ ਉਹ ਦ੍ਰਿੜ੍ਹ ਇਰਾਦਿਆਂ ਦੇ ਮਾਲਕ ਸਨ। ਉਹ ਬਹੁਤ ਸੋਚ ਸਮਝ ਕੇ ਕੋਈ ਫੈਸਲਾ ਕਰਦੇ ਅਤੇ ਇਕ ਵਾਰ ਕੀਤੇ ਫੈਸਲੇ ਉਪਰ ਉਹ ਦ੍ਰਿੜ੍ਹਤਾ ਨਾਲ ਡਟੇ ਰਹਿੰਦੇ। ਉਨ੍ਹਾਂ ਦੇ ਦ੍ਰਿੜ ਇਰਾਦਿਆਂ ਅਤੇ ਹੌਂਸਲੇ ਦੀ ਮਿਸਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਦੁਆਰਾ ਸਾਹਿਬ ਜੀ ਉਸਾਰੀ ਵੇਲੇ ਪ੍ਰਾਪਤ ਹੁੰਦੀ ਹੈ। 1980 ਈ. ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਸੰਗਤਾਂ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਯੂਨੀਵਰਸਿਟੀ ਕੈਂਪਸ ਵਿਚ ਗੁਰਦੁਆਰਾ ਸਾਹਿਬ ਦੀ ਉਸਾਰੀ ਆਰੰਭ ਕੀਤੀ ਗਈ ਜਿਸ ਦੀ ਜ਼ੰਮਿਵਾਰੀ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਡਾ. ਤਾਰਨ ਸਿੰਘ ਨੂੰ ਸੌਂਪੀ ਗਈ ਸੀ। ਗੁਰਦੁਆਰਾ ਸਾਹਿਬ ਦੀ ਇਸ ਉਸਾਰੀ ਨੂੰ ਅੰਗਰੇਜ਼ੀ ਅਖ਼ਬਾਰ  ਨੇ ਫਿਰਕੂ ਰੰਗਤ ਦੇਣੀ ਸ਼ੁਰੂ ਕਰ ਦਿੱਤੀ ਜਿਸ ਕਾਰਨ ਤਤਕਾਲੀ ਸਮੇਂ ਦੀ ਕਾਂਗਰਸ ਸਰਕਾਰ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਦੇ ਪੱਖ ਵਿਚ ਨਹੀਂ ਸੀ। ਇਸ ਸੰਬੰਧ ਵਿਚ ਚੰਡੀਗੜ੍ਹ ਵਿਚ ਰੱਖੀ ਮੀਟਿੰਗ ਦੌਰਾਨ ਉੱਚ ਸਿੱਖਿਆ ਮੰਤਰੀ ਅਜਨਾਲਾ ਨੇ ਸ਼ਾਂਤੀ ਵਿਵਸਥਾ ਦਾ ਹਵਾਲਾ ਦੇ ਕੇ ਡਾ. ਤਾਰਨ ਸਿੰਘ ਨੂੰ ਆਪਣਾ ਫੈਸਲਾ ਬਦਲਣ ਲਈ ਕਿਹਾ ਪ੍ਰੰਤੂ ਡਾ. ਤਾਰਨ ਸਿੰਘ ਨੇ ਦ੍ਰਿੜ੍ਹਤਾ ਸਹਿਤ ਕਿਹਾ ਕਿ ਇਹ ਸੰਗਤ ਦਾ ਫ਼ੈਸਲਾ ਹੈ ਜੋ ਕਦੀ ਵੀ ਬਦਲਿਆ ਨਹੀਂ ਜਾ ਸਕਦਾ। ਸ਼ਾਂਤੀ ਵਿਵਸਥਾ ਕਾਇਮ ਰੱਖਣ ਦੀ ਜ਼ੰਮਿਵਾਰੀ ਸਰਕਾਰ ਦੀ ਹੈ, ਉਨ੍ਹਾਂ (ਡਾ. ਤਾਰਨ ਸਿੰਘ ਜਾਂ ਯੂਨੀਵਰਸਿਟੀ) ਦੀ ਨਹੀਂ। ਇਸ ਪ੍ਰਕਾਰ ਡਾ. ਤਾਰਨ ਸਿੰਘ ਜੀ ਦ੍ਰਿੜ੍ਹ ਹੌਸਲੇ ਸਦਕਾ ਗੁਰਦੁਆਰਾ ਸਾਹਿਬ ਦੀ ਇਮਾਰਤ ਹੋਂਦ ਵਿਚ ਆਈ।

ਡਾ. ਤਾਰਨ ਸਿੰਘ ਜੀ ਅਸੂਲਪ੍ਰਸਤੀ ਸੰਬੰਧੀ ਉਨ੍ਹਾਂ ਦੇ ਪੁੱਤਰ ਦਲਜੀਤ ਸਿੰਘ ਦੀ ਮਹਿੰਦਰਾ ਕਾਲਜ, ਪਟਿਆਲਾ ਵਿਚ ਪ੍ਰੀ ਮੈਡੀਕਲ ਦੀ ਪੜ੍ਹਾਈ ਨਾਲ ਸੰਬੰਧਿਤ ਇਕ ਘਟਨਾ ਪ੍ਰਾਪਤ ਹੁੰਦੀ ਹੈ ਜੋ ਮੈਡੀਕਲ ਦੀ ਪੜ੍ਹਾਈ ਦੇ ਦਾਖ਼ਲੇ ਲਈ ਲੋੜੀਂਦੀ ਹੁੰਦੀ ਹੈ। ਕੁਝ ਲੋਕਾਂ ਨੇ ਡਾ. ਤਾਰਨ ਸਿੰਘ ਨੂੰ ਉਨ੍ਹਾਂ ਦੇ ਪੁੱਤਰ ਦਲਜੀਤ ਸਿੰਘ ਦੇ ਪ੍ਰੈਕਟੀਕਲ ਦੇ ਵੱਧ ਨੰਬਰਾਂ ਲਈ ਕਾਲਜ ਪ੍ਰੋਫੈਸਰਾਂ ਨੂੰ ਸਿਫਾਰਸ਼ ਕਰਨ ਲਈ ਕਿਹਾ ਤਾਂ ਡਾ. ਸਾਹਿਬ ਨੇ ਜਵਾਬ ਦਿੱਤਾ- 'ਕੀ ਸਿਰਫ ਡਾ. ਹੀ ਰੋਟੀ ਖਾਂਦੇ ਹਨ, ਕੋਈ ਹੋਰ ਰੋਟੀ ਨਹੀਂ ਖਾਂਦਾ? ਜੇ ਦਲਜੀਤ ਆਪਣੀ ਲਿਆਕਤ ਸਦਕਾ ਦਾਖਲਾ ਨਹੀਂ ਲੈ ਸਕਦਾ ਤਾਂ ਕੋਈ ਹੋਰ ਕੰਮ ਕਰੇਗਾ।'

ਡਾ. ਤਾਰਨ ਸਿੰਘ ਦੀ ਇਮਾਨਦਾਰੀ ਸੰਬੰਧੀ ਉਨ੍ਹਾਂ ਦੇ ਪੁੱਤਰ ਦਲਜੀਤ ਸਿੰਘ ਲਿਖਦੇ ਹਨ ਕਿ ਉਨ੍ਹਾਂ ਨੂੰ ਉਸ ਵਕਤ 50 ਰੁਪਏ ਵੀ ਕਿਤੋਂ ਕਮਾਈ ਹੋਈ ਤਾਂ ਉਹ ਵੀ ਉਨ੍ਹਾਂ ਨੇ ਆਪਣੀ ਇਨਕਮ ਟੈਕਸ ਰਿਟਰਨ ਵਿਚ ਦਿਖਾਈ। ਇਹ ਜਾਣਕਾਰੀ ਉਨ੍ਹਾਂ ਦੇ ਸੰਸਾਰ ਵਿੱਚੋਂ ਚਲੇ ਜਾਣ ਤੋਂ ਬਾਅਦ ਅਖੀਰਲੀ ਇਨਕਮ ਟੈਕਸ ਰਿਟਰਨ ਫਾਈਲ ਕਰਨ ਦੌਰਾਨ ਪ੍ਰਾਪਤ ਹੋਈ।

## 6.12 ਸਾਰ

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਡਾ. ਤਾਰਨ ਸਿੰਘ ਸਿੱਖੀ ਨੂੰ ਸਮਰਪਿਤ ਇਕ ਉੱਚ ਕੋਟੀ ਦੇ ਵਿਦਵਾਨ ਸਨ ਜਿਨ੍ਹਾਂ ਨੇ ਆਪਣੀਆਂ ਬੌਧਿਕਤਾ ਭਰਪੂਰ ਲਿਖਤਾਂ ਰਾਹੀਂ ਸਿੱਖ ਅਕਾਦਮਿਕਤਾ ਦੀ ਮਹਾਨ ਸੇਵਾ ਕੀਤੀ। ਗੁਰਮਤਿ ਅਸੂਲਾਂ ਨਾਲ ਪ੍ਰਪੱਕ ਉਨ੍ਹਾਂ ਦਾ ਜੀਵਨ, ਸਿੱਖੀ ਜੀਵਨ ਜਾਚ ਦੀ ਇੱਕ ਸੁਚੱਜੀ ਮਿਸਾਲ ਹੈ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਸਿੱਖ ਦਰਸ਼ਨ ਨੂੰ ਇਕ ਪ੍ਰਭਾਵਸ਼ਾਲੀ ਢੰਗ ਨਾਲ, ਗੁਰਬਾਣੀ ਦੇ ਸਿਧਾਂਤਾਂ ਅਨੁਸਾਰੀ ਰਹਿ ਕੇ ਅਭਿਵਿਅਕਤ ਕੀਤਾ ਹੈ ਜਿਸ ਨਾਲ ਸਿੱਖ ਅਕਾਦਮਿਕਤਾ, ਚਿੰਤਨ ਦੇ ਇਕ ਅਹਿਮ ਪੜਾਅ ਵੱਲ ਅਗਰਸਰ ਹੁੰਦੀ ਹੈ।

## 6.13 ਪੜ੍ਹਨਯੋਗ ਪੁਸਤਕਾਂ

●ਸਿੱਖ ਪੰਥ ਵਿਸ਼ਵਕੋਸ਼, (ਡਾ. ਤਾਰਨ ਸਿੰਘ ਨਾਲ ਸੰਬੰਧਿਤ ਇੰਦਰਾਜ਼), ਭਾਗ ਦੂਜਾ, ਡਾ. ਰਤਨ ਸਿੰਘ ਜੱਗੀ (ਸੰਪਾ.), ਗੁਰ ਰਤਨ ਪਬਲਿਸ਼ਰਜ਼, ਪਟਿਆਲਾ।

●ਗੁਰਦੀਪ ਸਿੰਘ ਭੰਡਾਰੀ, ਡਾਕਟਰ ਤਾਰਨ ਸਿੰਘ- ਇਕ ਪਰਿਚਯ: ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ।

●ਡਾ. ਤਾਰਨ ਸਿੰਘ ਸਿਮਰਤੀ ਗ੍ਰੰਥ, ਡਾ. ਮਲਕਿੰਦਰ ਕੌਰ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

●Dr. Harjinder Singh Dilgeer, *The Sikh Reference Book*. Edmonton (Canada).